ਪੰਜਾਬੀਆਂ ਦੇ ਹੱਕ ਦੀ ਆਵਾਜ਼

# ਰੋਜ਼ਾਨਾ ਸਵੇਰਾ

Monthly

ਸੋਮਵਾਰ, 30 ਜਨਵਰੀ 2023 ਅੰਕ-9 ਨਾਨਕਸ਼ਾਹੀ ਸੰਮਤ : 554 (ਪੰਨੇ : 8) ਮੁੱਲ: ₹5.00 RNI.T-Code.PUNPUN04267

www.epaper.rozanasavera.com ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ www.rozanasavera.com

## 10 ਮਹੀਨੇ 'ਚ 26 ਹਜ਼ਾਰ ਤੋਂ ਵੱਧ ਨੌਕਰੀਆਂ ਦਿੱਤੀਆਂ ਜੋ ਪਿਛਲੀਆਂ ਸਰਕਾਰਾਂ ਨਹੀਂ ਦੇ ਸਕੀਆਂ : ਭਗਵੰਤ ਮਾਨ

➢ ਲੋਕ ਨਿਰਮਾਣ ਵਿਭਾਗ ਦੇ 188 ਨਵ-ਨਿਯੁਕਤ ਜੂਨੀਅਰ ਇੰਜੀਨੀਅਰਸ ਨੂੰ ਦਿੱਤੇ ਨਿਯੁਕਤੀ ਪੱਤਰ ➢ ਆਮ ਆਦਮੀ ਕਲੀਨਿਕ ਦਾ ਵਿਰੋਧ ਕਰਨ ਵਾਲਿਆਂ ਨੂੰ ਦਿੱਤਾ ਠੋਕਵਾਂ ਜਵਾਬ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਸੂਬੇ ਨੇ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ ਉਤੇ 26074 ਯੋਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ।

ਇੱਥੇ ਮਿਉਂਸਿਪਲ ਭਵਨ ਵਿਖੇ ਲੋਕ ਨਿਰਮਾਣ ਵਿਭਾਗ ਦੇ 188 ਜੂਨੀਅਰ ਇੰਜਨੀਅਰਾਂ ਨੂੰ ਨਿਯੁਕਤੀ ਪੱਤਰ ਵੰਡਣ ਲਈ ਕਰਵਾਏ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਇਕ ਨਵੀਂ ਕ੍ਰਾਂਤੀ ਦਾ ਗਵਾਹ ਬਣ ਰਿਹਾ ਹੈ, ਜਿੱਥੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਰਾਹੀਂ ਆਰਥਿਕ ਪੱਖੋਂ ਮਜ਼ਬੂਤ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ 10 ਮਹੀਨਿਆਂ ਦੇ ਕਾਰਜਕਾਲ ਦੌਰਾਨ 26074 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਹੋਰ ਨੌਕਰੀਆਂ ਦੇਣ ਦੀ ਕਾਰਵਾਈ ਵੀ ਚੱਲ ਰਹੀ ਹੈ ਅਤੇ ਇਹ ਪ੍ਰਕਿਰਿਆ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗੀ।



ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਨੌਕਰੀਆਂ ਉਤੇ ਭਰਤੀ ਲਈ ਸਿਰਫ਼ ਤੇ ਸਿਰਫ਼ ਮੈਰਿਟ ਹੀ ਇਕੋ-ਇਕ ਆਧਾਰ ਹੈ। ਉਨ੍ਹਾਂ ਕਿਹਾ ਕਿ ਇਸ ਭਰਤੀ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਪਾਰਦਰਸ਼ੀ ਪਹੁੰਚ ਯਕੀਨੀ ਬਣਾਈ ਜਾ ਰਹੀ ਹੈ ਤਾਂ ਕਿ ਹੋਣਹਾਰ ਨੌਜਵਾਨ ਸੂਬਾ ਸਰਕਾਰ ਨਾਲ ਜੁੜਨ। ਭਗਵੰਤ ਮਾਨ ਨੇ ਆਸ ਪ੍ਰਗਟਾਈ ਕਿ ਇਸ ਨਾਲ ਨੌਜਵਾਨਾਂ ਦੀ ਅਥਾਹ ਤਾਕਤ ਨੂੰ ਉਸਾਰੂ ਪਾਸੇ ਲਾਉਣ ਵਿੱਚ ਮਦਦ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਕਾਰਜਕਾਲ ਦੇ ਦਸ ਮਹੀਨਿਆਂ ਦੌਰਾਨ ਸੂਬਾ ਸਰਕਾਰ ਨੇ ਕਈ ਮਿਸਾਲੀ ਫੈਸਲੇ ਲਏ ਹਨ, ਜਦੋਂ ਕਿ ਦੂਜੀ ਪਾਰਟੀਆਂ ਚੋਣਾਂ ਦੀਆਂ ਤਿਆਰੀਆਂ ਦੌਰਾਨ ਲੋਕਾਂ ਨਾਲ ਵਾਅਦੇ ਕਰਦੀਆਂ ਸਨ ਪਰ ਉਨ੍ਹਾਂ ਨੇ ਵਾਅਦੇ ਨਹੀਂ, ਲੋਕਾਂ ਨੂੰ ਗਰੰਟੀਆਂ ਦਿੱਤੀਆਂ। ਭਗਵੰਤ ਮਾਨ ਨੇ ਕਿਹਾ ਕਿ ਇਕ-ਇਕ ਕਰਕੇ ਸਾਰੀਆਂ ਗਰੰਟੀਆਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲੀ ਜੁਲਾਈ ਤੋਂ ਹਰੇਕ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਗਰੰਟੀ ਪੂਰੀ ਕੀਤੀ ਅਤੇ ਇਹ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਨਵੰਬਰ-ਦਸੰਬਰ 2022 ਮਹੀਨਿਆਂ ਵਿੱਚ ਸੂਬੇ ਦੇ 87 ਫੀਸਦੀ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ। ਭਗਵੰਤ ਮਾਨ ਨੇ ਕਿਹਾ ਕਿ ਉਹ ਇਕ ਆਮ ਪਰਿਵਾਰ ਨਾਲ ਸਬੰਧਤ ਹਨ ਅਤੇ ਆਮ ਆਦਮੀ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਭਲੀ-ਭਾਂਤ ਜਾਣਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਕ ਹੋਰ ਗਰੰਟੀ ਪੂਰੀ ਕਰਦਿਆਂ ਪੰਜਾਬ ਭਰ ਵਿੱਚ 500 ਆਮ ਆਦਮੀ ਕਲੀਨਿਕ ਖੋਲ੍ਹ ਦਿੱਤੇ ਹਨ, ਜਿੱਥੇ ਆਉਣ ਵਾਲੇ ਹਰੇਕ ਮਰੀਜ਼ ਦਾ ਆਨਲਾਈਨ ਡੇਟਾ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਘਾਤਕ ਬਿਮਾਰੀਆਂ ਨਾਲ ਸਿੱਝਣ ਲਈ ਰਣਨੀਤੀ ਘੜਨ ਵਿੱਚ ਇਹ ਡੇਟਾ ਕਾਫ਼ੀ ਮਦਦਗਾਰ ਸਾਬਤ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਵਾਸੀਆਂ ਦੇ ਇਲਾਜ ਤੇ ਰੋਗਾਂ ਦੀ ਪਛਾਣ ਵਿੱਚ ਇਹ ਪ੍ਰਭਾਵਸ਼ਾਲੀ ਸਾਬਤ ਹੋਵੇਗਾ। ਵਿਰੋਧੀ ਪਾਰਟੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਸ਼ਰਮਨਾਕ ਗੱਲ ਹੈ ਕਿ ਵਿਰੋਧੀ ਪਾਰਟੀਆਂ ਦੇ ਆਗੂ ਲੋਕ-ਪੱਖੀ ਫੈਸਲਿਆਂ ਦੀ ਵੀ ਆਲੋਚਨਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿਰਫ ਵਿਰੋਧ ਲਈ ਹੀ ਵਿਰੋਧ ਕਰਨਾ ਪੂਰੀ ਤਰ੍ਹਾਂ ਬੇਲੋੜਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਆਗੂ ਸੂਬੇ ਦੀ ਤਰੱਕੀ ਦੇ ਖ਼ੁਸ਼ਹਾਲੀ ਤੋਂ ਸੜਦੇ ਹਨ, ਜਿਸ ਕਾਰਨ ਇਨ੍ਹਾਂ ਪਹਿਲਕਦਮੀਆਂ ਦਾ ਵਿਰੋਧ ਕਰ ਰਹੇ ਹਨ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਕੋਈ ਵੀ ਵਿਰੋਧ ਉਨ੍ਹਾਂ ਨੂੰ ਸੂਬੇ ਦੀ ਤਰੱਕੀ ਲਈ ਕੰਮ ਕਰਨ ਤੋਂ ਰੋਕ ਨਹੀਂ ਸਕੇਗਾ ਅਤੇ ਉਹ ਲੋਕਾਂ ਦੀ ਭਲਾਈ ਲਈ ਸਖ਼ਤ ਮਿਹਨਤ ਜਾਰੀ ਰੱਖਣਗੇ।

## ਭਾਰਤ ਜੋੜੋ ਯਾਤਰਾ ਦੀ ਸਮਾਪਤੀ ਸਮਾਰੋਹ 'ਚ ਰਾਹੁਲ ਬੋਲੇ- J&K 'ਚ ਮੈਨੂੰ ਗ੍ਰਨੇਡ ਨਹੀਂ, ਦਿਲ ਖੋਲ੍ਹ ਕੇ ਪਿਆਰ ਮਿਲਿਆ




**ਸ੍ਰੀਨਗਰ,**
**-ਰੋਜ਼ਾਨਾ ਸਵੇਰਾ-**

ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਦਾ ਸਮਾਪਨ ਸੋਮਵਾਰ ਨੂੰ ਪਾਰਟੀ ਦੇ ਪ੍ਰਦੇਸ਼ ਹੈੱਡਕੁਆਰਟਰ ਵਿਚ ਤਿਰੰਗਾ ਲਹਿਰਾਉਣ ਅਤੇ ਫਿਰ ਸ਼ੇਰ-ਏ-ਕਸ਼ਮੀਰ ਸਟੇਡੀਅਮ ਵਿਚ ਰੈਲੀ ਨਾਲ ਹੋਇਆ । ਪੂਰੀ ਕਾਂਗਰਸ ਅਗਵਾਈ ਤੋਂ ਇਲਾਵਾ ਵਿਰੋਧੀ ਧਿਰ ਦੇ ਕਈ ਨੇਤਾ ਇਸ 'ਚ ਸ਼ਾਮਲ ਹੋਏ। ਸ਼੍ਰੀਨਗਰ ਵਿਚ ਭਾਰੀ ਬਰਫ਼ਬਾਰੀ ਦਰਮਿਆਨ ਸਮਾਪਤੀ ਪ੍ਰੋਗਰਾਮ ਵਿਚ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੰਮੂ-ਕਸ਼ਮੀਰ 'ਚ ਪ੍ਰਸ਼ਾਸਨ ਨੇ ਕਿਹਾ ਕਿ ਜੇਕਰ ਤੁਸੀਂ ਪੈਦਲ ਚਲੋਗੇ ਤਾਂ ਤੁਹਾਡੇ 'ਤੇ ਗ੍ਰਨੇਡ ਸੁੱਟਿਆ ਜਾਵੇਗਾ। ਮੈਂ ਸੋਚਿਆ ਕਿਉਂ ਨਾ ਮੇਰੇ ਨਾਲ ਨਫ਼ਰਤ ਕਰਨ ਵਾਲਿਆਂ ਨੂੰ ਇਕ ਮੌਕਾ ਦੇਵਾਂ, ਤਾਂ ਕਿ ਮੇਰੀ ਸਫੇਦ ਟੀ-ਸ਼ਰਟ ਦਾ ਰੰਗ ਲਾਲ ਕਰ ਸਕੇ ਪਰ ਜੰਮੂ-ਕਸ਼ਮੀਰ ਵਿਚ ਮੈਨੂੰ ਗ੍ਰਨੇਡ ਨਹੀਂ, ਦਿਲ ਖੋਲ੍ਹ ਕੇ ਪਿਆਰ ਮਿਲਿਆ।

ਰਾਹੁਲ ਨੇ ਅੱਗੇ ਕਿਹਾ ਕਿ ਕਾਲਜ ਦੇ ਦਿਨਾਂ ਵਿਚ ਫੁੱਟਬਾਲ ਖੇਡਦੇ ਸਮੇਂ ਮੇਰੇ ਗੋਡੇ 'ਤੇ ਲੱਗੀ ਸੱਟ 'ਭਾਰਤ ਜੋੜੋ' ਯਾਤਰਾ ਦੇ ਚੱਲਦੇ ਸਮੇਂ ਫਿਰ ਉੱਭਰ ਆਈ। ਦਰਦ ਵੱਧ ਗਿਆ, ਯਾਤਰਾ ਮੁਸ਼ਕਲ ਲੱਗਣ ਲੱਗੀ। ਮੈਂ ਸੋਚਿਆ ਕਿ ਮੈਨੂੰ 6-7 ਘੰਟੇ ਹੋਰ ਚੱਲਣਾ ਹੈ ਅਤੇ ਇਹ ਮੁਸ਼ਕਲ ਹੋਵੇਗਾ। ਇਸ ਦੌਰਾਨ ਇਕ ਛੋਟੀ ਜਿਹੀ ਬੱਚੀ ਮੇਰੇ ਕੋਲ ਆਈ ਅਤੇ ਬੋਲੀ ਨੇ ਉਸ ਨੇ ਮੇਰੇ ਲਈ ਕੁਝ ਲਿਖਿਆ ਹੈ। ਉਸ ਨੇ ਲਿਖਿਆ ਕਿ ਮੈਨੂੰ ਦਿੱਸ ਰਿਹਾ ਹਾਂ ਕਿ ਤੁਹਾਡੇ ਗੋਡੇ 'ਚ ਦਰਦ ਹੋ ਰਹੀ ਹੈ ਕਿਉਂਕਿ ਜਦੋਂ ਤੁਸੀਂ ਉਸ ਪੈਰ 'ਤੇ ਦਬਾਅ ਪਾਉਂਦੇ ਹੋ, ਤਾਂ ਤੁਹਾਡੇ ਚਿਹਰੇ 'ਤੇ ਦਿੱਸਦਾ ਹੈ। ਮੈਂ ਤੁਹਾਡੇ ਨਾਲ ਨਹੀਂ ਚੱਲ ਸਕਦੀ ਪਰ ਮੈਂ ਦਿਲ ਨਾਲ ਤੁਹਾਡੇ ਨਾਲ ਚੱਲ ਰਹੀ ਹਾਂ ਕਿਉਂਕਿ ਤੁਸੀਂ ਮੇਰੇ ਭਵਿੱਖ ਲਈ ਚੱਲ ਰਹੇ ਹੋ। ਠੀਕ ਉਸੇ ਪਲ ਮੇਰਾ ਦਰਦ ਗਾਇਬ ਹੋ ਗਿਆ।

ਰਾਹੁਲ ਗਾਂਧੀ ਨੇ ਅੱਗੇ ਕਿਹਾ ਕਿ ਜਦੋਂ ਮੈਂ ਕੰਨਿਆਕੁਮਾਰੀ ਤੋਂ ਅੱਗੇ ਵਧ ਰਿਹਾ ਸੀ ਤਾਂ ਮੈਨੂੰ ਠੰਡ ਮਹਿਸੂਸ ਹੋ ਰਹੀ ਸੀ। ਮੈਂ ਕੁਝ ਬੱਚਿਆਂ ਨੂੰ ਦੇਖਿਆ, ਉਹ ਗਰੀਬ ਸਨ। ਉਹ ਠੰਡ ਮਹਿਸੂਸ ਕਰ ਰਹੇ ਸਨ, ਉਹ ਕੰਮ ਕਰ ਰਹੇ ਸਨ ਅਤੇ ਉਹ ਕੰਬ ਰਹੇ ਸਨ।

## ਹਿੰਡਨਬਰਗ ਦਾ ਅਡਾਨੀ ਸਮੂਹ ਨੂੰ ਮੋੜਵਾਂ ਜੁਆਬ: ਧੋਖਾਧੜੀ ਨੂੰ ਰਾਸ਼ਟਰਵਾਦ ਨਾਲ ਢੱਕਿਆ ਨਹੀਂ ਜਾ ਸਕਦਾ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਅਡਾਨੀ ਗਰੁੱਪ ਨੇ ਹਿੰਡਨਬਰਗ ਰਿਸਰਚ ਦੇ ਦੋਸ਼ਾਂ ਦੇ ਜਵਾਬ 'ਚ ਜਾਰੀ 413 ਪੰਨਿਆਂ ਦਾ ਸਪੱਸ਼ਟੀਕਰਨ ਦਿੱਤਾ ਹੈ। ਇਸ 'ਤੇ ਹਿੰਡਨਬਰਗ ਰਿਸਰਚ ਨੇ ਅੱਜ ਕਿਹਾ ਕਿ ਉਹ ਮੰਨਦਾ ਹੈ ਕਿ ਭਾਰਤ ਵੱਡਾ ਲੋਕਤੰਤਰ ਅਤੇ ਉੱਭਰਦੀ ਮਹਾਂਸ਼ਕਤੀ ਹੈ। ਅਡਾਨੀ ਸਮੂਹ ਭਾਰਤ ਦੇ ਭਵਿੱਖ ਨੂੰ ਯੋਜਨਾਬੱਧ ਢੰਗ ਨਾਲ ਲੁੱਟ ਕੇ ਰੋਕ ਰਿਹਾ ਹੈ।

ਹਿੰਡਨਬਰਗ ਨੇ ਅਡਾਨੀ ਸਮੂਹ ਦੇ ਇਸ ਦੋਸ਼ ਨੂੰ ਰੱਦ ਕਰ ਦਿੱਤਾ ਹੈ ਕਿ ਉਸ ਦੀ ਰਿਪੋਰਟ ਭਾਰਤ 'ਤੇ ਹਮਲਾ ਸੀ। ਹਿੰਡਨਬਰਗ ਨੇ ਕਿਹਾ ਕਿ ਧੋਖਾਧੜੀ ਨੂੰ ਰਾਸ਼ਟਰਵਾਦ ਜਾਂ ਵਧਾਅ ਚੜ੍ਹਾਅ ਕੇ ਪ੍ਰਤੀਕਰਮ ਰਾਹੀਂ ਢਕਿਆ ਨਹੀਂ ਜਾ ਸਕਦਾ ਹੈ।

## ਕੇਂਦਰੀ ਮੰਤਰੀ ਤੋਮਰ ਅਤੇ ਪਾਰਸ ਨੇ ਜੀ20 ਅੰਤਰਰਾਸ਼ਟਰੀ ਵਿੱਤੀ ਢਾਂਚੇ ਦੇ ਕਾਰਜ ਸਮੂਹ ਦੀ ਬੈਠਕ ਦਾ ਕੀਤਾ ਉਦਘਾਟਨ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਭਾਰਤ ਦੀ ਪ੍ਰਧਾਨਗੀ ਹੇਠ ਜੀ20 ਦੇ ਪਹਿਲੇ ਅੰਤਰਰਾਸ਼ਟਰੀ ਵਿੱਤੀ ਢਾਂਚੇ ਦੇ ਕਾਰਜ ਸਮੂਹ ਦੀ ਦੋ ਦਿਨਾਂ ਬੈਠਕ ਦਾ ਉਦਘਾਟਨ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਨਰੇਂਦਰ ਸਿੰਘ ਤੋਮਰ ਅਤੇ ਫੂਡ ਪ੍ਰੋਸੈੱਸਿੰਗ ਉਦਯੋਗ ਮੰਤਰੀ ਸ਼੍ਰੀ ਪਸ਼ੂਪਤੀ ਕੁਮਾਰ ਪਾਰਸ ਨੇ ਚੰਡੀਗੜ੍ਹ ਵਿੱਚ ਕੀਤਾ।

ਇਸ ਮੌਕੇ ਸ਼੍ਰੀ ਤੋਮਰ ਨੇ ਕਿਹਾ ਕਿ ਭਾਰਤ ਵਿਗਿਆਨ ਅਤੇ ਨਵੀਨਤਾ ਦੇ ਕਾਰਨ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ, ਇਹ ਦੋਵੇਂ ਭਾਰਤ ਦੇ ਭਵਿੱਖ ਨਾਲ ਨਜ਼ਦੀਕ ਤੋਂ ਜੁੜੇ ਹੋਏ ਹਨ। ਅਸੀਂ ਡਿਜੀਟਲ ਜਨਤਕ ਬੁਨਿਆਦੀ ਢਾਂਚਾ ਬਣਾਉਣ ਲਈ ਟੈਕਨੋਲੋਜੀ ਦਾ ਲਾਭ ਉਠਾਇਆ ਹੈ।

## ਬੀ.ਬੀ.ਸੀ. ਸੀਰੀਜ਼ ਸੰਬੰਧੀ ਜਨਹਿੱਤ ਪਟੀਸ਼ਨਾਂ 'ਤੇ ਅਗਲੇ ਹਫ਼ਤੇ ਸੁਣਵਾਈ ਕਰੇਗਾ ਸੁਪਰੀਮ ਕੋਰਟ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਸੁਪਰੀਮ ਕੋਰਟ 2002 ਦੇ ਗੁਜਰਾਤ ਦੰਗਿਆਂ 'ਤੇ ਆਧਾਰਤ ਬੀਬੀਸੀ ਦੀ ਇਕ ਸੀਰੀਜ਼ 'ਤੇ ਪਾਬੰਦੀ ਲਗਾਉਣ ਦੀਆਂ ਕੇਂਦਰ ਸਰਕਾਰ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਅਗਲੇ ਹਫ਼ਤੇ ਸੋਮਵਾਰ ਨੂੰ ਸੁਣਵਾਈ ਕਰੇਗਾ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ, ਜੱਜ ਪੀ.ਐੱਸ. ਨਰਸਿਮਹਾ ਅਤੇ ਜੱਜ ਜੇਬੀ ਪਦਰੀਵਾਲਾ ਦੀ ਬੈਂਚ ਦੇ ਵਕੀਲ ਐੱਮ.ਐੱਲ. ਸ਼ਰਮਾ ਅਤੇ ਸੀਨੀਅਰ ਵਕੀਲ ਸੀ.ਯੂ. ਸਿੰਘ ਦੀਆਂ ਦਲੀਲਾਂ 'ਤੇ ਗੌਰ ਕੀਤਾ। ਦੋਹਾਂ ਵਕੀਲਾਂ ਨੇ ਇਸ ਮੁੱਦੇ 'ਤੇ ਆਪਣੀਆਂ ਵੱਖ-ਵੱਖ ਜਨਹਿੱਤ ਪਟੀਸ਼ਨਾਂ 'ਤੇ ਤੁਰੰਤ ਸੁਣਵਾਈ ਦੀ ਅਪੀਲ ਕੀਤੀ ਸੀ। ਸੁਣਵਾਈ ਦੀ ਸ਼ੁਰੂਆਤ 'ਚ ਸ਼ਰਮਾ ਨੇ ਪਟੀਸ਼ਨ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਸ 'ਤੇ ਸੀਜੇਆਈ ਨੇ ਕਿਹਾ,"ਇਸ 'ਤੇ ਸੋਮਵਾਰ ਨੂੰ ਸੁਣਵਾਈ ਕੀਤੀ ਜਾਵੇਗੀ।'' ਸ਼ਰਮਾ ਨੇ ਕਿਹਾ,"ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਕ੍ਰਿਪਾ ਇਸ ਨੂੰ ਤੁਰੰਤ ਸੁਣਵਾਈ ਲਈ ਸੂਚੀਬੱਧ ਕਰੋ।'' ਬੈਂਚ ਨੇ ਕਿਹਾ,"ਤੁਸੀਂ ਕਿਤੋਂ ਵੀ ਸੋਸ਼ਲ ਮੀਡੀਆ 'ਤੇ ਗੱਲ ਰੱਖ ਸਕਦੇ ਹੋ। ਇਸ 'ਤੇ ਅੱਜ ਸੁਣਵਾਈ ਕੀਤੀ ਗਈ।''

## ਹਰਜੋਤ ਸਿੰਘ ਬੈਂਸ ਵੱਲੋਂ ਭਾਰਤੀ ਕ੍ਰਿਕਟ ਟੀਮ ਅੰਡਰ-19 ਦੀ ਖਿਡਾਰਨ ਮੰਨਤ ਕਸ਼ਅਪ ਦੇ ਮਾਪਿਆਂ ਨਾਲ ਮੁਲਾਕਾਤ



ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਕ੍ਰਿਕਟ ਵਿਸ਼ਵ ਕੱਪ ਅੰਡਰ-19 ਦੀ ਜੇਤੂ ਭਾਰਤੀ ਟੀਮ ਦੀ ਮੈਂਬਰ ਪਟਿਆਲਾ ਦੀ ਮੰਨਤ ਕਸ਼ਅਪ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੀ ਉਨ੍ਹਾਂ ਦੇ ਨਾਲ ਨਜ਼ਰ ਆ ਰਹੇ ਹਨ। ਫ਼ੋਟੋ : ਰੋਜ਼ਾਨਾ ਸਵੇਰਾ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਈ.ਸੀ.ਸੀ. ਵਰਲਡ ਕੱਪ 2023 ਟੂਰਨਾਮੈਂਟ ਦੀ ਜੇਤੂ ਭਾਰਤੀ ਕੁੜੀਆਂ ਦੀ ਅੰਡਰ-19 ਕ੍ਰਿਕਟ ਟੀਮ ਦੀ ਮੈਂਬਰ ਪਟਿਆਲਾ ਵਾਸੀ ਖਿਡਾਰਨ ਮੰਨਤ ਕਸ਼ਅਪ ਦੇ ਮਾਪਿਆਂ ਨਾਲ ਮੁਲਾਕਤ ਕਰਕੇ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪਟਿਆਲਾ ਦੀ ਬੇਟੀ ਮੰਨਤ ਕਸ਼ਅਪ ਦੀ ਇਸ ਪ੍ਰਾਪਤੀ ਨੇ ਜਿੱਥੇ ਮੰਨਤ ਦੇ ਮਾਪਿਆਂ ਦਾ ਸਿਰ ਉਚਾ ਕੀਤਾ ਹੈ, ਉਥੇ ਹੀ ਇਹ ਪਟਿਆਲਾ ਸਮੇਤ ਪੰਜਾਬ ਤੇ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ।

ਇੱਥੇ ਭਾਸ਼ਾ ਵਿਭਾਗ ਵਿਖੇ ਮੰਨਤ ਕਸ਼ਅਪ ਦੇ ਪਿਤਾ ਸੰਜੀਵ ਕਸ਼ਅਪ ਤੇ ਮਾਤਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਜਿੱਥੇ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖਿਡਾਰੀਆਂ ਨੂੰ ਹੱਲਾਸ਼ੇਰੀ ਦੇ ਰਹੀ ਹੈ, ਉਥੇ ਹੀ ਖੇਡ ਸੱਭਿਆਚਾਰ ਨੂੰ ਵੀ ਪ੍ਰਫੁਲਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੰਨਤ ਕਸ਼ਅਪ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

ਜਿਕਰਯੋਗ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਿਊ ਪਾਵਰ ਹਾਊਸ ਕਲੋਨੀ ਦੀ ਬਾਰਵੀਂ ਜਮਾਤ ਦੀ ਵਿਦਿਆਰਥਣ ਮੰਨਤ ਕਸ਼ਅਪ ਆਈ.ਸੀ.ਸੀ. ਵਰਲਡ ਕੱਪ ਜੇਤੂ ਭਾਰਤੀ ਕ੍ਰਿਕਟ ਟੀਮ ਦੀ ਮੈਂਬਰ ਹੈ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਮੰਨਤ ਕਸ਼ਅਪ ਨਾਲ ਮੁਲਾਕਾਤ ਕਰਕੇ ਕਿਹਾ ਕਿ ਉਸਨੇ ਜਿੱਥੇ ਦੇਸ਼ ਦੀ ਟੀਮ 'ਚ ਖੇਡ ਕੇ ਆਪਣੀ ਮਿਹਨਤ ਦਾ ਲੋਹਾ ਮਨਵਾਇਆ ਹੈ, ਉਥੇ ਹੀ ਉਹ ਸਾਡੇ ਪਟਿਆਲਾ ਜ਼ਿਲ੍ਹੇ ਲਈ ਵੀ ਬੇਟੀ ਬਚਾਓ ਅਤੇ ਬੇਟੀ ਪੜ੍ਹਾਓ ਮੁਹਿੰਮ ਦੀ ਵੀ ਉਹ ਰੋਲ ਮਾਡਲ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਵਿੰਦਰ ਖੋਸਲਾ ਤੇ ਹੋਰ ਵੀ ਮੌਜੂਦ ਸਨ।

## ਪਾਕਿਸਤਾਨ ਵਿਖੇ ਮਸਜ਼ਿਦ 'ਚ ਧਮਾਕਾ 28 ਲੋਕਾਂ ਦੀ ਮੌਤ ਤੇ ਘੱਟੋ-ਘੱਟ 150 ਲੋਕ ਜ਼ਖ਼ਮੀ



**ਇਸਲਾਮਾਬਾਦ,**
**-ਰੋਜ਼ਾਨਾ ਸਵੇਰਾ-**

ਪਾਕਿਸਤਾਨ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਇੱਥੇ ਪੇਸ਼ਾਵਰ ਵਿੱਚ ਪੁਲਸ ਲਾਈਨ ਮਸਜਿਦ ਵਿੱਚ ਜ਼ੋਰਦਾਰ ਧਮਾਕਾ ਹੋਇਆ। ਸਮਾਚਾਰ ਏਜੰਸੀ ਏ.ਐੱਨ.ਆਈ. ਨੇ ਪਾਕਿਸਤਾਨੀ ਮੀਡੀਆ ਜਿਓ ਨਿਊਜ਼ ਦੇ ਹਵਾਲੇ ਨਾਲ ਇਸ ਖ਼ਬਰ ਦੀ ਪੁਸ਼ਟੀ ਕੀਤੀ ਹੈ।

ਇਕ ਆਤਮਘਾਤੀ ਹਮਲਾਵਰ ਨੇ ਜ਼ੁਹਰ ਦੀ ਨਮਾਜ਼ ਤੋਂ ਬਾਅਦ ਖ਼ੁਦ ਨੂੰ ਉਡਾ ਲਿਆ, ਜਿਸ ਵਿਚ ਘੱਟੋ-ਘੱਟ 28 ਲੋਕਾਂ ਦੇ ਮਾਰੇ ਜਾਣ ਅਤੇ 150 ਹੋਰਾਂ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਹੈ।ਇਕ ਸਮਾਚਾਰ ਏਜੰਸੀ ਰਾਇਟਰਜ਼ ਨੇ ਵੀ ਪੁਲਸ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਬਹੁਤ ਸਾਰੇ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ, ਜਦੋਂ ਕਿ ਹਸਪਤਾਲ ਦੇ ਬੁਲਾਰੇ ਨੇ ਰਾਇਟਰਜ਼ ਨੂੰ ਦੱਸਿਆ ਕਿ ਧਮਾਕੇ ਵਿੱਚ ਲਗਭਗ 90 ਲੋਕ ਜ਼ਖ਼ਮੀ ਹੋਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ 'ਚੋਂ ਕੁਝ ਦੀ ਹਾਲਤ ਗੰਭੀਰ ਹੈ। ਪਾਕਿਸਤਾਨ ਅਖ਼ਬਾਰ ਡਾਨ ਮੁਤਾਬਕ ਮਸਜਿਦ ਵਿਚ ਧਮਾਕਾ ਸੋਮਵਾਰ ਦੁਪਹਿਰ ਨੂੰ ਹੋਇਆ।ਇਸ ਦੌਰਾਨ ਇਕ ਪੁਲਸ ਅਧਿਕਾਰੀ ਸਿਕੰਦਰ ਖਾਨ ਨੇ ਦੱਸਿਆ ਕਿ ਧਮਾਕਾ ਇੰਨਾ ਜ਼ੋਰਦਾਰ ਸੀ ਕਿ ਇਮਾਰਤ ਦਾ ਇਕ ਹਿੱਸਾ ਢਹਿ ਗਿਆ ਅਤੇ ਇਸ ਦੇ ਹੇਠਾਂ ਕਈ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ।

ਲੇਡੀ ਰੀਡਿੰਗ ਹਸਪਤਾਲ ਦੇ ਬੁਲਾਰੇ ਮੁਹੰਮਦ ਅਸੀਮ ਮੁਤਾਬਕ ਜ਼ਖਮੀਆਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਡਾਨ ਨੇ ਅਸੀਮ ਦੇ ਹਵਾਲੇ ਨਾਲ ਕਿਹਾ ਕਿ ਖੇਤਰ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ ਅਤੇ ਇੱਥੇ ਸਿਰਫ਼ ਐਂਬੂਲੈਂਸਾਂ ਹੀ ਦਾਖ਼ਲ ਹੋ ਸਕਦੀਆਂ ਹਨ।

ਟੀਵੀ ਰਿਪੋਰਟਾਂ ਮੁਤਾਬਕ ਧਮਾਕਾ ਕਰੀਬ 1:40 ਵਜੇ ਉਸ ਸਮੇਂ ਹੋਇਆ ਜਦੋਂ ਜ਼ੁਹਰ ਦੀ ਨਮਾਜ਼ ਅਦਾ ਕੀਤੀ ਜਾ ਰਹੀ ਸੀ। ਇਸੇ ਤਰ੍ਹਾਂ ਦੀ ਘਟਨਾ ਪਿਛਲੇ ਸਾਲ ਪੇਸ਼ਾਵਰ ਵਿੱਚ ਵਾਪਰੀ ਸੀ ਜਦੋਂ ਕੋਚਾ ਰਿਸਾਲਦਾਰ ਖੇਤਰ ਵਿੱਚ ਇੱਕ ਸ਼ੀਆ ਮਸਜਿਦ 'ਤੇ ਹੋਏ ਆਤਮਘਾਤੀ ਹਮਲੇ ਵਿੱਚ 56 ਲੋਕਾਂ ਦੀ ਮੌਤ ਹੋ ਗਈ ਸੀ।

## ਆਸਟਰੇਲੀਆ 'ਚ ਖ਼ਾਲਿਸਤਾਨ ਤੇ ਭਾਰਤ ਦੇ ਸਮਰਥਕਾਂ ਵਿਚਾਲੇ ਝੜਪ, ਦੋ ਗ੍ਰਿਫ਼ਤਾਰ



**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਪਾਬੰਦੀਸ਼ੁਦਾ ਸਿੱਖਸ ਫਾਰ ਜਸਟਿਸ ਵੱਲੋਂ ਸੁਤੰਤਰ ਸਿੱਖ ਰਾਜ ਦੀ ਸਿਰਜਣਾ ਲਈ ਰਾਇਸ਼ੁਮਾਰੀ ਦੇ ਸੱਦੇ ਦੌਰਾਨ ਆਸਟਰੇਲੀਆ ਵਿੱਚ ਭਾਰਤੀ ਪਰਵਾਸੀ ਅਤੇ ਖਾਲਿਸਤਾਨ ਸਮਰਥਕਾਂ ਵਿਚਾਲੇ ਝੜਪ ਹੋ ਗਈ। ਐਤਵਾਰ ਨੂੰ ਭਾਰਤ ਪੱਖੀ ਸਮਰਥਕਾਂ ਦਾ ਸਮੂਹ ਰਾਸ਼ਟਰੀ ਝੰਡੇ ਲਹਿਰਾਉਂਦੇ ਹੋਏ ਫੈਡਰੇਸ਼ਨ ਸਕੁਏਅਰ, ਮੈਲਬਰਨ ਵਿੱਚ ਵੋਟਿੰਗ ਸਥਾਨ 'ਤੇ ਪਹੁੰਚਿਆ। ਵਿਕਟੋਰੀਆ ਪੁਲੀਸ, ਜਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਮਿਰਚ ਸਪਰੇਅ ਦੀ ਵਰਤੋਂ ਕੀਤੀ, ਨੇ ਕਿਹਾ ਕਿ 34 ਅਤੇ 39 ਸਾਲ ਦੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਜੁਰਮਾਨੇ ਦਾ ਨੋਟਿਸ ਜਾਰੀ ਕੀਤਾ ਗਿਆ। ਵੀਡੀਓਜ਼ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਭਾਜਪਾ ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਟਵੀਟ ਕੀਤਾ,'ਮੈਂ ਆਸਟਰੇਲੀਆ ਵਿੱਚ ਖਾਲਿਸਤਾਨੀ ਪੱਖੀ ਭਾਰਤ ਵਿਰੋਧੀ ਗਤੀਵਿਧੀਆਂ ਦੀ ਸਖ਼ਤ ਨਿੰਦਾ ਕਰਦਾ ਹਾਂ। ਸਮਾਜ ਵਿਰੋਧੀ ਅਨਸਰ ਜੋ ਇਨ੍ਹਾਂ ਗਤੀਵਿਧੀਆਂ ਨਾਲ ਦੇਸ਼ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ।'

## ਕਰ ਵਿਭਾਗ ਵੱਲੋਂ 48 ਕਰੋੜ ਰੁਪਏ ਦੀ ਕਰ ਚੋਰੀ ਦੇ ਮਾਮਲੇ ਵਿੱਚ 4 ਗ੍ਰਿਫਤਾਰ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਕਰ ਚੋਰੀ ਦੇ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਆਪਨਾਉਣ ਨੂੰ ਯਕੀਨੀ ਬਣਾਉਣ ਲਈ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਕਰ ਵਿਭਾਗ, ਪੰਜਾਬ ਦੇ ਜੀਐਸਟੀ ਵਿੰਗ ਨੇ ਕਰ ਚੋਰੀ ਕਰਨ ਵਾਲਿਆਂ ਵਿਰੁੱਧ ਵੱਡੀ ਕਾਰਵਾਈ ਕਰਦਿਆਂ 4 ਵਿਅਕਤੀਆਂ ਨੂੰ 48 ਕਰੋੜ ਰੁਪਏ ਦੀ ਜੀਐਸਟੀ ਧੋਖਾਧੜੀ ਦੇ ਮਾਮਲੇ ਵਿੱਚ ਜਲੰਧਰ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਵਿਅਕਤੀ ਕਥਿਤ ਤੌਰ 'ਤੇ ਲੋਹੇ ਦੇ ਸਕਰੈਪ ਨਾਲ ਸਬੰਧਤ ਫਰਜ਼ੀ ਫਰਮਾਂ ਚਲਾ ਰਹੇ ਸਨ ਅਤੇ ਇੰਨ੍ਹਾ ਅਸਲ ਮਾਲ ਦੀ ਸਪਲਾਈ ਤੋਂ ਬਿਨਾਂ ਹੀ ਸਿਰਫ ਇਨਵਾਇਸ ਜਾਰੀ ਕਰਕੇ ਧੋਖੇ ਨਾਲ ਇਨਪੁਟ ਟੈਕਸ ਕ੍ਰੈਡਿਟ ਇਨਪੁਟ ਟੈਕਸ ਕ੍ਰੈਡਿਟ (ਆਈ.ਟੀ.ਸੀ) ਦਾ ਦਾਅਵਾ ਕਰਨ ਲਈ ਜੀ.ਐਸ.ਟੀ ਰਜਿਸਟ੍ਰੇਸ਼ਨਾਂ ਪ੍ਰਾਪਤ ਕੀਤੀਆਂ ਹੋਈਆਂ ਸਨ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਕਰ ਵਿਭਾਗ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪੰਕਜ ਕੁਮਾਰ ਉਰਫ਼ ਪੰਕਜ ਆਨੰਦ ਨੂੰ ਕਥਿਤ ਤੌਰ 'ਤੇ ਮੈਸਰਜ਼ ਪੀਕੇ ਟਰੇਡਿੰਗ ਕੰਪਨੀ, ਮੈਸਰਜ਼ ਗਗਨ ਟਰੇਡਿੰਗ ਕੰਪਨੀ, ਮੈਸਰਜ਼ ਕ੍ਰਿਸ਼ ਟਰੇਡਿੰਗ ਕੰਪਨੀ, ਮੈਸਰਜ਼ ਬਾਲਾਜੀ ਟਰੇਡਿੰਗ ਕੰਪਨੀ, ਮੈਸਰਜ਼ ਕ੍ਰਿਸ਼ ਇੰਟਰਪ੍ਰਾਈਜਿਜ਼ ਅਤੇ ਮੈਸਰਜ਼ ਪੰਕਜ ਸਕ੍ਰੈਪ ਕੰਪਨੀ, ਰਵਿੰਦਰ ਸਿੰਘ ਨੂੰ ਮੈਸਰਜ਼ ਗੁਰੂ ਹਰਿਰਾਇ ਟਰੇਡਿੰਗ ਕੰਪਨੀ, ਗੁਰਵਿੰਦਰ ਸਿੰਘ ਨੂੰ ਮੈਸਰਜ਼ ਸ਼ਿਵ ਸ਼ਕਤੀ ਇੰਟਰਪ੍ਰਾਈਜ਼ਜ਼, ਅਤੇ ਅੰਮ੍ਰਿਤਪਾਲ ਸਿੰਘ ਨੂੰ ਕਥਿਤ ਤੌਰ 'ਤੇ ਮੈਸਰਜ਼ ਨੌਰਥ ਵੇਗ ਚਲਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ, ਜਿਸ ਉਪਰੰਤ ਇੰਨ੍ਹਾਂ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਚਾਰੋਂ ਮੁਲਜ਼ਮ ਜਲੰਧਰ ਦੇ ਰਹਿਣ ਵਾਲੇ ਹਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਅਧਿਕਾਰੀਆਂ ਵੱਲੋਂ ਮੈਸਰਜ਼ ਪੀ.ਵੀ. ਇੰਟੀਰੀਅਰ ਡੇਕੋਰ, ਜਲੰਧਰ ਬਾਰੇ ਮੁਢਲੀ ਜਾਂਚ ਕੀਤੀ ਗਈ ਸੀ, ਜਿਸ ਤੋਂ ਜਾਂਚ ਨੂੰ ਅੱਗੇ ਵਧਾਉਂਦਿਆਂ ਮੈਸਰਜ਼ ਦਸਮੇਸ਼ ਟਰੇਡਿੰਗ ਕੰਪਨੀ, ਜਲੰਧਰ, ਮੈਸਰਜ਼ ਗੁਰ ਹਰਿਰਾਇ ਟਰੇਡਿੰਗ ਕੰਪਨੀ, ਜਲੰਧਰ, ਕ੍ਰਿਸ਼ ਟਰੇਡਿੰਗ ਕੰਪਨੀ, ਜਲੰਧਰ, ਮੈਸਰਜ਼ ਸ਼ਿਵ ਸ਼ਕਤੀ ਐਂਟਰਪ੍ਰਾਈਜ਼, ਜਲੰਧਰ, ਮੈਸਰਜ਼ ਬਾਲਾਜੀ ਟਰੇਡਿੰਗ ਕੰਪਨੀ, ਮੈਸਰਜ਼ ਪੰਕਜ ਸਕ੍ਰੈਪ ਕੰਪਨੀ, ਜਲੰਧਰ, ਗਗਨ ਟ੍ਰੇਡਿੰਗ ਕੰਪਨੀ ਅਤੇ ਮੈਸਰਜ਼ ਨਾਰਥ ਵੇਗ ਕੰਪਨੀ, ਜਲੰਧਰ ਦੀ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਫਰਮਾਂ ਜਾਅਲੀ ਗੈਰ-ਕਾਰਜਸ਼ੀਲ ਫਰਮਾਂ ਦੇ ਗਠਜੋੜ ਵਿੱਚ ਸ਼ਾਮਲ ਸਨ।

## ਪੀ.ਡੀ.ਏ. ਨੇ ਅਣ-ਅਧਿਕਾਰਤ ਕਲੋਨੀਆਂ 'ਤੇ ਕੀਤੀ ਕਾਰਵਾਈ

ਨਿਊਜ਼ਲਾਈਨ ਐਕਸਪ੍ਰੈਸ ਅਖਬਾਰ ਦੀਆਂ ਖ਼ਬਰਾਂ ਨੂੰ ਪੈਣ ਲੱਗਿਆ ਬੂਰ

**ਪਟਿਆਲਾ,**
**-ਅਮਰਜੀਤ ਸਿੰਘ ਲਾਂਬਾ-**
**-ਰੋਜ਼ਾਨਾ ਸਵੇਰਾ-**

ਭੋਲੇ ਭਾਲੇ ਲੋਕਾਂ ਨੂੰ ਅਣ ਅਧਿਕਾਰਤ ਕਲੋਨੀਆਂ ਬਣਾਉਣ ਵਾਲੇ ਕਾਲੋਨਾਈਜ਼ਰਾਂ ਕੋਲ ਆਪਣੇ ਜੀਵਨ ਭਰ ਦੀ ਕਮਾਈ ਪੂੰਜੀ ਤੇ ਮਿਹਨਤ ਕਰਕੇ ਕਮਾਏ ਪੈਸੇ ਨੂੰ ਫਸਾਉਣ ਤੋਂ ਬਚਾਉਣ ਲਈ ਨਿਊਜ਼ਲਾਈਨ ਐਕਸਪ੍ਰੈਸ ਅਖਬਾਰ ਵੱਲੋਂ ਵਿੱਢੀ ਗਈ ਮੁਹਿੰਮ ਨੂੰ ਕਾਫੀ ਲੰਮੇ ਸਮੇਂ ਬਾਅਦ ਉਸ ਵੇਲੇ ਬੂਰ ਪਿਆ ਦਿੱਸਣ ਲੱਗਿਆ ਹੈ, ਜਦੋਂ ਪਟਿਆਲਾ ਡਿਵੈਲਪਮੈਂਟ ਅਥਾਰਿਟੀ (ਪੀ.ਡੀ.ਏ.), ਪਟਿਆਲਾ ਵੱਲੋਂ ਬੀਤੇ ਦਿਨ ਵੱਡੀ ਗਿਣਤੀ ਨਜਾਇਜ ਤੇ ਅਣਅਧਿਕਾਰਤ ਕਲੋਨੀਆਂ ਵਿਚੋਂ 4 ਕਲੋਨੀਆਂ ਢਾਉਣੀਆਂ ਸ਼ੁਰੂ ਕੀਤੀਆਂ।

ਜ਼ਿਲ੍ਹਾ ਨਗਰ ਯੋਜਨਾਕਾਰ (ਰੈਗੂਲੇਟਰੀ), ਪੀ.ਡੀ.ਏ,. ਪਟਿਆਲਾ ਦੀ ਅਗਵਾਈ ਵਿੱਚ ਪਿੰਡ ਝਿੱਲ, ਪਟਿਆਲਾ ਵਿਖੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਦੀ ਉਲੰਘਣਾ ਕਰਕੇ ਵਿਕਸਿਤ ਕੀਤੀਆਂ ਗਈਆਂ 4 ਅਣ-ਅਧਿਕਾਰਤ ਕਲੋਨੀਆਂ ਖਿਲਾਫ ਕਾਰਵਾਈ ਕਰਦੇ ਹੋਏ ਬੀਤੇ ਦਿਨੀਂ ਉਨ੍ਹਾਂ ਨੂੰ ਢਾਹ ਦਿੱਤਾ ਗਿਆ। ਪੀ ਡੀ ਏ ਅਧਿਕਾਰੀਆਂ ਮੁਤਾਬਕ ਇਸ ਮੁਹਿੰਮ ਤਹਿਤ ਪੀ.ਡੀ.ਏ. ਦੇ ਅਧਿਕਾਰੀਆਂ ਵੱਲੋਂ ਇਹ ਸਪਸ਼ਟ ਸੰਦੇਸ਼ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪੀ.ਡੀ.ਏ., ਪਟਿਆਲਾ ਦੇ ਅਧਿਕਾਰ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਣ-ਅਧਿਕਾਰਤ ਕਲੋਨੀ ਦੀ ਉਸਾਰੀ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਆਮ ਜਨਤਾ ਨੂੰ ਇਹਨਾਂ ਵਿਕਸਤ ਹੋਈਆਂ ਕਲੋਨੀਆਂ ਵਿੱਚ ਆਪਣੀ ਅਹਿਮ ਪੂੰਜੀ ਨੂੰ ਨਿਵੇਸ਼ ਕਰਨ ਤੋਂ ਬਚਾਇਆ ਜਾ ਸਕੇ ਅਤੇ ਪਟਿਆਲਾ ਜ਼ਿਲ੍ਹੇ ਵਿੱਚ ਹੋ ਰਹੇ ਗੈਰ-ਯੋਜਨਾਬੱਧ ਵਿਕਾਸ ਨੂੰ ਰੋਕਿਆ ਜਾ ਸਕੇ।

ਇਸ ਦੌਰਾਨ ਪੀ.ਡੀ.ਏ. ਦੇ ਅਧਿਕਾਰੀਆਂ ਵੱਲੋਂ ਇਹ ਵੀ ਸੰਦੇਸ਼ ਦਿੱਤਾ ਗਿਆ ਹੈ ਕਿ ਪਟਿਆਲਾ ਵਾਸੀ ਭਵਿਖ ਵਿੱਚ ਕਿਸੇ ਵੀ ਕਲੋਨੀ ਵਿੱਚ ਮਕਾਨ/ਪਲਾਟ ਦੀ ਖਰੀਦ ਤੋਂ ਪਹਿਲਾਂ ਉਸ ਕਲੋਨੀ ਸਬੰਧੀ ਸਰਕਾਰ/ਪੀ.ਡੀ.ਏ. ਪਾਸੋਂ ਪ੍ਰਵਾਨਗੀ ਸਬੰਧੀ ਦਸਤਾਵੇਜ਼ ਚੈੱਕ ਕਰ ਲੈਣ ਜਾਂ ਇਸ ਸਬੰਧੀ ਪੀ.ਡੀ.ਏ. ਦਫ਼ਤਰ ਤੋਂ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਉਹਨਾਂ ਨੂੰ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਤੋਂ ਇਲਾਵਾ ਅਧਿਕਾਰੀਆਂ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਕਿ ਇਹਨਾਂ ਕਲੋਨੀਆਂ ਤੋਂ ਇਲਾਵਾ ਕੁੱਝ ਹੋਰ ਅਣ-ਅਧਿਕਾਰਤ ਕਲੋਨਾਈਜ਼ਰਾਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਜੇਕਰ ਇਸ ਸਬੰਧੀ ਕੋਈ ਪੁਖਤਾ ਜਵਾਬ ਜਾਂ ਦਸਤਾਵੇਜ਼ ਨੋਟਿਸ ਵਿੱਚ ਦਿੱਤੇ ਸਮੇਂ ਦੌਰਾਨ ਪ੍ਰਾਪਤ ਨਹੀਂ ਹੁੰਦੇ ਹਨ ਤਾਂ ਉਹਨਾਂ ਵਿਰੁੱਧ ਵੀ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇਗੀ ਅਤੇ ਪਾਪਰਾ ਐਕਟ 1995 ਦੀਆਂ ਧਾਰਾਵਾਂ ਤਹਿਤ ਐਫ.ਆਈ.ਆਰ. ਵੀ ਦਰਜ ਕਰਵਾਈ ਜਾਵੇਗੀ।

ਇਸ ਕਾਰਵਾਈ ਦੌਰਾਨ ਜਗਪ੍ਰੀਤ ਸਿੰਘ, (ਸਹਾਇਕ ਨਗਰ ਯੋਜਨਾਕਾਰ), ਰਾਜੀਵ ਕੁਮਾਰ, (ਉਪ ਮੰਡਲ ਇੰਜੀਨੀਅਰ), ਸੰਜੀਵ ਕੁਮਾਰ, (ਜੂਨੀਅਰ ਇੰਜੀਨੀਅਰ), ਆਜਾਦ ਸਿੰਘ, (ਜੂਨੀਅਰ ਇੰਜੀਨੀਅਰ), ਮਨਿੰਦਰ ਸਿੰਘ, (ਜੂਨੀਅਰ ਇੰਜੀਨੀਅਰ), ਅਮਰਿੰਦਰ ਸਿੰਘ, (ਜੂਨੀਅਰ ਇੰਜੀਨੀਅਰ) ਅਤੇ ਪੁਲਿਸ ਬਲ ਮੌਜੂਦ ਸੀ।

### ਆਪ ਸਰਕਾਰ ਦੋਸ਼ੀ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਕਰੇ

ਪਟਿਆਲਾ - ਨਿਊਜ਼ਲਾਈਨ ਐਕਸਪ੍ਰੈਸ ਬਿਊਰੋ - ਉਪਰੋਕਤ ਖ਼ਬਰ ਦੇ ਸੰਬੰਧ ਵਿੱਚ ਜ਼ਿਕਰਯੋਗ ਹੈ ਕਿ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਤ ਪੱਤਰਕਾਰ ਅਸ਼ੋਕ ਵਰਮਾ ਤੇ ਨਿਊਜ਼ਲਾਈਨ ਐਕਸਪ੍ਰੈਸ ਅਖਬਾਰ ਵੱਲੋਂ ਪਿਛਲੇ ਕਾਫੀ ਲੰਮੇ ਸਮੇਂ ਤੋਂ ਪੁੱਡਾ/ ਪੀ ਡੀ ਏ ਪਟਿਆਲਾ ਦੇ ਅਧਿਕਾਰ ਖੇਤਰ ਵਿੱਚ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਮਿਲਭੁਗਤ ਨਾਲ ਪਣਪ ਰਹੀਆਂ ਨਜਾਇਜ ਉਸਾਰੀਆਂ ਤੇ ਅਣ ਅਧਿਕਾਰਤ ਕਲੋਨੀਆਂ ਦੀਆਂ ਖਬਰਾਂ ਲਗਾਤਾਰ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਰਹੀਆਂ ਸਨ, ਤਾਂਕਿ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਕਾਲੋਨਾਈਜ਼ਰਾਂ ਵਲੋਂ ਕੀਤੀ ਜਾ ਰਹੀ ਲੁੱਟ ਖਸੁੱਟ ਤੋਂ ਭੋਲੇ ਭਾਲੇ ਲੋਕਾਂ ਨੂੰ ਅਤੇ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਨੁਕਸਾਨ ਤੋਂ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਅਫ਼ਸਰਾਂ ਅਤੇ ਠੇਕੇਦਾਰਾਂ ਨਾਲ ਮਿਲੀਭੁਗਤ ਕਰਕੇ ਜਨਤਾ ਅਤੇ ਸਰਕਾਰ ਦੇ ਪੈਸੇ ਦੀ ਲੁੱਟ ਖਸੁੱਟ, ਨਾਜਾਇਜ਼ ਉਸਾਰੀਆਂ ਅਤੇ ਸਰਕਾਰੀ ਅਫ਼ਸਰਾਂ ਦੀਆਂ ਜੇਬਾਂ ਭਰਨ ਲਈ ਕੀਤੀਆਂ ਜਾ ਰਹੀਆਂ ਧਾਂਦਲੀਆਂ ਸੰਬੰਧੀ ਵੀ ਖਬਰਾਂ ਚਰਚਾਵਾਂ ਦਾ ਵਿਸ਼ਾ ਬਣਦੀਆਂ ਰਹੀਆਂ ਸਨ।

ਇਨ੍ਹਾਂ ਸੰਬੰਧੀ ਉਦੋਂ ਦੇ ਮੁੱਖ ਮੰਤਰੀ ਨੂੰ ਤੇ ਉੱਚੇ ਪੱਧਰ ਉਤੇ ਕੀਤੀਆਂ ਸ਼ਿਕਾਇਤਾਂ ਉਤੇ ਅੱਜ ਤੱਕ ਕਾਰਵਾਈ ਨਹੀਂ ਹੀ ਸਕੀ ਤੇ ਸ਼ਿਕਾਇਤਾਂ ਦੀ ਪੰਡ ਇਧਰੋਂ ਉਧਰ ਹੀ ਹੋ ਰਹੀ ਹੈ ਜਿਸ ਨਾਲ ਸ਼ਿਕਾਇਤਕਰਤਾ ਹੀ ਖੱਜਲ ਖੁਆਰ ਹੋ ਰਹੇ ਹਨ ਜਦਕਿ ਦੋਸ਼ੀ ਸ਼ਰੇਆਮ ਅਜ਼ਾਦ ਘੁੰਮ ਰਹੇ ਹਨ। ਇੰਨਾ ਹੀ ਨਹੀਂ, ਸਗੋਂ ਪਿਛਲੀ ਸਰਕਾਰ ਦੌਰਾਨ ਸਿਆਸੀ ਆਗੂਆਂ ਤੇ ਅਧਿਕਾਰੀਆਂ ਵੱਲੋਂ ਵੀ ਛਪੀਆਂ ਖ਼ਬਰਾਂ ਨੂੰ ਦੇਖਦੇ ਹੋਏ ਦੋਸ਼ੀਆਂ ਖਿਲਾਫ ਕਾਰਵਾਈਆਂ ਕਰਨ ਦੀ ਥਾਂ ਪੱਤਰਕਾਰ ਤੇ ਅਖਬਾਰ ਵਿਰੁੱਧ ਹੀ ਕਾਰਵਾਈ ਕੀਤੀ ਜਾਂਦੀ ਰਹੀ।

ਸੂਚਨਾ ਤੇ ਲੋਕ ਸੰਪਰਕ ਵਿਭਾਗ ਸਮੇਤ ਅਫ਼ਸਰਸ਼ਾਹੀ ਤੇ ਸਿਆਸੀ ਆਗੂਆਂ ਦੀ ਧੌਂਸ ਉਤੇ ਖਬਰਾਂ ਬੰਦ ਕਰਾਉਣ ਲਈ ਵੱਖ ਵੱਖ ਤਰ੍ਹਾਂ ਨਾਲ ਪੱਤਰਕਾਰ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਹੀ ਨਜਾਇਜ ਤੌਰ ਉਤੇ ਤੰਗ ਪ੍ਰੇਸ਼ਾਨ ਕੀਤਾ ਗਿਆ, ਲੇਕਿਨ ਨਿਡਰ ਪੱਤਰਕਾਰਿਤਾ ਤੇ ਸੱਚੀਆਂ ਖ਼ਬਰਾਂ ਨੇ, ਦੇਰ ਨਾਲ ਹੀ ਸਹੀ, ਲਗਦਾ ਹੈ ਹੁਣ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਆਸ ਹੈ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਹੀ ਦੋਸ਼ੀ ਅਧਿਕਾਰੀਆਂ ਤੇ ਹੋਰਾਂ ਵਿਰੁੱਧ ਸਖ਼ਤ ਕਾਰਵਾਈ ਹੋ ਜਾਵੇਗੀ।

## ਸੰਪਾਦਕੀ

# ਲੋਕਾਂ ਦਾ ਪੈਸਾ

ਮੁਲਕ ਦੇ ਮੁੱਖ ਵਪਾਰਕ ਅਦਾਰੇ ਅਡਾਨੀ ਦੇ ਸ਼ੇਅਰ ਬਾਜ਼ਾਰਾਂ ਵਿਚ ਘਟਦੀ ਕੀਮਤ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਦੇਖਿਆ ਜਾ ਰਿਹਾ ਹੈ। ਸ਼ੇਅਰਾਂ 'ਚ ਗਿਰਾਵਟ ਦਾ ਕਾਰਨ ਇਕ ਵਿਦੇਸ਼ੀ ਸੰਸਥਾ ਦੀ ਰਿਪੋਰਟ ਹੈ। ਖ਼ਬਰਾਂ ਅਨੁਸਾਰ ਅਡਾਨੀ ਕੰਪਨੀਆਂ ਦੇ ਸ਼ੇਅਰਾਂ ਦੇ ਭਾਅ ਡਿੱਗਣ ਨਾਲ ਜੀਵਨ ਬੀਮਾ ਨਿਗਮ (Life Insurance Corporation) ਨੂੰ ਦੋ ਦਿਨਾਂ ਵਿਚ 16000 ਕਰੋੜ ਰੁਪਏ ਤੋਂ ਜ਼ਿਆਦਾ ਦਾ ਨੁਕਸਾਨ ਹੋਇਆ ਹੈ।

ਆਰਥਿਕ ਮਾਹਿਰ ਇਸ ਵਪਾਰਕ ਅਦਾਰੇ ਦੇ ਸ਼ੇਅਰਾਂ ਦੀ ਗਿਰਾਵਟ ਬਾਰੇ ਲੰਮੇ ਸਮੇਂ ਤਕ ਬਹਿਸ ਕਰਦੇ ਰਹਿਣਗੇ ਪਰ ਜੀਵਨ ਬੀਮਾ ਨਿਗਮ ਨੂੰ ਪਿਆ ਘਾਟਾ ਕਈ ਸਵਾਲ ਉਠਾਉਂਦਾ ਹੈ। ਆਜ਼ਾਦ ਬਾਜ਼ਾਰ ਦੇ ਮੁਦਈ ਦਲੀਲ ਦੇਣਗੇ ਕਿ ਕੋਈ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਮੁਨਾਫ਼ਾ ਚਾਹੁੰਦੀ ਹੈ ਤਾਂ ਉਸ ਨੂੰ ਵੱਡੇ ਵਪਾਰਕ ਅਦਾਰਿਆਂ 'ਚ ਸਰਮਾਇਆ ਲਗਾਉਣਾ ਪੈਣਾ ਹੈ; ਇਹ ਸਰਮਾਇਆ ਦੇਸ਼ ਨੂੰ ਤੇਜ਼ੀ ਨਾਲ ਆਰਥਿਕ ਵਿਕਾਸ ਕਰਨ ਵਿਚ ਮਦਦ ਕਰਦਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਨਿੱਜੀ ਖੇਤਰ ਦੇ ਅਦਾਰੇ ਅਤੇ ਕਾਰਪੋਰੇਟ ਕੰਪਨੀਆਂ ਜ਼ਿਆਦਾ ਕਾਰਜਕੁਸ਼ਲਤਾ ਨਾਲ ਕੰਮ ਕਰਦੇ ਹਨ। ਇਸ ਦੇ ਵਿਰੋਧ 'ਚ ਮੁੱਖ ਤਰਕ ਹੈ ਕਿ ਸਰਕਾਰ ਨੂੰ ਮੂਲ ਢਾਂਚੇ ਦੇ ਵਿਕਾਸ ਲਈ ਵੱਡੇ ਸਰਮਾਏ ਦੀ ਜ਼ਰੂਰਤ ਪੈਂਦੀ ਹੈ; ਜੀਵਨ ਬੀਮਾ ਨਿਗਮ ਅਤੇ ਦੇਸ਼ ਦੇ ਘੱਟ ਆਮਦਨ ਵਾਲੇ ਲੋਕਾਂ ਦੁਆਰਾ ਕੀਤੀ ਬੱਚਤ ਨੂੰ ਇਸ ਲਈ ਵਰਤਿਆ ਜਾਣਾ ਚਾਹੀਦਾ ਹੈ। ਦੇਸ਼ 'ਚ ਸਰਮਾਏਦਾਰੀ ਦੀ ਬਣਤਰ ਕੁਝ ਅਜੀਬ ਬਣ ਰਹੀ ਹੈ। ਮਿਹਨਤਕਸ਼ ਲੋਕਾਂ ਦੁਆਰਾ ਬੈਂਕਾਂ ਤੇ ਪੈਨਸ਼ਨ ਫੰਡਾਂ ਵਿਚ ਜਮ੍ਹਾਂ ਪੈਸਾ ਕਾਰਪੋਰੇਟ ਅਤੇ ਵੱਡੇ ਵਪਾਰਕ ਅਦਾਰਿਆਂ 'ਚ ਲਗਾਇਆ ਜਾਂਦਾ ਹੈ; ਇਹ ਅਦਾਰੇ ਲੱਖਾਂ ਕਰੋੜ ਰੁਪਏ ਦਾ ਕਰਜ਼ ਵੀ ਲੈਂਦੇ ਹਨ ਪਰ ਇਹ ਰੁਜ਼ਗਾਰ ਤਲਾਸ਼ ਕਰਨ ਵਾਲੇ ਲੋਕਾਂ ਦੇ 2-3% ਨੂੰ ਹੀ ਰੁਜ਼ਗਾਰ ਮੁਹੱਈਆ ਕਰਦੇ ਹਨ। ਇਹੀ ਨਹੀਂ, ਹਰ ਸਾਲ ਵੱਡੇ ਵਪਾਰਕ ਘਰਾਣਿਆਂ ਦਾ ਲੱਖਾਂ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਜਾਂਦਾ ਹੈ। ਇਸ ਨਾਲ ਇਹ ਅਦਾਰੇ ਤਾਂ ਜਿਉਂਦੇ ਰਹਿੰਦੇ ਹਨ ਪਰ ਨਾ ਤਾਂ ਉਨ੍ਹਾਂ ਕਰੋੜਾਂ ਲੋਕਾਂ ਜਿਨ੍ਹਾਂ ਨੇ ਬੈਂਕਾਂ, ਜੀਵਨ ਬੀਮਾ ਨਿਗਮ ਜਿਹੀਆਂ ਜਨਤਕ ਸੰਸਥਾਵਾਂ, ਪੈਨਸ਼ਨ ਫੰਡਾਂ ਆਦਿ 'ਚ ਪੈਸਾ ਲਗਾਇਆ ਹੁੰਦਾ ਹੈ, ਨੂੰ ਵਾਜਿਬ ਲਾਭ ਮਿਲਦਾ ਹੈ ਅਤੇ ਨਾ ਹੀ ਇਹ ਪੈਸਾ ਖੇਤੀ, ਸਿਹਤ, ਸਿੱਖਿਆ ਅਤੇ ਮੂਲ ਢਾਂਚੇ ਦੇ ਖੇਤਰਾਂ 'ਚ ਲੱਗਦਾ ਹੈ। ਜੇ ਇਸ ਪੈਸੇ ਦਾ ਕੁਝ ਹਿੱਸਾ ਗ਼ੈਰ-ਰਸਮੀ ਖੇਤਰ ਜਿਸ 'ਚ 95% ਤੋਂ ਜ਼ਿਆਦਾ ਰੁਜ਼ਗਾਰ ਹੈ, ਵਿਚ ਨਿਵੇਸ਼ ਕੀਤਾ ਜਾਵੇ ਤਾਂ ਬੇਰੁਜ਼ਗਾਰੀ ਘਟ ਸਕਦੀ ਹੈ। ਜੀਵਨ ਬੀਮਾ ਨਿਗਮ ਦਾ ਘਾਟਾ ਇਹ ਸਵਾਲ ਵੀ ਉਠਾਉਂਦਾ ਹੈ ਕਿ ਇਹ ਫ਼ੈਸਲੇ ਕੌਣ ਕਰਦਾ ਹੈ ਕਿ ਕੋਈ ਸੰਸਥਾ ਕਿਸੇ ਵਪਾਰਕ ਅਦਾਰੇ ਵਿਚ ਕਿੰਨਾ ਪੈਸਾ ਲਗਾਏ। ਇਸ ਦਾ ਜਵਾਬ ਇਹ ਦਿੱਤਾ ਜਾਵੇਗਾ ਕਿ ਇਹ ਫ਼ੈਸਲੇ ਸੰਸਥਾਵਾਂ ਖ਼ੁਦ ਕਰਦੀਆਂ ਹਨ; ਇਨ੍ਹਾਂ ਕੋਲ ਵਿੱਤੀ ਮਾਹਿਰ ਤੇ ਮੈਨੇਜਰ ਹਨ ਪਰ ਹਕੀਕਤ ਇਸ ਦੇ ਉਲਟ ਹੈ। ਸੰਸਥਾਵਾਂ ਦਾ ਵੱਡਾ ਸਰਮਾਇਆ ਸਿਆਸੀ ਦਖ਼ਲ ਕਾਰਨ ਨਿਵੇਸ਼ ਹੁੰਦਾ ਹੈ; ਸੰਸਥਾਵਾਂ ਉਨ੍ਹਾਂ ਵਪਾਰਕ ਅਦਾਰਿਆਂ ਵਿਚ ਹੀ ਨਿਵੇਸ਼ ਕਰਦੀਆਂ ਹਨ ਜਿਨ੍ਹਾਂ ਨੂੰ ਸਿਆਸੀ ਸਰਪ੍ਰਸਤੀ ਹਾਸਿਲ ਹੁੰਦੀ ਹੈ; ਹਰ ਸਰਕਾਰ ਸਮੇਂ ਕੁਝ ਵਪਾਰਕ ਅਦਾਰੇ ਸੱਤਾਧਾਰੀ ਪਾਰਟੀ ਦੇ ਨਜ਼ਦੀਕ ਹੁੰਦੇ ਹਨ, ਸਿਆਸੀ ਆਗੂ ਉਨ੍ਹਾਂ ਨੂੰ ਫ਼ਾਇਦਾ ਪਹੁੰਚਾਉਂਦੇ ਹਨ ਅਤੇ ਅਦਾਰੇ ਸਿਆਸੀ ਪਾਰਟੀ ਦੀ ਸਹਾਇਤਾ ਕਰਦੇ ਹਨ। ਸਰਕਾਰ ਅਤੇ ਸੰਸਥਾਵਾਂ ਦੇ ਅਧਿਕਾਰੀਆਂ ਵਿਚੋਂ ਕੁਝ ਇਮਾਨਦਾਰੀ ਨਾਲ ਇਸ ਦ੍ਰਿਸ਼ਟੀਕੋਣ ਨਾਲ ਸਹਿਮਤ ਹਨ ਕਿ ਆਜ਼ਾਦ ਮੰਡੀ ਦੇ ਸਿਧਾਂਤ ਅਨੁਸਾਰ ਜਨਤਕ ਸੰਸਥਾਵਾਂ ਦਾ ਪੈਸਾ ਵਪਾਰਕ ਅਦਾਰਿਆਂ ਵਿਚ ਲਗਾਇਆ ਜਾਣਾ ਚਾਹੀਦਾ ਹੈ; ਕੁਝ ਹੋਰ ਵਪਾਰਕ ਅਦਾਰਿਆਂ ਦੇ ਮਾਲਕਾਂ ਨਾਲ ਗੱਠਜੋੜ ਕਰ ਕੇ ਉਨ੍ਹਾਂ ਨੂੰ ਨਾਜਾਇਜ਼ ਫ਼ਾਇਦਾ ਪਹੁੰਚਾਉਂਦੇ ਹਨ; ਇਸ ਦੀ ਗਵਾਹੀ ਹਰ ਸਾਲ ਬੈਂਕਾਂ ਦੇ ਹਜ਼ਾਰਾਂ ਕਰੋੜ ਦੇ ਹੁੰਦੇ ਘਪਲਿਆਂ ਤੋਂ ਮਿਲਦੀ ਹੈ। ਲੋਕ ਜੀਵਨ ਬੀਮਾ ਨਿਗਮ, ਜਨਤਕ ਬੈਂਕਾਂ ਅਤੇ ਪੈਨਸ਼ਨ ਫੰਡਾਂ ਵਿਚ ਇਸ ਵਿਸ਼ਵਾਸ ਨਾਲ ਪੈਸਾ ਜਮ੍ਹਾਂ ਕਰਾਉਂਦੇ ਹਨ ਕਿ ਸਰਕਾਰ ਉਨ੍ਹਾਂ ਦੇ ਪੈਸੇ ਦੀ ਜ਼ਾਮਨ ਹੈ ਅਤੇ ਇਹ ਪੈਸਾ ਸਹੀ ਤਰੀਕੇ ਨਾਲ ਵਰਤਿਆ ਜਾਵੇਗਾ ਪਰ ਹਕੀਕਤ ਇਹ ਹੈ ਕਿ ਕਾਰਪੋਰੇਟ ਤੇ ਵਪਾਰਕ ਅਦਾਰੇ ਦਹਾਕਿਆਂ ਤੋਂ ਸਰਕਾਰਾਂ ਦੇ ਕੰਮਕਾਜ ਕਰਨ ਦੀ ਪ੍ਰਕਿਰਿਆ 'ਤੇ ਹਾਵੀ ਹੋ ਰਹੇ ਹਨ। ਸਰਕਾਰਾਂ ਦੀ ਆਜ਼ਾਦਾਨਾ ਹੋਂਦ ਨੂੰ ਖ਼ੋਰਾ ਲੱਗਾ ਹੈ ਅਤੇ ਕਾਰਪੋਰੇਟ ਤੇ ਵਪਾਰਕ ਅਦਾਰਿਆਂ ਦੀ ਸਰਕਾਰੀ ਪ੍ਰਕਿਰਿਆ 'ਤੇ ਪਕੜ ਮਜ਼ਬੂਤ ਹੋਈ ਹੈ। ਇਹ ਰੁਝਾਨ ਜਨਤਕ ਵਿਚਾਰ ਵਟਾਂਦਰੇ ਦੀ ਮੰਗ ਕਰਦਾ ਹੈ। ਵਿਚਾਰ ਵਟਾਂਦਰੇ ਰਾਹੀਂ ਪੈਦਾ ਹੁੰਦੀ ਜਾਗਰੂਕਤਾ ਰਾਹੀਂ ਹੀ ਇਸ ਦਾ ਵਿਰੋਧ ਕੀਤਾ ਜਾ ਸਕਦਾ ਹੈ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com
ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਪਿਛਲੇ 8 ਸਾਲਾਂ ਤੋਂ ਹਰਿਆਣਾ ਵਿਚ ਜਿਸ ਤੇਜ਼ ਗਤੀ ਨਾਲ ਵਿਕਾਸ ਹੋ ਰਿਹਾ ਹੈ, ਓਨਾਂ ਤਾਂ ਪਿਛਲੀ ਸਰਕਾਰਾਂ ਦੇ ਕਾਰਜਕਾਲ ਵਿਚ ਵੀ ਨਹੀਂ ਹੋਇਆ : ਅਮਿਤ ਸ਼ਾਹ

## ਵਿਵਸਥਾ ਬਦਲਾਅ ਦੇ ਕੰਮ ਕਰ ਗਰੀਬਾਂ ਤੇ ਜ਼ਰੂਰਤਮੰਦਾਂ ਦੀ ਭਲਾਈ ਲਈ ਅਨੇਕ ਕੰਮ : ਮੁੱਖ ਮੰਤਰੀ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਦੀ ਕੁਸ਼ਲ ਅਗਵਾਈ ਹੇਠ ਪਿਛਲੇ ਸਵਾ 8 ਸਾਲਾਂ ਤੋਂ ਸੂਬੇ ਵਿਚ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਪਿਛਲੇ 8 ਸਾਲਾਂ ਵਿਚ ਹਰਿਆਣਾ ਵਿਚ ਜਿਸ ਤੇਜ ਗਤੀ ਨਾਲ ਵਿਕਾਸ ਹੋਇਆ ਹੈ ਉਨ੍ਹਾ ਪਿਛਲੀ ਸਰਕਾਰਾਂ ਦੇ ਕਾਰਜਕਾਲ ਵਿਚ ਨਹੀਂ ਹੋਇਆ। ਹਰ ਖੇਤਰ ਵਿਚ ਭ੍ਰਿਸ਼ਟਾਚਾਰ ਘੱਟ ਹੋਇਆ ਅਤੇ ਜਾਤੀਵਾਦ ਸਮਾਪਤ ਹੋਇਆ ਹੈ।

ਨੌਕਰੀ ਲਈ ਹੁਣ ਕੋਈ ਸਰੰਖਣ ਨਹੀਂ ਹੈ, ਨੌਜੁਆਨਾਂ ਨੂੰ ਮੈਰਿਟ ਆਧਾਰ 'ਤੇ ਪਾਰਦਰਸ਼ੀ ਢੰਗ ਨਾਲ ਸਰਕਾਰੀ ਨੌਕਰੀਆਂ ਮਿਲ ਰਹੀਆਂ ਹਨ। ਪੜ੍ਹੇ-ਲਿਖੇ 'ਤੇ ਸਰਪੰਚ ਹੁਣ ਹਰਿਆਣਾ ਨੂੰ ਅੱਗੇ ਵਧਾ ਰਹੇ ਹਨ। ਸ੍ਰੀ ਅਮਿਤ ਸ਼ਾਹ ਅੱਜ ਸੋਨੀਪਤ ਜਿਲ੍ਹੇ ਦੇ ਗੋਹਾਨਾ ਵਿਚ ਪ੍ਰਬੰਧਿਤ ਜਨ ਉਥਾਨ ਰੈਲੀ ਨੂੰ ਟੈਲੀਫੋਨ ਰਾਹੀਂ ਸੰਬੋਧਿਤ ਕਰ ਰਹੇ ਸਨ।

ਮੌਸਮ ਖਰਾਬ ਹੋਣ ਕਾਰਨ ਕੇਂਦਰੀ ਗ੍ਰਹਿ ਮੰਤਰੀ ਗੋਹਾਨਾ ਵਿਚ ਨਹੀਂ ਪਹੁੰਚ ਪਾਏ। ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਜੇ ਪੀ ਦਲਾਲ, ਸਹਿਕਾਰਤਾ ਮੰਤਰੀ ਡਾ. ਬਨਵਾਰੀ ਲਾਲ ਅਤੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ ਵੀ ਮੌਜੂਦ ਸਨ। ਸ੍ਰੀ ਅਮਿਤ ਸ਼ਾਹ ਨੇ ਕਿਹਾ ਕਿ ਅੱਜ ਦੀ ਰੈਲੀ ਦਾ ਉਦੇਸ਼ 2024 ਵਿਚ ਹਰਿਆਣਾ ਦੀ ਸਾਰੀ ਸੀਟਾਂ 'ਤੇ ਕਮਲ ਖਿਲੇ ਅਤੇ ਹਰਿਆਣਾ ਦੀ ਜਨਤਾ ਸਾਲ 2024 ਵਿਚ ਵੀ ਸ੍ਰੀ ਨਰੇਂਦਰ ਮੋਦੀ ਨੂੰ ਫਿਰ ਤੋਂ ਪ੍ਰਧਾਨ ਮੰਤਰੀ ਬਨਾਉਣ ਦੇ ਲਈ ਵੋਟ ਕਰਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੀ ਹਰ ਲੋਕਸਭਾ ਸੀਟ 'ਤੇ ਕਮਲ ਖਿਲੇਗਾ, ਅਜਿਹਾ ਭਰੋਸਾ ਹੈ।

**ਜਨ ਭਲਾਈ ਦੇ ਸੰਕਲਪਾਂ ਨੂੰ 8 ਸਾਲਾਂ ਵਿਚ ਕੀਤਾ ਪੂਰਾ - ਮਨੋਹਰ ਲਾਲ**

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੇ ਮਾਰਗਦਰਸ਼ਨ ਵਿਚ ਹਰਿਆਣਾ ਵਿਚ ਸਾਲ 2014 ਵਿਚ ਸਰਕਾਰ ਬਣੀ ਸੀ, ਉਦੋਂ ਤੋਂ ਹੀ ਅਸੀਂ ਜਨ ਭਲਾਈ ਦੇ ਜੋ ਸੰਕਲਪ ਲਏ ਸਨ, ਉਨ੍ਹਾਂ ਸੰਕਲਪਾਂ ਦੇ ਆਧਾਰ 'ਤੇ ਅਸੀਂ ਲਗਾਤਾਰ 8 ਸਾਲਾਂ ਤੋਂ ਕੰਮ ਕਰ ਰਹੇ ਹਨ। ਸਾਲ 2014 ਵਿਚ, ਪਹਿਲਾਂ ਹਰਿਆਣਾ ਵਿਚ ਡਰ, ਭ੍ਰਿਸ਼ਟਾਚਾਰ ਦਾ ਮਾਹੌਲ ਸੀ, ਉਸ ਨੂੰ ਸਾਡੀ ਸਰਕਾਰ ਨੇ ਦੂਰ ਕੀਤਾ ਅਤੇ ਵਿਵਸਥਾ ਬਦਲਾਅ ਦੇ ਕੰਮ ਕਰ ਗਰੀਬਾਂ ਤੇ ਜਰੂਰਤਮੰਦਾਂ ਦੀ ਭਲਾਈ ਲਈ ਕੰਮ ਕੀਤੇ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਵਿਚ ਨਾਰੇ ਲਗਦੇ ਸਨ ਕਿ ਅਸੀਂ ਹੇਠਾਂ ਤਕ ਲੋਕਾਂ ਨੂੰ ਲਾਭ ਪਹੁੰਚਾਉਣਗੇ। ਪਰ ਅਸੀਂ ਭਲਾਈਕਾਰੀ ਯੋਜਨਾਵਾਂ ਦਾ ਲਾਭ ਸੱਭ ਤੋਂ ਪਹਿਲਾਂ ਲਾਇਨ ਵਿਚ ਖੜੇ ਆਖੀਰੀ ਵਿਅਕਤੀ ਨੂੰ ਹੀ ਪਹੁੰਚਾਉਣ ਦੀ ਸ਼ੁਰੂਆਤ ਕੀਤੀ। ਕੇਂਦਰ ਤੇ ਸੂਬੇ ਦੀ ਡਬਲ ਇੰਜਨ ਦੀ ਸਰਕਾਰ ਹਰਿਆਣਾ ਦੀ ਜਨਤਾ ਦੀ ਸੇਵਾ ਕਰ ਰਹੀ ਹੈ। 2019 ਵਿਚ ਵੀ ਅਸੀਂ ਮੁੜ ਆਪਣੀ ਉਪਲਬਧੀਆਂ ਦੇ ਫਲਸਰੂਪ ਦੂਜੀ ਵਾਰ ਸਰਕਾਰ ਬਣਾਈ। ਉਸ ਦੇ ਤੁਰੰਤ ਬਾਅਦ ਕੋਵਿਡ-19 ਮਹਾਮਾਰੀ ਦਾ ਦੁਨੀਆ ਵਿਚ ਸੰਕਟ ਆਇਆ। ਪ੍ਰਧਾਨ ਮੰਤਰੀ ਸ੍ਰੀ ਮੋਦੀ ਦੀ ਅਗਵਾਈ ਵਿਚ ਭਾਰਤ ਇਸ ਸੰਕਟ ਤੋਂ ਵੀ ਬਾਹਰ ਨਿਕਲਿਆ।

**ਹਰਿਆਣਾ ਇਕ- ਹਰਿਆਣਵੀ ਇਥ ਦੇ ਮੂਲਮੰਤਰ 'ਤੇ ਚਲਦੇ ਹੋਏ ਪੂਰੇ ਸੂਬੇ ਦਾ ਕੀਤਾ ਇਕ ਸਮਾਨ ਵਿਕਾਸ**

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸੱਭਕਾ ਸਾਥ ਸੱਭਕਾ ਵਿਕਾਸ ਸੱਭਕਾ ਵਿਸ਼ਵਾਸ ਸੱਭਕਾ ਪ੍ਰਯਾਸ ਦਾ ਨਾਰਾ ਦਿੱਤਾ ਸੀ। ਇਸੀ ਤਰ੍ਹਾ ਅਸੀਂ ਹਰਿਆਣਾ ਇਕ-ਹਰਿਆਣਵੀ ਇਥ ਦੇ ਮੂਲਮੰਤਰ 'ਤੇ ਚਲਦੇ ਹੋਏ ਪੂਰੇ ਸੂਬੇ ਦਾ ਇਕ ਸਮਾਨ ਵਿਕਾਸ ਯਕੀਨੀ ਕੀਤਾ ਹੈ। ਸਾਡੀ ਸਰਕਾਰ ਨੇ ਕਿਸੇ ਵੀ ਖੇਤਰ ਦੇ ਨਾਲ ਕੋਈ ਭੇਦਭਾਵ ਨਹੀਂ ਕੀਤਾ। ਹਰ ਵਿਧਾਇਕ ਨੂੰ ਚਾਹੇ ਉਹ ਸੱਤਾ ਪੱਖ ਦਾ ਹੋਵੇ ਜਾਂ ਵਿਰੋਧੀ ਪੱਖ ਦਾ, ਸਾਰਿਆਂ ਨੂੰ ਆਪਣੇ-ਆਪਣੇ ਖੇਤਰਾਂ ਦੇ ਵਿਕਾਸ ਕਰਵਾਉਣ ਲਈ5-5 ਕਰੋੜ ਰੁਪਏ ਦੀ ਰਕਮ ਦਿੱਤੀ ਹੈ। ਇਸ ਤੋਂ ਇਲਾਵਾ ਪੇਂਡੂ ਖੇਤਰ ਨੂੰ ਵੀ ਪੂਰੀ ਸਹੂਲਤਾਂ ਦਿੱਤੀਆਂ ਹਨ। ਛੋਟੀ ਸਰਕਾਰਾਂ ਨੂੰ ਵੀ ਪੂਰੀ ਤਾਰਤ ਦਿੱਤੀ ਹੈ ਤਾਂ ਜੋ ਉਹ ਆਪਣੇ ਖੇਤਰ ਵਿਚ ਕੰਮ ਕਰਵਾ ਸਕਣ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੁਸ਼ਾਸਨ ਦਾ ਸੰਕਲਪ ਕੀਤਾ ਅਤੇ ਜਨਤਾ ਨੂੰ ਘਰ ਬੈਠੇ ਹੀ ਪਾਰਦਰਸ਼ੀ ਢੰਗ ਨਾਲ ਸਾਰੀ ਯੋਜਨਾਵਾਂ ਤੇ ਸੇਵਾਵਾਂ ਦਾ ਲਾਭ ਪਹੁੰਚਾਇਆ। ਸਾਡੇ ਕਾਰਜਕਾਲ ਵਿਚ ਪਰਚੀ-ਖਰਚੀ ਦੇ ਬਿਨ੍ਹਾ ਸਿਰਫ ਮੈਰਿਟ ਆਧਾਰ 'ਤੇ ਨੌਜੁਆਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ। ਟ੍ਰਾਂਸਫਰ ਵਿਚ ਵੀ ਜੋ ਭ੍ਰਿਸ਼ਟਾਚਾਰ ਹੁੰਦਾ ਸੀ, ਉਸ ਨੂੰ ਖਤਮ ਕੀਤਾ।

**ਭ੍ਰਿਸ਼ਟਾਚਾਰ ਕਰਨ ਵਾਲੇ ਹੋਏ ਬੇਰੁਜਗਾਰ, ਇਸ ਲਈ ਵਿਰੋਧੀ ਪੱਖ ਨੂੰ ਦਿਖਦੀ ਹੈ ਵੱਧ ਬੇਰੁਜਗਾਰੀ**

ਮੁੱਖ ਮੰਤਰੀ ਨੇ ਕਾਂਗਰਸ 'ਤੇ ਤੰਜ ਕਸਦੇ ਹੋਏ ਕਿਹਾ ਕਿ ਕਾਂਗਰਸ ਦੇ ਕਾਰਜਕਾਲ ਵਿਚ ਬੀਬੀਸੀ ਸਰਕਾਰ ਚਲਦੀ ਸੀ ਯਾਨੀ ਬਦਲੀ, ਭਰਤੀ ਅਤੇ ਸੀਐਲਯੂ।
ਰਾਜ ਸਰਕਾਰ ਨੇ ਇਸ ਬੀਬੀਸੀ ਪ੍ਰਥਾ ਨੂੰ ਬੰਦ ਕੀਤਾ ਅਤੇ ਲੋਕਾਂ ਨੂੰ ਸਵੱਛ ਸ਼ਾਸਨ ਮਿਲੇ, ਇਸ ਦੇ ਲਈ ਅਨੋਖੇ ਪ੍ਰਯੋਗ ਕੀਤੇ। ਉਨ੍ਹਾਂ ਨੇ ਕਿਹਾ ਕਿ ਵਿਰੋਧੀ ਪੱਖ ਕਹਿੰਦਾ ਹੈ ਕਿ ਸੂਬੇ ਵਿਚ ਬੇਰੁਜਗਾਰੀ ਵੱਧ ਗਈ ਹੈ, ਪਰ ਮੌਜੂਦਾ ਵਿਚ ਜੋ ਲੋਕ ਭ੍ਰਿਸ਼ਟਾਚਾਰ ਕਰਦੇ ਸਨ, ਉਹ ਲੋਕ ਅੱਜ ਬੇਰੁਜਗਾਰ ਹੋ ਗਏ ਹਨ। ਇਸ ਦੇ ਕਾਰਨ ਨਾਲ ਵਿਰੋਧੀ ਪੱਖ ਨੂੰ ਬੇਰੁਜਗਾਰੀ ਦਾ ਵਧਿਆ ਹੋਇਆ ਆਂਕੜਾ ਮਿਲਦਾ ਹੈ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬੇ ਵਿਚ ਯੋਗ ਪਰਿਵਾਰਾਂ ਦੇ ਘਰ ਬੈਠੇ ਰਾਸ਼ਨ ਕਾਰਡ ਬਣਾਏ ਜਾ ਰਹੇ ਹਨ। ਲੋਕਾਂ ਨੂੰ ਘਰ ਬੈਠੇ ਹੀ ਪੈਂਸ਼ਨ ਮਿਲ ਰਹੀ ਹੈ। ਮੇਰੀ ਫਸਲ ਮੇਰਾ ਬਿਉਰਾ ਰਾਹੀਂ ਕਿਸਾਨ ਨੂੰ ਸਾਰੇ ਲਾਭ ਮਿਲ ਰਹੇ ਹਨ। ਹਰਿਆਣਾ ਵਿਚ 14 ਫਸਲਾਂ ਐਮਐਸਪੀ 'ਤੇ ਖਰੀਦੀ ਜਾਂਦੀ ਹੈ। ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੇ ਮੁੱਲਾਂ ਦੇ ਹਜਾਰਾਂ ਕਰੋੜ ਰੁਪਏ ਡੀਬੀਟੀ ਰਾਹੀਂ ਸਿੱਧੇ ਉਨ੍ਹਾਂ ਦੇ ਖਾਤਿਆਂ ਵਿਚ ਭੇਜੇ ਗਏ ਹਨ। ਇਸ ਤੋਂ ਇਲਾਵਾ, ਸਰਕਾਰ ਨੇ ਆਖੀਰੀ ਟੇਲ ਤਕ ਪਾਣੀ ਪਹੁੰਚਾਇਆ ਹੈ। ਪਾਣੀ ਦਾ ਪ੍ਰਬੰਧਨ ਚੰਗਾ ਕੀਤਾ ਹੈ। ਕਿਸਾਲਾਂ ਨੂੰ ਆਰਥਕ ਤੌਰ 'ਤੇ ਨੁਕਸਾਨ ਨਾ ਹੋਵੇ, ਇਸ ਦੇ ਲਈ ਭਾਵਾਂਤਰ ਭਰਪਾਈ ਯੋਜਨਾ ਲਾਗੂ ਕੀਤੀ ਹੈ।

**ਅੰਤੋਂਦੇਯ ਪਰਿਵਾਰਾਂ ਦੇ ਆਰਥਕ ਉਥਾਨ ਦਾ ਹੈ ਟੀਚਾ**

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਵਿਚ ਕਈ ਉਦਯੋਗਿਕ ਇਕਾਈਆਂ ਲਗੀਆਂ ਹਨ। ਲਗਭਗ 8.50 ਲੱਖ ਲੋਕਾਂ ਨੂੰ ਪ੍ਰਾਈਵੇਟ ਰੁਜਗਾਰ ਮਿਲਿਆ ਹੈ। ਲਗਭਗ 1 ਲੱਖ ਸਰਕਾਰੀ ਮਿਲੀ ਹੈ। ਇਸ ਤੋਂ ਇਲਾਵਾ, ਆਉਟਸੋਰਸਿੰਗ 'ਤੇ ਐਚਕੇਆਰਐਨ ਰਾਹੀਂ ਵੀ ਲੋਕਾਂ ਨੂੰ ਰੁਜਗਾਰ ਦਿਵਾਇਆ ਹੈ। ਇੰਨ੍ਹਾਂ ਹੀ ਨਹੀਂ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਦੇ ਤਹਿਤ ਲਗਭਗ 32,000 ਲੋਕਾਂ ਨੂੰ ਰੁਜਗਾਰ , ਸਵੈ ਰੁਜਗਾਰ ਸ਼ੁਰੂ ਕਰਵਾ ਕੇ ਵੱਧ ਤੋਂ ਵੱਧ ਲਾਭ ਮਿਲਿਆ।

# ਆਪ ਨੇ ਸਰਕਾਰੀ ਹਸਪਤਾਲਾਂ ਵਿਚਲਾ ਟੈਸਟਾਂ ਦਾ ਕੰਮ ਪ੍ਰਾਈਵੇਟ ਕੰਪਨੀ ਹਵਾਲੇ ਕੀਤਾ: ਅਕਾਲੀ ਦਲ



ਰਾਜਪੁਰਾ,
-ਰੋਜ਼ਾਨਾ ਸਵੇਰਾ-

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਰਦਾਰ ਚਰਨਜੀਤ ਸਿੰਘ ਬਰਾੜ ਨੇ ਅੱਜ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਨਾ ਸਿਰਫ ਪੇਂਡੂ ਡਿਸਪੈਂਸਰੀਆਂ ਬੰਦ ਕਰਨ ਮਗਰੋਂ ਪ੍ਰਾਇਮਰੀ ਹੈਲਥ ਸੈਂਟਰਾਂ ਦਾ ਨਾਂ ਬਦਲ ਕੇ ਆਮ ਆਦਮੀ ਕਲੀਨਿਕ ਰੱਖ ਦਿੱਤਾ ਹੈ ਬਲਕਿ ਇਸਨੇ ਹਸਪਤਾਲਾਂ ਵਿਚ ਹੁੰਦੇ ਸਾਰੇ ਟੈਸਟ ਕਰਨ ਦਾ ਕੰਮ ਪ੍ਰਾਈਵੇਟ ਕੰਪਨੀ ਹਵਾਲੇ ਕਰ ਦਿੱਤਾ ਹੈ ਜੋ ਟੈਸਟਾਂ ਦੇ ਮਨਮਰਜ਼ੀ ਦੇ ਪੈਸੇ ਵਸੂਲ ਰਹੀ ਹੈ। ਚਰਨਜੀਤ ਸਿੰਘ ਬਰਾੜ ਖੇੜਾ ਗੱਜੂ ਆਮ ਆਦਮੀ ਕਲੀਨਿਕ ਵਿਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਹ ਕਲੀਨਿਕ ਨੇੜਲੇ ਪਿੰਡ ਕੋਟਲਾ ਤੋਂ ਸਟਾਫ ਇਥੇ ਤਬਦੀਲ ਕਰਨ ਮਗਰੋਂ ਸ਼ੁਰੂ ਕੀਤਾ ਗਿਆ ਹੈ। ਇਸ ਪਿੰਡ ਵਿਚ 1978 ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਪਹਿਲਾਂ ਪ੍ਰਾਇਮਰੀ ਹੈਲਥ ਸੈਂਟਰ ਸਥਾਪਿਤ ਕੀਤਾ ਗਿਆ ਸੀ ਤੇ ਨਾਲ ਹੀ ਇਕ ਮੁਫਤ ਦਵਾਈਆਂ ਦੀ ਦੁਕਾਨ ਤੇ ਡਾਇਗਨੋਸਟਿਸ ਸੈਂਟਰ ਸਥਾਪਿਤ ਕੀਤਾ ਗਿਆ ਜਿਹਨਾਂ ਨੂੰ ਹੁਣ ਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਬਰਾੜ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਨੇ ਇਸ ਪ੍ਰਾਈਵੇਟ ਡਾਇਗਨੋਸਟਿਸ ਕੰਪਨੀ ਕ੍ਰਿਸ਼ਨਾ ਡਾਇਗਨੋਸਿਸ ਦੇ ਕੰਮ ਦਾ ਦਾਇਰਾ ਵਧਾ ਦਿੱਤਾ ਹੈ ਤੇ ਸਰਕਾਰੀ ਹਸਪਤਾਲਾਂ ਵਿਚ ਸਾਰੇ ਲੈਬਾਰਟਰੀ ਟੈਸਟ ਦੀ ਜ਼ਿੰਮੇਵਾਰੀਇਸਨੂੰ ਦੇ ਦਿੱਤੀ ਹੈ। ਇਸਨੂੰ ਇਕ ਘੁਟਾਲਾ ਕਰਾਰ ਦਿੰਦਿਆਂ ਉਹਨਾਂ ਕਿਹਾ ਕਿ ਇਸਦੇ ਨਵੇਂ ਸਿਰੇ ਤੋਂ ਟੈਂਡਰ ਲਗਾਏ ਜਾਣ ਤਾਂ ਜੋ ਇਹ ਕੰਮ ਮੁਕਾਬਲੇ ਵਾਲੇ ਰੇਟਾਂ ਦੇ ਆਧਾਰ 'ਤੇ ਉਦੋਂ ਤੱਕ ਵਾਸਤੇ ਅਲਾਟ ਕੀਤਾ ਜਾ ਸਕੇ ਜਦੋਂ ਕਿ ਸਰਕਾਰੀ ਲੈਬਾਰਟਰੀ ਟੈਕਨੀਸ਼ੀਅਨ ਨਹੀਂ ਰੱਖ ਲੈਂਦੀ ਤੇ ਸਾਰੀਆਂ ਲੈਬਾਰਟਰੀਆਂ ਚਾਲੂ ਨਹੀਂ ਕਰ ਲੈਂਦੀ। ਸਰਦਾਰ ਬਰਾੜ ਨੇ ਕਿਹਾ ਕਿ ਆਪ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਨੇ ਸਾਰੇ ਅਪਰੇਸ਼ਨਾਂ ਦੀ ਲਾਗਤ ਸਮੇਤ ਪੰਜਾਬੀਆਂ ਲਈ ਸਿਹਤ ਸੰਭਾਲ ਸਹੂਲਤਾਂ ਮੁਫਤ ਕਰਨ ਦਾ ਵਾਅਦਾ ਕੀਤਾ ਸੀ। ਉਹਨਾਂ ਕਿਹਾ ਕਿ ਇਸਦੀ ਤਾਂ ਗੱਲ ਹੀ ਛੱਡੋ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਪੰਜਾਬ ਵਿਚ ਆਪ ਦੇ ਡੁੱਬਦੇ ਬੇੜੇ ਨੂੰ ਬਚਾਉਣ ਵਾਸਤੇ ਪੀ ਐਚ ਸੀ ਦੇ ਨਾਂ ਬਦਲਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਸਿਹਤ ਸੇਵਾਵਾਂ ਦੇ ਮਾਮਲੇ ਵਿਚ ਪੰਜਾਬ ਵਿਚ ਹਾਲਾਤ ਇੰਨੇ ਮਾੜੇ ਹਨ ਕਿ ਮਰੀਜ਼ਾਂ ਨੂੰ ਆਪਣੀਆਂ ਸਰਿੰਜਾਂ ਖਰੀਦਣੀਆਂ ਪੈ ਰਹੀਆਂ ਹਨ। ਉਹਨਾਂ ਇਹ ਵੀ ਦੱਸਿਆ ਕਿ ਕਿਵੇਂ ਆਪ ਸਰਕਾਰ 16 ਮੈਡੀਕਲ ਕਾਲਜ ਤੇ 16 ਹਜ਼ਾਰ ਮੁਹੱਲਾ ਕਲੀਨਿਕ ਖੋਲ੍ਹਣ ਸਮੇਤ ਆਪਣੇ ਸਾਰੇ ਵਾਅਦੇ ਭੁੱਲ ਗਈ ਹੈ।

ਉਹਨਾਂ ਕਿਹਾ ਕਿ ਇਹ ਨਾਂ ਬਦਲ ਕੇ ਸਿਰਫ 500 ਕਲੀਨਿਕ ਖੋਲ੍ਹੇ ਗਏ ਹਨ ਅਤੇ ਸਿਹਤ ਖੇਤਰ ਵਿਚ ਸੁਧਾਰ ਵਾਸਤੇ ਕੱਖ ਵੀ ਨਹੀਂ ਕੀਤਾ ਗਿਆ। ਅਕਾਲੀ ਆਗੂ ਨੇ ਆਮ ਆਦਮੀ ਕਲੀਨਿਕਾਂ ਦੀ ਗੱਲ ਕਰਦਿਆਂ ਕਿਹਾ ਕਿ 540 ਪੇਂਡੂ ਡਿਸਪੈਂਸਰੀਆਂ ਬੰਦ ਕਰਨ ਨਾਲ 6 ਹਜ਼ਾਰ ਪਿੰਡਾਂ ਵਿਚ ਸਿਹਤ ਸੰਭਾਲ ਸਹੂਲਤਾਂ ਪ੍ਰਭਾਵਤ ਹੋਣਗੀਆਂ। ਉਹਨਾਂ ਮੰਗ ਕੀਤੀ ਕਿ ਇਹਨਾਂ ਪੇਂਡੂ ਡਿਸਪੈਂਸਰੀਆਂ ਨੂੰ ਤੁਰੰਤ ਚਾਲੂ ਕੀਤਾ ਜਾਵੇ ਤੇ ਲੋੜੀਂਦੇ ਡਾਕਟਰ ਤੇ ਪੈਰਾ ਮੈਡੀਕਲ ਸਟਾਫ ਰੱਖ ਕੇ ਪੰਜਾਬੀਆਂ ਨੂੰ ਵਧੀਆ ਸਿਹਤ ਸੰਭਾਲ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।

## ਚੰਡੀਗੜ੍ਹ ਅਤੇ ਮੋਹਾਲੀ ਪ੍ਰਸ਼ਾਸਨ ਨੇ ਵਿਸ਼ਵਾਸ ਫਾਊਂਡੇਸ਼ਨ ਨੂੰ ਕੀਤਾ ਸਨਮਾਨਿਤ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

74ਵੇਂ ਗਣਤੰਤਰ ਦਿਵਸ ਮੌਕੇ ਇਹ ਸਨਮਾਨ ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ, ਉਪ ਪ੍ਰਧਾਨ ਸਾਧਵੀ ਸ਼ਕਤੀ ਵਿਸ਼ਵਾਸ, ਸਕੱਤਰ ਰਿਸ਼ੀ ਸਰਲ ਵਿਸ਼ਵਾਸ ਅਤੇ ਰਿਸ਼ੀ ਸ਼ਾਸ਼ਵਤ ਵਿਸ਼ਵਾਸ ਨੇ ਪ੍ਰਾਪਤ ਕੀਤਾ।
ਨਗਰ ਨਿਗਮ ਚੰਡੀਗੜ੍ਹ ਵਿੱਚ ਮੇਅਰ ਅਨੂਪ ਗੁਪਤਾ ਨੇ ਕਮਿਸ਼ਨਰ ਆਨੰਦਿਤਾ ਮਿੱਤਰਾ ਦੀ ਹਾਜ਼ਰੀ ਵਿੱਚ ਨਗਰ ਨਿਗਮ ਦਫ਼ਤਰ ਸੈਕਟਰ 17 ਵਿਖੇ ਯਾਦਗਾਰੀ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਕੀਤਾ।
ਇਹ ਸਨਮਾਨ ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ, ਉਪ ਪ੍ਰਧਾਨ ਸਾਧਵੀ ਸ਼ਕਤੀ ਵਿਸ਼ਵਾਸ, ਸਕੱਤਰ ਰਿਸ਼ੀ ਸਰਲ ਵਿਸ਼ਵਾਸ ਅਤੇ ਰਿਸ਼ੀ ਸ਼ਾਸ਼ਵਤ ਵਿਸ਼ਵਾਸ ਨੇ ਪ੍ਰਾਪਤ ਕੀਤਾ।

ਮੋਹਾਲੀ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਫੇਜ਼ 6 ਸਥਿਤ ਕਾਲਜ ਗਰਾਊਂਡ ਵਿੱਚ ਮੋਹਾਲੀ ਪ੍ਰਸ਼ਾਸਨ ਦੀ ਤਰਫੋਂ ਪ੍ਰਸ਼ੰਸਾ ਪੱਤਰ ਦਿੱਤਾ। ਰਿਸ਼ੀ ਪ੍ਰਭੂ ਵਿਸ਼ਵਾਸ ਅਤੇ ਰਿਸ਼ੀ ਸ਼ਿਸ਼ੂਪਾਲ ਸਿੰਘ ਪਠਾਨੀਆ ਨੇ ਵਿਸ਼ਵਾਸ ਫਾਊਂਡੇਸ਼ਨ ਦੀ ਤਰਫੋਂ ਇਹ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਵਿਧਾਇਕ ਸਰਦਾਰ ਕੁਲਵੰਤ ਸਿੰਘ, ਡਿਪਟੀ ਕਮਿਸ਼ਨਰ ਮੁਹਾਲੀ ਆਸ਼ਿਕਾ ਜੈਨ, ਏਡੀਸੀ ਅਮਨਿੰਦਰ ਕੌਰ ਬਰਾੜ, ਐਸਐਸਪੀ ਸੰਦੀਪ ਗਰਗ, ਕਮਿਸ਼ਨਰ ਨਗਰ ਨਿਗਮ ਨਵਜੋਤ ਕੌਰ, ਤਰਸੇਮ ਚੰਦ ਪੀਸੀਐਸ, ਕਮਲੇਸ਼ ਕੁਮਾਰ ਕੌਸ਼ਲ ਸਕੱਤਰ ਇੰਡੀਅਨ ਰੈੱਡ ਕਰਾਸ ਸੁਸਾਇਟੀ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ।

# ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਸਮਰਾਲਾ ਰੇਲਵੇ ਸਟੇਸ਼ਨ 'ਤੇ ਰੋਕੀਆਂ ਰੇਲਾਂ



ਲੁਧਿਆਣਾ,
-ਰੋਜ਼ਾਨਾ ਸਵੇਰਾ-

ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਤੇ ਅੱਜ ਸਮਰਾਲਾ ਦੇ ਰੇਲਵੇ ਸਟੇਸ਼ਨ ਤੇ ਕਿਸਾਨਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਅਤੇ ਪੰਜਾਬ ਦੇ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਦੁਪਹਿਰ 1 ਤੋਂ 4 ਵਜੇ ਤੱਕ ਰੇਲਾਂ ਰੋਕੀਆਂ ਗਈਆਂ। ਸਮਰਾਲਾ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਸੰਤੋਖ ਸਿੰਘ ਨਾਗਰਾ ਦੀ ਅਗਵਾਈ ਹੇਠ ਸਮਰਾਲਾ ਰੇਲਵੇ ਸਟੇਸ਼ਨ ਤੇ ਕਿਸਾਨਾਂ ਵੱਲੋਂ ਰੇਲਾਂ ਰੋਕ ਕੇ ਪੰਜਾਬ ਸਰਕਾਰ ਖਿਲਾਫ਼ ਨਾਹਰੇਬਾਜ਼ੀ ਕੀਤੀ ਗਈ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਬੰਦੀ ਸਿੰਘ ਜਿਨ੍ਹਾਂ ਦੀਆਂ ਸਜਾਵਾਂ ਪੂਰੀਆਂ ਹੋਈਆਂ ਨੂੰ ਕਾਫੀ ਸਮਾਂ ਲੰਘ ਚੁੱਕਾ ਹੈ, ਪ੍ਰੰਤੂ ਉਨ੍ਹਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਜੋ ਕਿ ਉਨ੍ਹਾਂ ਨਾਲ ਸਰਾਸਰ ਧੱਕਾ ਹੈ, ਜਦੋਂ ਕਿ ਬਲਾਤਕਾਰੀ ਰਾਮ ਰਹੀਮ ਨੂੰ ਸਰਕਾਰਾਂ ਵੱਲੋਂ ਵਾਰ ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਇਸ ਮੌਕੇ ਕਿਸਾਨਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਉੱਤੇ ਕੇਂਦਰ ਸਰਕਾਰ ਦੀ ਸਹਿ ਉੱਤੇ ਦਿੱਲੀ ਅਤੇ ਗੁਆਂਢੀ ਰਾਜਾਂ ਵੱਲੋਂ ਅੱਖ ਰੱਖੀ ਹੋਈ ਹੈ, ਜਦੋਂ ਕਿ ਸੰਵਿਧਾਨ ਅਨੁਸਾਰ ਪਾਣੀਆਂ ਦਾ ਮਸਲਾ ਕੇਵਲ ਰਾਜਾਂ ਦਾ ਮਸਲਾ ਹੈ, ਜਿਸ ਵਿੱਚ ਕੇਂਦਰ ਕਿਸੇ ਤਰ੍ਹਾਂ ਦੀ ਦਖਲ ਅੰਦਾਜੀ ਨਹੀਂ ਕਰ ਸਕਦਾ ਇਸ ਲਈ ਪੰਜਾਬ ਦੇ ਕਿਸਾਨ ਪੰਜਾਬ ਦੇ ਪਾਣੀਆਂ ਦੀ ਇੱਕ ਵੀ ਬੂੰਦ ਗੁਆਂਢੀ ਰਾਜਾਂ ਨੂੰ ਨਹੀਂ ਲੈਣ ਦੇਣਗੇ ਕਿਉਂਕਿ ਪੰਜਾਬ ਦੇ ਪਾਣੀਆਂ ਉੱਤੇ ਕੇਵਲ ਪੰਜਾਬ ਦਾ ਹੀ ਹੱਕ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਜੋ ਲਾਪਤਾ ਹੋ ਚੁੱਕੇ ਸਨ ਉਨ੍ਹਾਂ ਸਬੰਧੀ ਅਜੇ ਤੱਕ ਕੋਈ ਸੁਰਾਗ ਨਹੀਂ ਲੱਗਾ, ਇਸ ਸਬੰਧੀ ਜਲਦੀ ਘੋਖ ਕੀਤੀ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਸਰਕਾਰ ਜਾਣਬੁੱਝ ਕੇ ਪੰਜਾਬ ਨਾਲ ਵਿਤਕਰਾ ਕਰ ਰਹੀ ਹੈ ਅਤੇ ਪੰਜਾਬ ਨੂੰ ਮੁੜ ਮਾੜੇ ਹਾਲਾਤਾਂ ਵੱਲ ਧੱਕਣਾ ਚਾਹੁੰਦੀ ਹੈ। ਉਨ੍ਹਾਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਦੇ ਪਾਣੀਆਂ ਸਬੰਧੀ ਪੰਜਾਬ ਨਾਲ ਧੱਕਾ ਕੀਤਾ ਗਿਆ ਤਾਂ ਸਾਡੀ ਸੰਘਰਸ਼ ਕਮੇਟੀ ਤਿੱਖਾ ਸੰਘਰਸ਼ ਛੇੜਨ ਲਈ ਮਜਬੂਰ ਹੋਵੇਗੀ।

## ਪਿੰਡ ਅਜਰੌਰ ਵਿਚ ਲੱਗੇਗੀ ਕੁਦਰਤੀ ਖੇਤੀ ਤੇ ਸਿਖਲਾਈ ਵਰਕਸ਼ਾਪ



ਪਟਿਆਲਾ,
-ਰੋਜ਼ਾਨਾ ਸਵੇਰਾ-

ਅੱਜ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੇ, ਕੇ ਬਿਰਲਾ ਮੈਮੋਰੀਅਲ ਸੋਸਾਇਟੀ ਦੇ ਸਹਿਯੋਗ ਨਾਲ ਘਨੌਰ ਬਲਾਕ ਦੇ 35 ਪਿੰਡਾਂ ਵਿਚ 1 ਫਰਵਰੀ ਦਿਨ ਬੁੱਧਵਾਰ ਨੂੰ ਅਜਰੌਰ ਵਿਚ ਹੋ ਰਹੀ ਵਰਕਸ਼ਾਪ ਸਬੰਧੀ ਕਿਸਾਨਾਂ ਨਾਲ ਮੀਟਿੰਗ ਕਰਕੇ ਸੱਦੇ ਪੱਤਰ ਵੰਡੇ ਗਏ. ਜਿਸ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨਾਂ ਭਾਗ ਲਿਆ ਅਤੇ ਵਰਕਸ਼ਾਪ ਵਿਚ ਪਹੁੰਚਣ ਦਾ ਅਹਿਦ ਕੀਤਾ. ਜ਼ਿਲਾ ਕੁਆਰਡੀਨੇਟ ਹਰਦੀਪ ਸਿੰਘ ਨੇ ਦੱਸਿਆ ਕਿ ਕੁਦਰਤੀ ਖੇਤੀ ਅੱਜ ਦੇ ਸਮੇਂ ਦੀ ਅਹਿਮ ਲੋੜ ਹੈ. ਅੱਜ ਜਦੋਂ ਅਸੀਂ ਜ਼ਹਿਰ ਵਾਲੀ ਖੇਤੀ ਨਾਲ ਅਨੇਕਾਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਾਂ ਤਾਂ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਪ੍ਰੇਰਿਤ ਕਰਨ ਲਈ ਇਸ ਵਰਕਸ਼ਾਪ ਦਾ ਆਯੋਜਨ ਕੀਤਾ ਜਾ ਰਿਹਾ ਹੈ. ਉਹਨਾਂ ਨੇ ਵੱਡੀ ਗਿਣਤੀ ਵਿਚ ਕਿਸਾਨਾਂ ਨੂੰ ਵਰਕਸ਼ਾਪ ਵਿਚ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਕੇ.ਵੀ.ਐਮ. ਵੱਲੋ ਹਰਦੀਪ ਸਿੰਘ, ਗੁਰਸੇਵਕ ਸਿੰਘ,ਗੁਰਪ੍ਰੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਸਦੀਵੀ ਪ੍ਰਮਾਤਮਾ ਨਾਲ ਨਾਤਾ ਜੋੜਕੇ ਹੀ ਜੀਵਨ ਖੁਸ਼ਹਾਲ ਅਤੇ ਸਾਰਥਕ ਬਣ ਸਕਦਾ ਹੈ: ਮਾਤਾ ਸੁਦੀਕਸ਼ਾ ਜੀ ਮਹਾਰਾਜ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਸਦੀਵੀ ਪ੍ਰਮਾਤਮਾ ਨਾਲ ਨਾਤਾ ਜੋੜਕੇ ਹੀ ਜੀਵਨ ਖੁਸ਼ਹਾਲ ਅਤੇ ਸਾਰਥਕ ਬਣ ਸਕਦਾ ਹੈ। ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਮਹਾਰਾਸ਼ਟਰ ਵਿੱਚ 56ਵੇਂ ਸਲਾਨਾ ਨਿਰੰਕਾਰੀ ਸੰਤ ਸਮਾਗਮ ਦੇ ਪਹਿਲੇ ਦਿਨ ਲੱਖਾਂ ਦੀ ਗਿਣਤੀ ਵਿੱਚ ਮੌਜੂਦ ਵਿਸ਼ਾਲ ਮਾਨਵ ਪਰਿਵਾਰ ਨੂੰ ਸੰਬੋਧਨ ਕਰਦਿਆਂ ਇਹ ਪ੍ਰਵਚਨ ਪ੍ਰਗਟ ਕੀਤੇ।ਇਹ ਤਿੰਨ ਰੋਜ਼ਾ ਸਮਾਗਮ ਬਿਡਕੀਨ ਡੀ.ਐਮ.ਆਈ. ਸੀ., ਔਰੰਗਾਬਾਦ ਦੇ ਵਿਸ਼ਾਲ ਮੈਦਾਨ ਵਿੱਚ ਕਰਵਾਇਆ ਗਿਆ ਹੈ, ਜਿਸ ਵਿੱਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਆਮ ਲੋਕਾਂ ਨੇ ਸ਼ਿਰਕਤ ਕੀਤੀ। ਸਤਿਗੁਰੂ ਮਾਤਾ ਜੀ ਨੇ ਸਮਝਾਇਆ ਕਿ ਜਦੋਂ ਜੀਵਨ ਵਿੱਚ ਕਿਸੇ ਚੀਜ਼ ਦੀ ਕਮੀ ਹੁੰਦੀ ਹੈ ਤਾਂ ਅਸੀਂ ਉਸ ਨੂੰ ਪ੍ਰਾਪਤ ਕਰਨ ਦੀ ਆਸ ਰੱਖਦੇ ਹਾਂ। ਜਦੋਂ ਉਹ ਵਸਤੂ ਪ੍ਰਾਪਤ ਹੋ ਜਾਂਦੀ ਹੈ ਤਾਂ ਸਾਨੂੰ ਕੁਝ ਸਮੇਂ ਲਈ ਖੁਸ਼ੀ ਵੀ ਮਿਲਦੀ ਹੈ। ਪਰ ਉਹ ਖੁਸ਼ੀ ਸਾਡੇ ਜੀਵਨ ਵਿੱਚ ਸਥਿਰ ਨਹੀਂ ਰਹਿੰਦੀ। ਕਿਉਂਕਿ ਇਹ ਪਦਾਰਥਕ ਵਸਤੂਆਂ ਬਦਲਣਯੋਗ ਅਤੇ ਨਾਸ਼ਵਾਨ ਹਨ। ਇਹਨਾਂ ਦੁਨਿਆਵੀ ਸੁੱਖਾਂ ਤੋਂ ਉੱਪਰ, ਆਨੰਦ ਦੀ ਅਵਸਥਾ ਹੈ ਜੋ ਅਵਿਨਾਸ਼ੀ ਪਰਮਾਤਮਾ ਨਾਲ ਅਭੇਦ ਹੋ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਤਿਗੁਰੂ ਮਾਤਾ ਜੀ ਨੇ ਅੱਗੇ ਫਰਮਾਇਆ ਕਿ ਪਰਮਾਤਮਾ ਇੱਕ ਅਜਿਹੀ ਅਸਲੀਅਤ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪ੍ਰਮਾਤਮਾ ਹਰ ਸਮੇਂ ਜੀਵਨ ਵਿੱਚ ਸਥਿਰ ਰਹਿੰਦਾ ਹੈ। ਇਹ ਨਾ ਘਟਦਾ ਹੈ ਅਤੇ ਨਾ ਵਧਦਾ ਹੈ। ਇਹ ਨਾ ਤਾਂ ਸੜਦਾ ਹੈ ਅਤੇ ਨਾ ਹੀ ਕੱਟਦਾ ਹੈ। ਇਹ ਕਿਸੇ ਵੀ ਆਕਾਰ ਨਾਲ ਜੁੜਿਆ ਨਹੀਂ ਹੈ। ਜੇਕਰ ਇਸ ਪਰਮ ਹੋਂਦ ਦੇ ਆਧਾਰ 'ਤੇ ਅਜਿਹਾ ਜੀਵਨ ਬਤੀਤ ਕੀਤਾ ਜਾਵੇ ਤਾਂ ਕੋਈ ਵੀ ਮਾੜੀ ਸਥਿਤੀ ਮਨ ਨੂੰ ਉਦਾਸ ਨਹੀਂ ਕਰ ਸਕਦੀ ਅਤੇ ਚੰਗੀ ਸਥਿਤੀ ਵਿਚ ਵੀ ਅਸੀਂ ਆਪਣੇ ਹੋਸ਼ ਨਹੀਂ ਗੁਆਉਂਦੇ।ਸਤਿਗੁਰੂ ਮਾਤਾ ਜੀ ਨੇ ਅੰਤ ਵਿੱਚ ਦੱਸਿਆ ਕਿ ਸਾਡੇ ਕੋਲ ਤਨ, ਮਨ ਅਤੇ ਧਨ ਦੇ ਰੂਪ ਵਿੱਚ ਜੋ ਵੀ ਵਸਤੂਆਂ ਹਨ, ਉਹ ਪ੍ਰਮਾਤਮਾ ਦੀ ਹੀ ਦਾਤ ਹਨ। ਪਰਮਾਤਮਾ ਜਦੋਂ ਚਾਹੇ ਉਨ੍ਹਾਂ ਨੂੰ ਵਾਪਸ ਲੈ ਸਕਦਾ ਹੈ। ਜੇ ਇਹ ਚੀਜ਼ਾਂ ਸਾਡੀਆਂ ਹੁੰਦੀਆਂ, ਤਾਂ ਸਾਡਾ ਵੀ ਇਨ੍ਹਾਂ 'ਤੇ ਕਾਬੂ ਹੁੰਦਾ। ਫਿਰ ਜਦੋਂ ਸਰੀਰ ਵਿੱਚ ਕੋ 55 ਅਸ ਫ਼ਫ਼ ਡਦਫਦ ਵਾਂਸਮੱਸਿਆ ਹੁੰਦੀ ਹੈ ਤਾਂ ਅਸੀਂ 4 ਡਾਕਟਰ ਕੋਲ ਨਹੀਂ ਜਾਂਦੇ, ਅਸੀਂ ਖੁਦ ਹੀ ਠੀਕ ਕਰਦੇ ਹਾਂ। ਜੇ ਸਾਡੇ ਕੋਲ ਕਾਬੂ ਹੁੰਦਾ, ਤਾਂ ਅਸੀਂ ਬੁਢਾਪੇ ਵਿਚ ਵਾਲਾਂ ਨੂੰ ਸਫੈਦ ਜਾਂ ਸਰੀਰ 'ਤੇ ਝੁਰੜੀਆਂ ਨਾ ਹੋਣ ਦਿੰਦੇ। ਇਹ ਚੀਜ਼ਾਂ ਕੁਝ ਸਮੇਂ ਲਈ ਹੀ ਸਾਡੇ ਕੋਲ ਰਹਿੰਦੀਆਂ ਹਨ। ਇਸ ਲਈ, ਆਓ ਅਸੀਂ ਇਨ੍ਹਾਂ ਦੀ ਚੰਗੀ ਵਰਤੋਂ ਕਰੀਏ।
ਅੰਤ ਵਿਚ ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਧਾਰਮਿਕ ਗ੍ਰੰਥਾਂ ਵਿਚ ਇਹ ਸਮਝਾਇਆ ਗਿਆ ਹੈ ਕਿ ਇਨਸਾਨੀ ਜਨਮ ਕੇਵਲ ਸਰੀਰਕ ਕਿਰਤ ਕਰਨ ਲਈ ਨਹੀਂ ਹੈ, ਸਗੋਂ ਇਸ ਜਨਮ ਵਿਚ ਅਸੀਂ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਆਪਣੀ ਆਤਮਾ ਨੂੰ ਪਰਮਾਤਮਾ ਨਾਲ ਜੋੜ ਕੇ ਮੁਕਤੀ ਦਾ ਲਾਭ ਪ੍ਰਾਪਤ ਕਰ ਸਕਦੇ ਹਾਂ ।ਸਮਾਗਮ ਦੇ ਦੂਜੇ ਦਿਨ ਦੀ ਸ਼ੁਰੂਆਤ ਪ੍ਰਭਾਵਸ਼ਾਲੀ ਸੇਵਾ ਦਲ ਰੈਲੀ ਨਾਲ ਹੋਈ। ਸੇਵਾ ਦਲ ਦੇ ਹਜ਼ਾਰਾਂ ਮਰਦ ਅਤੇ ਮਹਿਲਾ ਵਲੰਟੀਅਰਾਂ ਨੇ ਆਪੋ-ਆਪਣੀ ਵਰਦੀ ਪਹਿਨ ਕੇ ਸੇਵਾ ਦਲ ਦੀ ਇਸ ਰੈਲੀ ਵਿੱਚ ਸ਼ਮੂਲੀਅਤ ਕੀਤੀ। ਜਿਵੇਂ ਹੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਰੈਲੀ ਵਿੱਚ ਪਹੁੰਚੇ ਤਾਂ ਮਿਸ਼ਨ ਦੇ ਸੇਵਾਦਲ ਦੇ ਅਧਿਕਾਰੀਆਂ ਨੇ ਇਸ ਰੂਹਾਨੀ ਜੋੜੀ ਦਾ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਇਸ ਤੋਂ ਬਾਅਦ ਰੂਹਾਨੀ ਜੋੜੀ ਨੇ ਸੇਵਾਦਲ ਰੈਲੀ ਦਾ ਨਿਰੀਖਣ ਕੀਤਾ ਅਤੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਮਿਸ਼ਨ ਦੀ ਸ਼ਾਂਤੀ ਦਾ ਪ੍ਰਤੀਕ ਚਿੱਟਾ ਝੰਡਾ ਲਹਿਰਾਇਆ।ਰੈਲੀ ਵਿੱਚ ਮਿਸ਼ਨ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਸਕਿੱਟ ਪੇਸ਼ ਕੀਤੇ ਗਏ, ਜਿਸ ਰਾਹੀਂ ਭਗਤੀ ਵਿੱਚ ਸੇਵਾ ਦੀ ਮਹੱਤਤਾ 'ਤੇ ਚਾਨਣਾ ਪਾਇਆ ਗਿਆ। ਇਨ੍ਹਾਂ ਵਿਚ ਮੁੱਖ ਤੌਰ 'ਤੇ ਸੇਵਾ ਤੋਂ ਬਦਲਾਓ, ਸਥਿਤੀ ਨੂੰ ਅੱਖਾਂ ਨਾਲ ਦੇਖੋ, ਪਹਿਲਾਂ ਇਨਸਾਨ ਬਣੋ, ਸੇਵਾ ਵਿਚ ਚੇਤਨਾ ਬਹੁਤ ਹੀ ਸ਼ਲਾਘਾਯੋਗ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸਰੀਰਕ ਕਸਰਤ, ਯੋਗਾ ਅਤੇ ਮੱਲਖੰਭ ਵਰਗੇ ਸਰੀਰਕ ਕਾਰਨਾਮੇ ਆਦਿ ਤੇ ਅਧਾਰਿਤ ਕਈ ਆਈਟਮਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਰਾਹੀਂ ਉਨ੍ਹਾਂ ਦੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ 'ਤੇ ਜ਼ੋਰ ਦਿੱਤਾ ਗਿਆ।
ਇਸ ਰੈਲੀ ਵਿੱਚ ਸੇਵਾਦਲ ਦੀਆਂ ਭੈਣਾਂ ਅਤੇ ਭਰਾਵਾਂ ਨੂੰ ਆਪਣਾ ਆਸ਼ੀਰਵਾਦ ਦਿੰਦਿਆਂ ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਬ੍ਰਹਮਗਿਆਨੀ ਹਰ ਵੇਲੇ ਸੇਵਾਦਾਰ ਹੁੰਦਾ ਹੈ। ਜਦੋਂ ਉਹ ਨਿਰੰਕਾਰ ਪ੍ਰਮਾਤਮਾ ਨੂੰ ਅਨੁਭਵ ਕਰਦਾ ਹੈ, ਉਦੋਂ ਹੀ ਉਸਦੇ ਮਨ ਵਿੱਚ ਸਮੁੱਚੀ ਮਨੁੱਖਤਾ ਦੀ ਸੇਵਾ ਦੀ ਭਾਵਨਾ ਜਾਗਦੀ ਹੈ। ਵਰਦੀ ਪਾ ਕੇ ਜਾਂ ਬਿਨਾਂ ਵਰਦੀ ਦੇ ਸੇਵਾ ਕੀਤੀ ਜਾ ਸਕਦੀ ਹੈ, ਪਰ ਜਦੋਂ ਵਰਦੀ ਪਾ ਕੇ ਸੇਵਾ ਕੀਤੀ ਜਾਵੇ ਤਾਂ ਇਸ ਦੀ ਜ਼ਿੰਮੇਵਾਰੀ ਵੱਧ ਜਾਂਦੀ ਹੈ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਲਵੇਗੀ ਜੀਂਦ ਮਹਾਰੈਲੀ ਵਿੱਚ ਵੱਧ ਚੜਕੇ ਹਿੱਸਾ: ਹਰਭਜਨ ਸਿੰਘ ਬੁੱਟਰ



**ਖਨੌਰੀ,**
**-ਰੋਜ਼ਾਨਾ ਸਵੇਰਾ-**

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵਲੋਂ 26 ਜਨਵਰੀ ਨੂੰ ਜੀਂਦ ਵਿਖੇ ਹੋਣ ਜਾ ਰਹੀ 7 ਸਟੇਟਾਂ ਦੀ ਕਿਸਾਨ ਮਹਾਂਰੈਲੀ ਸੰਬੰਧੀ ਅਤੇ ਭਵਿੱਖੀ ਰਣਨੀਤੀ ਉਲੀਕਣ ਹਿੱਤ ਹੰਗਾਮੀ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਵਿਸ਼ੇਸ਼ ਤੋਰ ਤੇ ਪਹੁੰਚੇ ਸੂਬਾ ਆਗੂ ਹਰਭਜਨ ਸਿੰਘ ਬੁੱਟਰ ਵਲੋਂ ਕੀਤੀ ਗਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਿਰਕਤ ਕੀਤੀ। ਪ੍ਰਧਾਨ ਹਰਭਜਨ ਸਿੰਘ ਬੁੱਟਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ 26 ਜਨਵਰੀ ਨੂੰ ਜੀਂਦ ਵਿਖੇ ਹੋਣ ਜਾ ਰਹੀ ਕਿਸਾਨ ਮਹਾਰੈਲੀ ਵਿੱਚ ਜਿੱਥੇ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ ਜਥੇਬੰਦੀ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦਾ ਕਾਡਰ ਭਾਗ ਲਵੇਗਾ ਉੱਥੇ ਹੀ ਬਲਾਕ ਪਾਤੜਾਂ ਵੀ 25 ਤੋਂ ਵੱਧ ਗੱਡੀਆਂ ਦੇ ਕਾਫ਼ਲੇ ਨਾਲ ਸ਼ਾਮਿਲ ਹੋਵੇਗਾ। ਉਨ੍ਹਾਂ ਦੱਸਿਆ ਕਿ ਜਥੇਬੰਦੀ ਕਿਸਾਨੀ ਮੰਗਾਂ ਲਈ ਦ੍ਰਿੜ ਖਾੜਕੂ ਘੋਲਾਂ ਦੀ ਹਾਮੀ ਹੈ। ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਕੀਤੇ ਵਾਅਦੇ ਬਿਨਾਂ ਦੇਰ ਪੂਰੇ ਕਰਨੇ ਚਾਹੀਦੇ ਹਨ। ਲਖੀਮਪੁਰ ਖੀਰੀ ਕਤਲੇਆਮ ਦਾ ਇਨਸਾਫ਼ ਨਾ ਮਿਲਣਾ ਲੋਕਤੰਤਰ ਦੇ ਮੱਥੇ ਤੇ ਕਲੰਕ ਹੈ। ਜਥੇਬੰਦੀ ਕਿਸਾਨੀ ਮੰਗਾਂ ਜਿਵੇ ਕੀ ਕਿਸਾਨ ਬੁਢਾਪਾ ਪੈਨਸਨ, ਕਰਜਾ ਮੁਆਫੀ , ਘੱਟੋ ਘੱਟ ਸਮਰਥਨ ਮੁੱਲ ਆਦਿਕ ਮੰਗਾਂ ਤੇ ਡੱਟਵਾ ਸੰਘਰਸ ਕਰ ਰਹੀ ਹੈ।ਜਥੇਬੰਦੀ ਨਿਮਨ ਕਿਸਾਨੀ ਨੂੰ ਬਚਾਉਣ ਲਈ ਦ੍ਰਿੜ ਹੈ। ਉਨਾਂ ਨੇ ਪੰਜਾਬ ਦੇ ਲੋਕਾਂ ਨੂੰ ਕਿਸਾਨੀ ਝੰਡੇ ਹੇਠ ਲਾਮਬੰਦ ਹੋਣ ਦਾ ਸੱਦਾ ਦਿੱਤਾ।

ਇਸ ਮੋਕੇ ਜਥੇਬੰਦੀ ਦੇ ਜਿਲਾ ਮੀਤ ਪ੍ਰਧਾਨ ਹਰਭਜਨ ਸਿੰਘ ਧੂਹੜ , ਜਨਰਲ ਸਕੱਤਰ ਸੁਖਦੇਵ ਸਿੰਘ ਹਰਿਆਊ , ਬੀਬੀ ਚਰਨਜੀਤ ਕੌਰ ਧੂੜੀਆਂ , ਸੂਬੇਦਾਰ ਨਰਾਤਾ ਸਿੰਘ , ਸਾਹਬ ਸਿੰਘ ਦੁਤਾਲ, ਕੁਲਵੰਤ ਸਿੰਘ ਸੇਰਗੜ , ਰਘਬੀਰ ਸਿੰਘ ਨਿਆਲ ਨੇ ਵੀ ਸੰਬੋਧਨ ਕੀਤਾ।ਇਸ ਸਮੇਂ ਕੁਲਦੀਪ ਸਿੰਘ ਦੁਤਾਲ, ਸਰਪੰਚ ਬੁੱਢਾ ਸਿੰਘ, ਜਰਨੈਲ ਸਿੰਘ ਦੁਗਾਲ , ਲਾਭ ਸਿੰਘ ਦੁਗਾਲ,ਜੁਗਿੰਦਰ ਸਿੰਘ ਪੈਂਦ, ਜਾਨਪਾਲ ਸਿੰਘ ਕਾਗਥਲਾ, ਗੁਰਦੇਵ ਸਿੰਘ , ਜਲੰਧਰ ਸਿੰਘ, ਸੁਬੇਗ ਸਿੰਘ, ਮਨਜੀਤ ਸਿੰਘ ਤੇਈਪੁਰ , ਬੇਅੰਤ ਸਿੰਘ ਨਾਈਵਾਲਾ, ਵਰਿਆਮ ਸਿੰਘ ਸਾਗਰਾ ,ਗੁਰਜੰਟ ਸਿੰਘ ਧੂਹੜ, ਅਮਰੀਕ ਸਿੰਘ ਦਿਓਗੜ, ਫ਼ਤਿਹ ਸਿੰਘ ਜੋਗੇਵਾਲਾ , ਸਤਨਾਮ ਸਿੰਘ ਪਲਾਸੋਰ , ਜੋਰਾ ਸਿੰਘ ਭੂਤਗੜ, ਬਲਵਿੰਦਰ ਸਿੰਘ ਹਰਿਆਊ ਕਲਾਂ , ਨਿਸ਼ਾਨ ਸਿੰਘ ਹਰਿਆਊ ਖੁਰਦ, ਮੇਜਰ ਸਿੰਘ ਗੁਲਾੜ, ਸੁਖਵਿੰਦਰ ਸਿੰਘ ਠਰੂਆ, ਨਿਰਭੈ ਸਿੰਘ ਭੋਲਾ ,ਲਖਵਿੰਦਰ ਸਿੰਘ ਪਲਾਸੋਰ, ਹਰਮੇਲ ਸਿੰਘ ਦਿੱਉਗੜ , ਰਾਜਾ ਸਿੰਘ ਸੇਰਗੜ, ਜਰਨੈਲ ਸਿੰਘ ਬਕਰਾਹਾ , ਹਰਦੇਵ ਸਿੰਘ , ਪਰਵਿੰਦਰ ਸਿੰਘ, ਗੁਰਜੀਤ ਸਿੰਘ ਕੰਗ,ਹਰਵੀਰ ਸਿੰਘ ਬਕਰਾਹਾ,ਰਣਜੀਤ ਸਿੰਘ, ਬਚਿੱਤਰ ਸਿੰਘ ਸਿਉਨਾ, ਰਣਜੀਤ ਸਿੰਘ ਖਾਸਪੁਰ , ਹਰਜੀਤ ਸਿੰਘ ਝੀਲ,ਅਜਮੇਰ ਸਿੰਘ ਚਿੱਚੜਵਾਲਾ, ਸੁਖਵੰਤ ਸਿੰਘ ਸਾਗਰਾ, ਵਿੱਕੀ ਬਣਵਾਲਾ , ਮਹਿਦ ਸਿੰਘ ਨਿਆਲ, ਲਾਭ ਸਿੰਘ ਨਿਆਲ ਅਤੇ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ।

# ਦਾ ਆਕਸਫੋਰਡ ਇੰਟਰਨੈਸ਼ਨਲ ਪਬਲਿਕ ਸਕੂਲ, ਮੂਨਕ ਵਿਖੇ ਮਨਾਇਆ ਬਸੰਤ ਪੰਚਮੀ ਦਾ ਤਿਉਹਾਰ



**ਮੂਨਕ,**
**-ਰੋਜ਼ਾਨਾ ਸਵੇਰਾ-**

ਦਾ ਆਕਸਫੋਰਡ ਇੰਟਰਨੈਸ਼ਨਲ ਪਬਲਿਕ ਸਕੂਲ, ਰਾਮਗੜ੍ਹ ਗੁੱਜਰਾਂ'ਚ ਬਸੰਤ ਪੰਚਮੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਤਿਉਹਾਰ ਦੀ ਸ਼ੁਰੂਆਤ ਮਾਤਾ ਸਰਸਵਤੀ ਦੀ ਪੂਜਾ ਨਾਲ ਸਕੂਲ ਪ੍ਰਿੰਸੀਪਲ ਜਸਵਿੰਦਰ ਚੀਮਾਂ ਅਤੇ ਸਕੂਲ ਮਨੇਜਮੈਂਟ ਕਮੇਟੀ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਤੇ ਸਕੂਲ ਦੇ ਬੱਚਿਆਂ ਵੱਲੋਂ ਪੀਲੇ ਰੰਗ ਦੇ ਕੱਪੜੇ ਪਾ ਕੇ ਡਾਂਸ ਅਤੇ ਕਵਿਤਾਵਾਂ ਦੇ ਨਾਲ ਆਪਣੀ ਪ੍ਰਤਿਭਾ ਨੂੰ ਉਜਾਗਰ ਕੀਤਾ।ਸਕੂਲ ਵੱਲੋਂ ਬੱਚਿਆਂ ਨੂੰ ਮਿੱਠੇ ਰੰਗਦਾਰ ਚਾਵਲ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਵੰਡਿਆ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜਸਵਿੰਦਰ ਚੀਮਾਂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਇਸ ਤਿਉਹਾਰ ਨੂੰ ਮਨਾਉਣ ਦਾ ਮਕਦਸ ਬੱਚਿਆਂ ਨੂੰ ਰੰਗਾਂ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਇਹ ਵੀ ਦੱਸਿਆ ਕਿ ਇਹ ਤਿਉਹਾਰ ਸਰਦੀਆਂ ਦੇ ਮੌਸਮ ਦਾ ਖਤਮ ਹੋਣ ਦਾ ਸੂਚਕ ਹੈ। ਬਸੰਤ ਰੁੱਤ ਆਉਣ ਨਾਲ ਫੁੱਲ ਖਿੜਦੇ ਹਨ, ਜਿਹੜੇ ਕੁਦਰਤ ਨੂੰ ਚਾਰ ਚੰਨ ਲਗਾਉਂਦੇ ਹਨ।ਇਸ ਮੌਕੇ ਸਕੂਲ ਦੇ ਅਧਿਆਪਕ ਸੁਨੀਤਾ, ਪ੍ਰੀਤਪਾਲ ਕੌਰ, ਹਰਜੀਤ ਕੌਰ, ਮਨਦੀਪ ਕੌਰ, ਮੁੰਦਰਾ, ਨਵਦੀਪ ਕੌਰ, ਨੀਕਿਤਾ, ਗੀਤੂ, ਲਾਡੀ, ਸੁਖਵਿੰਦਰ ਕੌਰ, ਸੁਖਦੇਵ ਸਿੰਘ, ਪਵਨ ਅਦਿ ਸਟਾਫ਼ ਹਾਜ਼ਰ ਰਿਹਾ।

# ਅਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇਣਾ, ਕਿਸਾਨਾਂ ਦੇ ਜ਼ਖਮਾਂ ਉੱਪਰ ਲੂਣ ਭੁੱਕਣ ਸਮਾਨ: ਇਨਕਲਾਬੀ ਕੇਂਦਰ

**ਸੰਗਰੂਰ,**
**-ਰੋਜ਼ਾਨਾ ਸਵੇਰਾ-**

ਇਨਕਲਾਬੀ ਕੇਂਦਰ, ਪੰਜਾਬ ਨੇ ਸੁਪਰੀਮ ਕੋਰਟ ਵੱਲੋਂ ਲਖੀਮਪੁਰ ਖੀਰੀ ਕਤਲੇਆਮ ਵਿੱਚ ਦੋਸ਼ੀ ਅਸ਼ੀਸ਼ ਮਿਸ਼ਰਾ (ਮੋਨੂੰ) ਨੂੰ ਜ਼ਮਾਨਤ ਦੇਣ ਉੱਪਰ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਇਨਕਲਾਬੀ ਕੇਂਦਰ, ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੁੱਝ ਦਿਨ ਪਹਿਲਾਂ ਅਸ਼ੀਸ਼ ਮਿਸ਼ਰਾ ਦੀ ਜ਼ਮਾਨਤ ਉੱਪਰ ਹੋਈ ਸੁਣਵਾਈ ਸਮੇਂ ਦਿੱਤੀਆਂ ਦਲੀਲਾਂ ਸੱਚਾਈ ਤੋਂ 180% ਉਲਟ ਸਨ।।

ਇਨਸਾਫ਼ ਦਾ ਤਰਾਜੂ ਫੜੀ ਬੈਠੇ ਜੱਜਾਂ ਤੋਂ ਲੋਕਾਈ ਇਨਸਾਫ ਦੀ ਉਡੀਕ ਕਰਦੀ ਹੈ, ਉੱਥੇ ਬੈਠੇ ਜੱਜ ਅਜਿਹੇ ਕਾਤਲਾਂ ਨੂੰ ਜ਼ਮਾਨਤ ਦੇਣ, ਇਹ ਅਤਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਦੂਜੇ ਪਾਸੇ ਸਟੇਟ/ਰਿਆਸਤ ਦੇ ਉਲਟ ਵਿਚਾਰ ਰੱਖਣ ਵਾਲੀਆਂ ਸੈਂਕੜੇ ਆਵਾਜ਼ਾਂ ਨੂੰ ਮੋਦੀ ਹਕੂਮਤ ਨੇ ਦੇਸ਼ਧ੍ਰੋਹੀ ਕਾਨੂੰਨ ਤਹਿਤ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਵਿੱਚ ਕੈਦ ਕਰ ਰੱਖਿਆ ਹੈ। ਇਸ ਵਿੱਚ ਦੇਸ਼ ਦੇ ਉੱਚਕੋਟੀ ਦੇ ਬੁੱਧੀਜੀਵੀ, ਸਮਾਜਿਕ ਕਾਰਕੁੰਨ, ਵਕੀਲ ਅਤੇ ਪੱਤਰਕਾਰ ਸ਼ਾਮਿਲ ਹਨ।।



ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀ ਜੇਲ੍ਹਾਂ ਵਿੱਚ ਬੰਦ ਹਨ।ਆਗੂਆਂ ਨੇ ਕਿਹਾ ਕਿ ਹੈਰਾਨੀਜਨਕ ਤੱਥ ਇਹ ਹੈ ਚਾਰ ਸਾਲ ਦਾ ਸਮਾਂ ਬੀਤ ਜਾਣ ਬਾਅਦ ਵੀ ਇਨ੍ਹਾਂ ਖਿਲਾਫ਼ ਪੁਲਿਸ ਨੇ ਚਾਰਜਸ਼ੀਟ ਵੀ ਦਾਖਲ ਨਹੀਂ ਕੀਤੀ। ਇਨਸਾਫ ਦੀ ਉਡੀਕ ਕਰਦਿਆਂ ਕਰਦਿਆਂ ਫਾਦਰ ਸਟੇਨ ਸਵਾਮੀ ਦੀ ਜੇਲ੍ਹ ਵਿੱਚ ਹੀ ਮੌਤ ਹੋ ਗਈ ਹੈ।।

ਵਡੇਰੀ ਉਮਰ ਅਤੇ ਪ੍ਰੋ ਜੀ ਐੱਨ ਸਾਈਂਬਾਬਾ ਨੂੰ 90% ਅਪਾਹਜ਼ ਹੋਣ ਦੇ ਬਾਵਜੂਦ ਜ਼ਮਾਨਤ ਦੇ ਹੱਕ ਤੋਂ ਵੀ ਵਾਂਝਿਆਂ ਕੀਤਾ ਹੋਇਆ ਹੈ। ਕਿੰਨੇ ਹੀ ਕੈਦੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ। ਸੁਪਰੀਮ ਕੋਰਟ ਇਨ੍ਹਾਂ ਮਸਲਿਆਂ ਪ੍ਰਤੀ ਮੌਨ ਹੈ। ਸੁਪਰੀਮ ਕੋਰਟ ਮੋਦੀ ਸਰਕਾਰ ਦੇ ਅਜਿਹੇ ਤਾਨਾਸ਼ਾਹ ਰੱਵਈਏ ਪ੍ਰਤੀ ਅੱਖਾਂ ਮੀਚ ਕੇ ਉਸ ਨਾਲ ਕਦਮ ਤਾਲ ਮਿਲਾਕੇ ਚੱਲ ਰਹੀ ਹੈ।

। ਕਿਉਂਕਿ ਰਾਮ ਜਨਮ ਭੂਮੀ, ਧਾਰਾ-370, ਬਿਲਕੀਸ ਬਾਨੋ ਦੇ ਦੋਸ਼ੀਆਂ ਦੀ ਰਿਹਾਈ, ਨੋਟ ਬੰਦੀ ਆਦਿ ਅਹਿਮ ਵੱਡੀ ਲੋਕਾਈ ਨਾਲ ਸਰੋਕਾਰ ਰੱਖਦੇ ਮਸਲਿਆਂ ਸਮੇਂ ਸੁਪਰੀਮ ਕੋਰਟ ਨੇ ਮੋਦੀ ਸਰਕਾਰ ਦੀ ਹਾਂ ਵਿੱਚ ਹਾਂ ਹੀ ਮਿਲਾਈ ਹੈ। ਅਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇਣ ਸਮੇਂ ਦਿੱਲੀ ਅਤੇ ਯੂ ਪੀ ਨਾਂ ਜਾਣ ਦੀ ਸ਼ਰਤ ਲਗਾਉਣਾ ਵਿਖਾਵਾ ਕਰਨ ਤੋਂ ਸਿਵਾਏ ਕੁੱਝ ਵੀ ਨਹੀਂ ਹੈ। ਇਸ ਲਈ ਵਿਸ਼ਾਲ ਲੋਕਾਈ ਨੂੰ ਆਪਣੇ ਜਥੇਬੰਦਕ ਸੰਘਰਸ਼ਾਂ ਦਾ ਪਿੜ ਮੱਲਣ ਲਈ ਅੱਗੇ ਆਉਣਾ ਚਾਹੀਦਾ ਹੈ।

# ਇਤਿਹਾਸਕ ਧਰਤੀ ਵੱਡਾ ਘੱਲੂਘਾਰਾ ਕੁੱਪ-ਰੋਹੀੜਾ ਵਿਖੇ ਸਲਾਨਾ ਸ਼ਹੀਦੀ ਜੋੜ-ਮੇਲਾ 3 ਫਰਵਰੀ ਤੋਂ ਸ਼ੁਰੂ



**ਮਾਲੇਰਕੋਟਲਾ,**
**-ਰੋਜ਼ਾਨਾ ਸਵੇਰਾ-**

ਵੱਡਾ ਘੱਲੂਘਾਰਾ ਦੇ 35 ਹਜ਼ਾਰ ਸ਼ਹੀਦ ਸਿੰਘਾਂ ਦੀ ਸ਼ਹਾਦਤ ਦੀ ਯਾਦ ਵਿੱਚ ਸੁਸ਼ੋਭਿਤ ਗੁਰਦੁਆਰਾ ਸ਼ਹੀਦ ਗੰਜ ਵੱਡਾ ਘੱਲੂਘਾਰਾ ਕੁੱਪ-ਰੋਹੀੜਾ ਵਿਖੇ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਜੋੜ-ਮੇਲਾ 3,4 ਤੇ 5 ਫਰਵਰੀ ਨੂੰ ਸਿੱਖ ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਉਪਰੋਕਤ ਜਾਣਕਾਰੀ ਦਿੰਦੇ ਹੋਏ ਕਲੱਬ ਪ੍ਰਧਾਨ ਬਲਵਿੰਦਰ ਸਿੰਘ, ਕਲੱਬ ਆਗੂ ਸੂਰਤ ਸਿੰਘ ਅਤੇ ਸਾਬਕਾ ਸਰਪੰਚ ਹਰਚੰਦ ਸਿੰਘ ਨੇ ਦੱਸਿਆ ਕਿ ਬਾਬਾ ਜਗਤਾਰ ਸਿੰਘ ਤਰਨਤਾਰਨ ਅਤੇ ਬਾਬਾ ਕਿਰਪਾਲ ਸਿੰਘ ਭਵਾਨੀਗੜ੍ਹ ਕਾਰ ਸੇਵਾ ਵਾਲਿਆਂ ਦੀ ਦੇਖ-ਰੇਖ ਹੇਠ ਕਰਵਾਏ ਜਾ ਰਹੇ ਸਲਾਨਾ ਸ਼ਹੀਦੀ ਦੌਰਾਨ ਤਿੰਨ ਫਰਵਰੀ ਨੂੰ ਸਵੇਰੇ ਸ੍ਰੀ ਅਖੰਡ ਪਾਠ ਆਰੰਭ ਕਰਵਾਏ ਜਾਣਗੇ ਉਪਰੰਤ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਗੁਰਦੁਆਰਾ ਸਾਹਿਬ ਵੱਡਾ ਘੱਲੂਘਾਰਾ ਤੋਂ ਆਰੰਭ ਹੋ ਕੇ ਵੱਖ- ਵੱਖ ਪਿੰਡਾਂ ਵਿੱਚੋਂ ਦੀ ਹੁੰਦਾ ਹੋਇਆ ਵਾਪਸ ਨਿੱਜ ਅਸਥਾਨ ਤੇ ਪੁੱਜੇਗਾ ਅਤੇ 4 ਫਰਵਰੀ ਨੂੰ ਗੁਰਮਤਿ ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ ਜਿਸ ਵਿੱਚ ਕਵੀਸ਼ਰੀ ਜਥਾ ,ਢਾਡੀ ਜੱਥਾ ਤੇ ਕੀਰਤਨੀ ਜਥਾ ਅਹਿਮਦਗੜ੍ਹ ਕੀਰਤਨ ਵਿਖਿਆਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।।

ਅਖੀਰਲੇ ਦਿਨ 5 ਫਰਵਰੀ ਨੂੰ ਭੋਗ ਉਪਰੰਤ ਭਾਈ ਉਂਕਾਰ ਸਿੰਘ ਰਈਆ ਸਬਦ ਕੀਰਤਨ ਅਤੇ ਕਥਾ ਵਾਚਕ ਗਿਆਨੀ ਜਗਤਾਰ ਸਿੰਘ ਜੀ, ਇੰਟਰਨੈਸ਼ਨਲ ਢਾਡੀ ਜੱਥਾ ਗਿਆਨੀ ਜਤਿੰਦਰ ਸਿੰਘ ਨੂਰਪੁਰੀ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਬਾਬਾ ਕ੍ਰਿਪਾਲ ਸਿੰਘ, ਜਥੇਦਾਰ ਬਾਬਾ ਕਾਲਾ ਸਿੰਘ, ਬਾਬਾ ਨਿਰਮਲ ਸਿੰਘ, ਸਾਬਕਾ ਚੇਅਰਮੈਨ ਨਿਰਮਲ ਸਿੰਘ ਬੌੜਹਾਈ ਕਲਾਂ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ ਫੌਜੀ, ਤਿਰਲੋਚਨ ਸਿੰਘ ਖੇੜਾ ਦਵਿੰਦਰ ਸਿੰਘ ਹੈੱਡ ਗ੍ਰੰਥੀ, ਸੁਖਦੇਵ ਸਿੰਘ ਚੀਮਾ, ਸੰਤੋਖ ਸਿੰਘ, ਨੰਬਰਦਾਰ ਗੁਰਮੇਲ ਸਿੰਘ, ਬਿੰਦਰ ਸਿੰਘ, ਹਰਨੇਕ ਸਿੰਘ ਜੋਗੀਮਾਜਰਾ, ਜਗਦੇਵ ਸਿੰਘ, ਗੁਲਜ਼ਾਰ ਸਿੰਘ, ਚਮਕੌਰ ਸਿੰਘ, ਅਜਮੇਰ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ॥

# ਅੰਤਰਾਸ਼ਟਰੀ ਮਿਲਟ ਸਾਲ-2023 ਦੌਰਾਨ ਲੋਕਾਂ ਨੂੰ ਮਿਲਟ ਆਮ ਜਿੰਦਗੀ ਵਿੱਚ ਅਪਨਾਉਣ ਸਬੰਧੀ ਦਿੱਤਾ ਸੁਨੇਹਾ



**ਭਵਾਨੀਗੜ੍ਹ,**
**-ਰੋਜ਼ਾਨਾ ਸਵੇਰਾ-**

ਮਨੁੱਖੀ ਸਿਹਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਸਾਲ 2023 ਦੌਰਾਨ ਮਨਾਏ ਜਾ ਰਹੇ ਅੰਤਰਾਸ਼ਟਰੀ ਮਿਲਟ ਸਾਲ (AYM-B@B3) ਨੂੰ ਸਮਰਪਿਤ, ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਡਾ: ਗੁਰਵਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫਸਰ ਸੰਗਰੂਰ ਡਾ: ਹਰਬੰਸ ਸਿੰਘ ਚਹਿਲ ਦੀ ਯੋਗ ਅਗਵਾਈ ਹੇਠ ਫਸਲੀ ਵਿਭਿੰਨਤਾ ਪ੍ਰੋਗਰਾਮ ਅਧੀਨ ਕਿਸਾਨਾਂ ਨੂੰ ਮਿਲਟ ਦੀਆਂ ਫਸਲਾਂ ਜਿਵੇਂ ਜਵਾਰ,ਬਾਜਰਾ, ਬਾਜਰੀ,ਰਾਗੀ, ਕੋਦਰਾ, ਕੰਗਣੀ ਆਦਿ ਦੀ ਉਤਪਾਦਨ ਤਕਨੀਕਾਂ, ਲਾਗਤ, ਮੰਡੀਕਰਣ ਪ੍ਰਕ੍ਰਿਆ ਅਤੇ ਖਾਧ ਪਦਾਰਥਾਂ ਦੀ ਪ੍ਰੋਸੈਸਿੰਗ ਸੰਬੰਧੀ ਜਾਣਕਾਰੀ ਦੇਣ ਲਈ ਜਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਭਵਾਨੀਗੜ ਵਿਖੇ ਲਗਾਇਆ ਗਿਆ।ਇਸ ਕੈਂਪ ਵਿੱਚ ਖੇਤੀਬਾੜੀ ਵਿਭਾਗ ਦੇ ਵੱਖ ਵੱਖ ਮਾਹਿਰਾਂ ਤੋਂ ਇਲਾਵਾ ਪੀ ਏ ਯੂ ਲੁਧਿਆਣਾ ਦੀ ਟੀਮ ਵਲੋਂ ਭਾਗ ਲਿਆ ਅਤੇ ਵੱਖ ਵੱਖ ਬੁਲਾਰਿਆ ਵਲੋਂ ਕਿਸਾਨਾਂ ਨੂੰ ਮਿਲਟ ਦੀਆਂ ਫਸਲਾਂ ਤੇ ਜਾਣਕਾਰੀ ਮੁਹੱਈਆ ਕਰਵਾਈ।ਇਸ ਦੌਰਾਨ ਡਾ: ਰੁਚਿਕਾ ਭਾਰਦਵਾਜ ਸੀਨੀਅਰ ਪਲਾਂਟ ਬਰੀਡਰ ਵਲੋਂ ਕਿਸਾਨਾਂ ਨੂੰ ਮਿਲਟਾਂ ਦੀਆਂ ਕਿਸਮਾਂ, ਇਸ ਦੇ ਮਨੁੱਖੀ ਸ਼ਰੀਰ ਤੇ ਸਕਾਰਾਤਮਕ ਪ੍ਰਭਾਵ ਅਤੇ ਮਿਲਟ ਫੂਡ ਪ੍ਰੋਸੈਸਿੰਗ ਬਾਰੇ ਜਾਣਕਾਰੀ ਦਿੱਤੀ ਗਈ।ਡਾ: ਆਰ ਐਸ ਸੋਹੂ ਇੰਚਾਰਜ ਮਿਲਟ ਅਤੇ ਚਾਰਾ ਸੈਕਸ਼ਨ ਪੀ ਏ ਯੂ ਲੁਧਿਆਣਾ ਵਲੋਂ ਮਿਲਟ ਦੀਆਂ ਫਸਲਾਂ ਸੰਬੰਧੀ ਵਿਸਤਾਰਪੂਰਵਕ ਜਾਣਕਾਰੀ ਕਿਸਾਨਾਂ ਨਾਲ ਸਾਂਝੀ ਕੀਤੀ।ਡਾ: ਅਸ਼ੋਕ ਕੁਮਾਰ ਵਲੋਂ ਮਿੱਟੀ ਅਤੇ ਪਾਣੀ ਪਰਖ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।ਡਾ: ਗੁਰਵੀਰ ਕੌਰ ਵਲੋਂ ਪੌਦਾ ਸੁਰੱਖਿਆ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਡਾ: ਮਨਦੀਪ ਸਿੰਘ ਇੰਚਾਰਜ ਕੇ ਵੀ ਕੇ ਖੇੜੀ ਵਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਚੱਲ ਰਹੇ ਵੱਖ ਵੱਖ ਕਿੱਤਾ ਮੁੱਖੀ ਕੋਰਸਾਂ ਅਤੇ ਟ੍ਰੇਨਿੰਗ ਕੈਂਪਾਂ ਬਾਰੇ ਜਾਣਕਾਰੀ ਕੀਤੀ ਗਈ।ਉਘੇ ਸਮਾਜ ਸੇਵੀ ਅਤੇ ਆਰਗੈਨਿਕ ਫਾਰਮਿੰਗ ਸੁਸਾਇਟੀ ਦੇ ਪ੍ਰਧਾਨ ਡਾ: ਏ ਐਸ ਮਾਨ ਵਲੋਂ ਕੈਂਪ ਲਗਾਉਣ ਵਿੱਚ ਆਪਣਾ ਵੱਡਮੁੱਲਾ ਸਹਿਯੋਗ ਦਿੱਤਾ ਅਤੇ ਮਿਲਟ ਦੀ ਖੇਤੀ ਅਤੇ ਮੰਡੀਕਰਣ ਕਰ ਰਹੇ ਅਗਾਂਹਵਧੂ ਕਿਸਾਨ ਸ੍ ਗੁਰਵਿੰਦਰ ਸਿੰਘ ਬੀਰੋਕੀ ਕੱਲਾਂ ਵਲੋਂ ਮਿਲਟ ਸੰਬੰਧੀ ਜਾਣਕਾਰੀ ਸਮੂਹ ਕਿਸਾਨਾਂ ਨਾਲ ਸਾਂਝੀ ਕਰਨ ਅਤੇ ਆਪਣੇ ਉਤਪਾਦਾਂ ਦੀ ਪ੍ਰਦਰਸ਼ਨੀ ਲਗਾਉਣ ਲਈ ਉਤਸ਼ਾਹਿਤ ਕੀਤਾ।ਆਖਿਰ ਵਿੱਚ ਮੁੱਖ ਖੇਤੀਬਾੜੀ ਅਫਸਰ ਵਲੋਂ ਪੰਡਾਲ ਵਿੱਚ ਹਾਜ਼ਰ ਸਮੂਹ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਸਾਨਾਂ ਨੂੰ ਪੀ ਐਮ ਕਿਸਾਨ ਨਿੱਧੀ ਸਕੀਮ ਵਿੱਚ ਆ ਰਹੀ ਵਿੱਤੀ ਸਹਾਇਤਾ ਅਤੇ ਸੀ ਡੀ ਪੀ ਅਧੀਨ ਮਸ਼ੀਨਰੀ ਦੀ ਵੰਡ ਸੰਬੰਧੀ ਆ ਰਹੀਆਂ ਮੁਸ਼ਕਲਾਂ ਦਾ ਵਿਸਤਾਰ ਪੂਰਵਕ ਹੱਲ ਦੱਸਿਆ।ਡਾ: ਅਮਰਜੀਤ ਸਿੰਘ ਵਲੋਂ ਸਟੇਜ਼ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਕਿਸਾਨਾਂ ਨੂੰ ਕੁਦਰਤੀ ਖੇਤੀ ਦੇ ਫਾਇਦੇ ਅਤੇ ਢੰਗਾਂ ਬਾਰੇ ਜਾਣੂ ਕਰਵਾਇਆ।ਇਸ ਮੌਕੇ ਡਾ: ਮਨਦੀਪ ਸਿੰਘ ਏ ਡੀ ਓ ਭਵਾਨੀਗੜ ਵਲੋਂ ਬਤੌਰ ਕੈਂਪ ਦੇ ਨੋਡਲ ਅਫਸਰ ਵਜੋਂ ਸੁਚੱਜੇ ਢੰਗ ਨਾਲ ਕੈਂਪ ਚਲਾਉਣ ਲਈ ਅਹਿਮ ਭੂਮਿਕਾ ਨਿਭਾਈ।

# ਫੀਲਖਾਨਾ ਸਕੂਲ਼ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ



**ਸੰਗਰੂਰ,**
**-ਰੋਜ਼ਾਨਾ ਸਵੇਰਾ-**

ਜ਼ਿਲ੍ਹਾ ਚੋਣ ਅਫਸਰ - ਕਮ-ਡਿਪਟੀ ਕਮਿਸ਼ਨਰ ਪਟਿਆਲਾ ਜੀ ਦੇ ਆਦੇਸ਼ ਜ਼ਿਲਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਪਟਿਆਲਾ ਜੀ ਦੇ ਨਿਰਦੇਸ਼ਾਂ ਤਹਿਤ ਸਟੇਟ ਐਵਾਰਡੀ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਜੀ ਦੀ ਅਗਵਾਈ ਵਿਚ ਸਰਕਾਰੀ ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ ਵੋਟਰ ਅਤੇ ਵੋਟ ਦੇ ਮਹੱਤਵ ਬਾਰੇ ਚਾਨਣਾ ਪਾਉਂਦਿਆਂ ਡਾਕਟਰ ਗੁਪਤਾ ਨੇ ਕਿਹਾ ਕੀ ਵੋਟਰ ਦੇ ਮਹੱਤਵ ਕਾਰਨ ਹੀ ਅੱਜ ਪੰਜਾਬ ਵਿੱਚ ਆਮ ਸਧਾਰਨ ਲੋਕਾਂ ਵਿੱਚੋਂ ਬਹੁਤ ਸਾਰੇ ਵਿਅਕਤੀ ਐੱਮ ਐੱਲ ਏ ਵਰਗੇ ਅਹਿਮ ਸਥਾਨਾਂ ਤੇ ਹਨ । ਉਹਨਾਂ ਨੇ ਬਗੈਰ ਕਿਸੇ ਲਾਲਚ, ਡਰ ਤੇ ਜਾਤ ਆਦਿ ਤੋਂ ਉਪਰ ਉੱਠ ਕੇ ਸਟਾਫ ਤੇ ਵਿਦਿਆਰਥੀਆਂ ਨੂੰ ਵੋਟ ਦੀ ਵਰਤੋਂ ਦਾ ਸੁਨੇਹਾ ਦਿੱਤਾ, ਇਸ ਮੌਕੇ ਸਵੀਪ ਨੋਡਲ ਅਫਸਰ ਸ੍ਰੀ ਮਨੋਜ ਥਾਪਰ ਨੇ ਰਾਸ਼ਟਰੀ ਵੋਟਰ ਦਿਵਸ ਦੇ ਇਤਿਹਾਸ ਤੇ ਮਹੱਤਤਾ ਬਾਰੇ ਕੁੰਜੀਵਤ ਭਾਸ਼ਣ ਦਿੱਤਾ, ਮੰਚ ਸੰਚਾਲਨ ਕਰਦਿਆਂ ਲੈਕਚਰਾਰ ਹਰਪ੍ਰੀਤ ਵੱਲੋਂ ਵੋਟਰ ਦਿਵਸ ਦੇ ਇਸ ਸਾਲ ਦੇ ਥੀਮ ÷ ਵੋਟਿੰਗ ਵਰਗਾ ਕੁਝ ਨਹੀਂ ਮੈਂ ਵੋਟ ਜ਼ਰੂਰ ਕਰਾਂਗਾ÷ ਬਾਰੇ ਜਾਣਕਾਰੀ ਦਿੱਤੀ।

ਜ਼ਿਕਰਯੋਗ ਹੈ ਕਿ ਬੀਤੇ ਦਿਨੀ ਰਾਸ਼ਟਰੀ ਵੋਟਰ ਦਿਵਸ ਸਬੰਧੀ ਫੀਲਖਾਨਾ ਸਕੂਲ਼ ਵਿਖੇ ਇਕ ਪੇਂਟਿੰਗ ਪ੍ਰਤੀਯੋਗਤਾ ਲੈਕਚਰਾਰ ਬਲਵਿੰਦਰ ਕੌਰ ਰਾਹੀਂ ਕਰਵਾਈ ਗਈ, ਜੇਤੂ ਵਿਦਿਆਰਥੀਆਂ ਨੂੰ ਅੱਜ ਮੈਡਲ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ, ਪ੍ਰੋਗਰਾਮ ਦੀ ਪ੍ਰੈਸ ਕਵਰੇਜ ਸਕੂਲ ਦੇ ਮੀਡੀਆ ਕੁਆਰਡੀਨੇਟਰ ਸ੍ਰੀ ਅਕਸ਼ੈ ਕੁਮਾਰ ਖਨੌਰੀ ਨੇ ਕੀਤੀ, ਲੈਕਚਰਾਰ ਗਗਨਦੀਪ ਸਿੰਘ ਰਾਹੀ ਵਿਦਿਆਰਥੀਆਂ ਨੂੰ ਈ ਵੀ ਐਮ ਅਤੇ ਵੀਵੀਪੈਟ ਦੀ ਵਰਤੋਂ ਬਾਰੇ ਡਾਕੂਮੈਂਟਰੀ ਫਿਲਮ ਵੀ ਵਿਖਾਈ ਗਈ, ਪ੍ਰੋਗਰਾਮ ਦੇ ਅੰਤ ਵਿੱਚ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਵੋਟਰ ਪ੍ਰਣ ਵੀ ਲਿਆ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਟਾਫ ਵੱਲੋਂ ਵਾਈਸ ਪ੍ਰਿੰਸੀਪਲ ਮੈਡਮ ਕਰਮਜੀਤ ਕੌਰ, ਸ੍ਰੀਮਤੀ ਪਰਮਪਾਲ ਕੌਰ ਸਟੇਟ ਅਵਾਰਡੀ ਅਧਿਆਪਕ ਪਰਗਟ ਸਿੰਘ, ਗੁਰਦੀਪ ਕੌਰ, ਗੁਰਦੀਪ ਕੌਰ, ਮੋਨੀਸ਼ਾ ਬਾਂਸਲ, ਪਰਮਜੀਤ ਕੌਰ ,ਮਨਪ੍ਰੀਤ ਕੌਰ ਡਾਕਟਰ ਪਰਮਿੰਦਰ ਕੌਰ ਡਾਕਟਰ ਸਪਨਾ ਸੇਠੀ, ਮੋਨੀਸ਼ਾ ਬਾਂਸਲ, ਪਰਮਜੀਤ ਕੌਰ ,ਮਨਪ੍ਰੀਤ ਕੌਰ ਡਾਕਟਰ ਪਰਮਿੰਦਰ ਕੌਰ ਡਾਕਟਰ ਸਪਨਾ ਸੇਠੀ, ਰਾਜ ਕੁਮਾਰ ,ਕੁਲਦੀਪ ਪ੍ਰਕਾਸ਼ ਹਰਿੰਦਰ ਸਿੰਘ, ਮੋਨਿਕਾ ,ਕੁਲਜੀਤ ਕੌਰ ਅਮਨਦੀਪ ਕੌਰ, ਨੰਦਿਤਾ ਬਰਾੜ ,ਰਾਜੀਵ ਕੁਮਾਰੀ, ਰਵਿੰਦਰ ਕੌਰ, ਗੁਰਦੀਪ ਕੌਰ, ਮੋਨੀਸ਼ਾ ਬਾਂਸਲ, ਪਰਮਜੀਤ ਕੌਰ ,ਮਨਪ੍ਰੀਤ ਕੌਰ ਡਾਕਟਰ ਪਰਮਿੰਦਰ ਕੌਰ ਡਾਕਟਰ ਸਪਨਾ ਸੇਠੀ, ਡਾਕਟਰ ਧਰਮਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਹੋਰਾਂ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ,.

# ਆਸ਼ੀਰਵਾਦ ਡੇ ਬੋਰਡਿੰਗ ਪਬਲਿਕ ਸਕੂਲ ਝਾੜੋਂ ਵਿਖੇ ਬੱਚਿਆਂ ਦਾ ਸੁਚੱਜੀ ਜੀਵਨ ਜਾਂਚ ਪ੍ਰਤੀ ਸੈਮੀਨਾਰ ਆਯੋਜਿਤ



**ਲੌਂਗੋਵਾਲ,**
**-ਰੋਜ਼ਾਨਾ ਸਵੇਰਾ-**

ਇਲਾਕੇ ਦੀ ਨਾਮਵਰ ਸੰਸਥਾ ਆਸ਼ੀਰਵਾਦ ਡੇ ਬੋਰਡਿੰਗ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਾੜੋਂ ਵਿਖੇ ਅੱਜ ਸੁਚੱਜੀ ਜੀਵਨ ਜਾਂਚ ਜਿਉਣ ਸੰਬਧੀ ਸੈਮੀਨਾਰ ਕਰਵਾਇਆ ਗਿਆ ਇਹ ਸੈਮੀਨਾਰ ਸ੍ਰੀ ਸਹਿਜ ਪਾਠ ਸੇਵਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕਰਵਾਇਆ ਗਿਆ। ਜਿਸ ਵਿੱਚ ਸਰਦਾਰ ਅੰਮ੍ਰਿਤਪਾਲ ਸਿੰਘ ਜੀ ਪੱਖੋ ਕਲਾਂ ਵੱਲੋਂ ਬੱਚਿਆਂ ਨੂੰ ਜੀਵਨ ਦੀ ਜਾਂਚ ਦੱਸਿਆ ਗਿਆ ਜਿਸ ਵਿੱਚ ਉਨ੍ਹਾਂ ਨੇ ਸਰੀਰ ਅਤੇ ਮਨ ਨੂੰ ਅਸੀਂ ਕਿਸ ਤਰਾਂ ਦਰਪਣ ਵਿੱਚ ਦੇਖਦੇ ਹਾਂ ਮਨ ਅਤੇ ਆਤਮਾ ਦੇ ਬਾਰੇ ਦੱਸਿਆ ਬੱਚਿਆਂ ਨੂੰ ਸੱਚ ਬੋਲਣ ਲਈ ਪ੍ਰੇਰਿਤ ਕੀਤਾ ਬੱਚਿਆਂ ਤੋਂ ਸਦਾ ਸੱਚ ਬੋਲਣ ਦਾ ਬਚਨ ਲਿਆ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ ਬੱਚਿਆਂ ਨੂੰ ਸਹਿਜ ਪਾਠ ਆਰੰਭ ਕਰਨ ਲਈ ਪ੍ਰੇਰਿਤ ਕੀਤਾ। ਬੱਚਿਆਂ ਨੂੰ ਆਪਣਾ ਜੀਵਨ ਚੰਗਾ ਬਣਾਉਣ ਦੀ ਪ੍ਰੇਰਨਾ ਦਿੱਤੀ ਗਈ । ਇਸ ਸਮੇਂ ਦੌਰਾਨ ਸਰਦਾਰ ਗੁਰਵਿੰਦਰ ਸਿੰਘ ਹੀਰੋ ਕਲਾਂ ਜੋ ਕਿ ਜੋਨ ਸੁਨਾਮ ਸੰਸਥਾ ਦੇ ਪ੍ਰਚਾਰਕ ਹਨ ਵੀ ਮੌਜੂਦ ਸਨ।

# ਪੱਤਰਕਾਰ ਰਤਨ ਗਰਗ ਨੂੰ ਗਹਿਰਾ ਸਦਮਾ ; ਚਾਚਾ ਕਰਮ ਚੰਦ ਦਾ ਦੇਹਾਂਤ

**ਲਹਿਰਾਗਾਗਾ,**
**-ਰੋਜ਼ਾਨਾ ਸਵੇਰਾ-**

ਲਹਿਰਾਗਾਗਾ ਤੋਂ ਸੀਨੀਅਰ ਪੱਤਰਕਾਰ ਰਤਨ ਗਰਗ ਨੂੰ ਉਸ ਸਮੇ ਭਾਰੀ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਚਾਚਾ ਕਰਮ ਚੰਦ ਖੰਡੇਬਾਦ ਵਾਲੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਇਸ ਸੋਗਮਈ ਖਬਰ ਕਾਰਨ ਇਲਾਕੇ ਵਿਚ ਸੋਗ ਦੀ ਲਹਿਰ ਹੈ॥ ਦੱਸਣਯੋਗ ਹੈ ਕਿ ਸਵਰਗਵਾਸੀ ਕਰਮ ਚੰਦ ਲਹਿਰਾਗਾਗਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਦੇ ਪਰਿਵਾਰਕ ਮੈਂਬਰਾਂ ਵਿਚ ਗਿਣੇ ਜਾਂਦੇ ਸਨ ਕਰਮ ਚੰਦ ਖੰਡੇਬਾਦ ਵਾਲੇ ਦੀ ਮੌਤ ਤੇ ਜਿੱਥੇ ਐਮ.ਐਲ.ਏ ਐਡਵੋਕੇਟ ਬਰਿੰਦਰ ਗੋਇਲ ਦੇ ਸਮੁੱਚੇ ਪਰਿਵਾਰ ਵਾਲਿਆਂ ਨੇ ਅਫਸੋਸ ਦਾ ਇਜ਼ਹਾਰ ਕੀਤਾ।

# 'ਦੀ ਦਸਮੇਸ਼ ਟਰੱਕ ਆਪਰੇਟਰ ਐਸੋਸੀਏਸ਼ਨ ਕੁੱਪ ਕਲਾਂ' ਵਿਖੇ ਪ੍ਰਧਾਨ ਮੋਹਨ ਸਿੰਘ ਤੇ ਮੋਹਨਜੀਤ ਸਿੰਘ ਨੇ ਟਰੱਕ ਆਪਰੇਟਰਾਂ ਨੂੰ ਚੈੱਕ ਵੰਡੇ

**ਮਾਲੇਰਕੋਟਲਾ,**
**-ਰੋਜ਼ਾਨਾ ਸਵੇਰਾ-**

ਦੀ ਦਸਮੇਸ਼ ਟਰੱਕ ਆਪਰੇਟਰ ਐਸੋਸੀਏਸ਼ਨ ਕੁੱਪ ਕਲਾਂ ਵਿਖੇ ਪ੍ਰਧਾਨ ਮੋਹਨ ਸਿੰਘ ਭੋਗੀਵਾਲ ਤੇ ਆਪ ਆਗੂ ਮੋਹਨਜੀਤ ਸਿੰਘ ਪੰਚ ਕੁੱਪ ਕਲਾਂ ਤੇ ਹੋਰ ਮੋਹਤਬਰਾਂ ਵੱਲੋਂ

ਟਰੱਕ ਆਪਰੇਟਰਾਂ ਨੂੰ ਝੋਨੇ ਦੇ ਸੀਜ਼ਨ ਦੀ ਢੋਆ-ਢੁਆਈ ਦੀ ਬਨਦੀ ਰਕਮ ਕਰੀਬ 20 ਲੱਖ ਦੇ ਚੈੱਕਾਂ ਦੀ ਤਕਸੀਮ ਕੀਤੀ ਗਈ । ਇਸ ਮੌਕੇ ਪ੍ਰਧਾਨ ਮੋਹਨ ਸਿੰਘ ਭੋਗੀਵਾਲ ਤੇ ਕੁੱਪ ਕਲਾਂ ਦੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੇ ਟਰੱਕ ਆਪਰੇਟਰਾਂ ਨੂੰ ਚੈੱਕ ਵੰਡਦਿਆਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਟਰੱਕ ਆਪਰੇਟਰਾਂ



ਦੀਆਂ ਜੋ ਵੀ ਜਾਇਜ਼ ਮੰਗਾਂ ਹਨ, ਉਨਾਂ ਨੂੰ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਜਲਦੀ ਹੱਲ ਕਰਵਾਉਣ ਲਈ ਕੋਸ਼ਿਸ਼ ਕਰਨਗੇ। ਇਸ ਮੌਕੇ ਕੁੱਪ ਕਲਾਂ ਦੇ ਆਪ ਆਗੂਆਂ ਨੰਬਰਦਾਰ ਗੁਰਜੀਤ ਸਿੰਘ , ਰਘਬੀਰ ਸਿੰਘ ਲਾਡੀ ਤੇ ਹੋਰ ਪਤਵੰਤਿਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਸਲਾਇਟ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ ਗਣਤੰਤਰ ਦਿਵਸ



**ਲੌਂਗੋਵਾਲ,**
**-ਰੋਜ਼ਾਨਾ ਸਵੇਰਾ-**

ਦੇਸ਼ ਦਾ 74ਵਾਂ ਗਣਤੰਤਰ ਦਿਵਸ ਅੱਜ ਧੁੰਦ ਵਾਲੀ ਸਵੇਰ ਨੂੰ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ, ਲੌਂਗੋਵਾਲ ਦੇ ਮੇਨ ਆਡੀਟੋਰੀਅਮ ਵਿਚ ਬੜੇ ਉਤਸ਼ਾਹ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਇਸ ਸਮਾਰੋਹ ਵਿਚ ਡਾਇਰੈਕਟਰ, ਸਲਾਈਟ, ਪ੍ਰੋਫੈਸਰ ਸ਼ੈਲੇਂਦਰ ਜੈਨ, , ਡਾ. ਜੇ.ਐਸ. ਢਿੱਲੋਂ, ਡੀਨ (ਅਕਾਦਮਿਕ), ਡਾ. ਏ.ਐਸ. ਅਰੋੜਾ, ਡੀਨ (ਐਫ ਐਸ ਡਬਲਯੂ), ਡਾ. ਰਾਜੇਸ਼ ਕੁਮਾਰ, ਡੀਨ (ਐਸ ਡਬਲਯੂ), ਡਾ. ਏ.ਐਸ. ਧਾਲੀਵਾਲ, ਡੀਨ (ਆਰ ਐਂਡ ਸੀ), ਡਾ. ਪੀ.ਐਸ. ਪਨੇਸਰ, ਡੀਨ (ਪੀ ਐਂਡ ਡੀ), ਵੱਖ-ਵੱਖ ਵਿਭਾਗਾਂ ਦੇ ਐਸੋਸੀਏਟ ਡੀਨ, ਵਿਭਾਗਾਂ ਦੇ ਮੁਖੀਆਂ ਸੈਕਸ਼ਨ ਇੰਚਾਰਜ, ਫੈਕਲਟੀ, ਸਟਾਫ ਮੈਂਬਰ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਵਿਚ ਹੋਇਆ । ਇਸ ਸਮਾਗਮ ਦੀ ਸ਼ੁਰੂਆਤ ਪ੍ਰੋਫੈਸਰ ਸ਼ੈਲੇਂਦਰ ਜੈਨ, ਡਾਇਰੈਕਟਰ, ਸਲਾਈਟ, ਲੌਂਗੋਵਾਲ ਨੇ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਕੀਤੀ। ਇਸਦੇ ਨਾਲ ਰਾਸ਼ਟਰੀ ਗੀਤ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਤੋਂ ਉਪਰੰਤ ਐਨ.ਸੀ.ਸੀ, ਐਨ.ਐਸ.ਐਸ. ਅਤੇ ਸੁਰੱਖਿਆ ਗਾਰਡਾਂ ਦੁਆਰਾ ਸ਼ਾਨਦਾਰ ਪਰੇਡ ਕੀਤੀ ਗਈ। ਇਸ ਮੌਕੇ ਡਾਇਰੈਕਟਰ ਪ੍ਰੋਫੈਸਰ ਸ਼ੈਲੇਂਦਰ ਜੈਨ ਨੇ ਆਪਣੇ ਸੰਬੋਧਨ ਵਿਚ ਮਹਾਨ ਰਾਸ਼ਟਰ ਦੇ ਨਿਰਮਾਣ ਲਈ ਦੇਸ਼ ਦੇ ਮਹਾਨ ਸੁਤੰਤਰਤਾ ਸੈਨਾਨੀਆਂ, ਨੇਤਾਵਾਂ, ਹਥਿਆਰਬੰਦ ਬਲਾਂ, ਅਰਧ ਸੈਨਿਕ ਬਲਾਂ ਦੇ ਯੋਗਦਾਨ ਨੂੰ ਯਾਦ ਕੀਤਾ ਅਤੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਹਨਾਂ ਕਿਹਾ ਕਿ ਤਕਨੀਕੀ ਸਿੱਖਿਆ ਦੇ ਨਾਲ ਨਾਲ ਚਰਿਤਰ ਨਿਰਮਾਣ ਬਾਰੇ ਵੀ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਹੈ। ਇਸ ਅਵਸਰ ਤੇ ਵਿਦਿਆਰਥੀਆਂ ਨੇ ਰੰਗਾਰਗ ਪ੍ਰੋਗਰਾਮ ਪੇਸ਼ ਕੀਤਾ।। ਸਮਾਰੋਹ ਦੇ ਅੰਤ ਵਿਚ ਡਾਇਰੈਕਟਰ, ਸਲਾਈਟ ਨੇ ਖੋਜ ਅਤੇ ਅਕਾਦਮਿਕ ਖੇਤਰ ਵਿਚ ਵੱਖ-ਵੱਖ ਪ੍ਰਾਪਤੀਆਂ ਲਈ ਫੈਕਲਟੀ, ਖੋਜ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਪੁਰਸਕਾਰ ਪ੍ਰਦਾਨ ਕੀਤੇ। ਇਸ ਮੌਕੇ ਤੇ ਉਹਨਾਂ ਨੇ ਹੈਲਥ ਸੈਂਟਰ, ਸਲਾਈਟ ਦੇ ਡਾਕਟਰ ਅਤੇ ਸਾਰੇ ਸਿਹਤ ਕਰਮਚਾਰੀਆਂ ਦਾ ਕੋਵਿਡ- 19 ਦੇ ਦੌਰਾਨ ਕੀਤੇ ਸ਼ਲਾਘਾਯੋਗ ਕੰਮਾਂ ਲਈ ਸਨਮਾਨ ਵੀ ਕੀਤਾ ਤੇ ਸਾਰੇ ਹੋਸਟਲਾ ਦੇ ਵਿਦਿਆਰਥੀਆਂ ਦੇ ਰੱਸਾ-ਕਸੀ ਮੁਕਾਬਲੇ ਵੀ ਕਰਵਾਏ ਗਏ॥

# ਮੁਹੱਲਾ ਕਲੀਨਿਕ ਦੀ ਥਾਂ ਲੌਂਗੋਵਾਲ ਹਸਪਤਾਲ ਵਿੱਚ ਸਟਾਫ਼ ਪੂਰਾ ਕਰੇ 'ਆਪ' ਸਰਕਾਰ: ਕਿਰਤੀ ਕਿਸਾਨ ਯੂਨੀਅਨ

**ਲੌਂਗੋਵਾਲ,**
**-ਰੋਜ਼ਾਨਾ ਸਵੇਰਾ-**

ਜਿੱਥੇ ਪੰਜਾਬ ਸਰਕਾਰ ਬੜੇ ਜ਼ੋਰ-ਸ਼ੋਰ ਨਾਲ ਪੰਜਾਬ ਸਮੇਤ ਦੂਜੇ ਸੂਬਿਆਂ ਵਿੱਚ ਇਸ਼ਤਿਹਾਰਬਾਜੀ ਕਰਕੇ ਮੁਹੱਲਾ ਕਲੀਨਿਕਾਂ ਦਾ ਪ੍ਰਚਾਰ ਕਰ ਰਹੀ ਹੈ ਉੱਥੇ ਸੂਬੇ ਵਿਚ ਪਹਿਲਾਂ ਬਣੇ ਹਸਪਤਾਲਾਂ ਦਾ ਬੁਰਾ ਹਾਲ ਹੈ। ਸਥਾਨਕ ਪ੍ਰਾਇਮਰੀ ਹੈਲਥ ਸੈਂਟਰ ਵਿਖੇ ਸਿਰਫ ਦੋ ਹੀ ਐਮ ਬੀ ਬੀ ਐੱਸ ਡਾਕਟਰ ਹਨ, ਜਿੰਨਾਂ @ਚੋਂ ਇੱਕ ਦੀ ਡਿਊਟੀ ਮੁਹੱਲਾ ਕਲੀਨਿਕ ਵਿੱਚ ਲੱਗ ਜਾਣੀ ਹੈ, ਐਮਰਜੈਂਸੀ ਸੇਵਾਵਾਂ ਠੱਪ ਹਨ ਕੋਈ ਮੈਡੀਕਲ ਅਫਸਰ, ਕੋਈ ਸਪੈਸ਼ਲਿਸਟ ਨਹੀਂ ਹੈ ਤੇ ਨਾਂ ਹੀ ਕੋਈ ਗਾਇਨੀ ਦੇ ਡਾਕਟਰ ਹਨ, ਫਾਰਮੇਸੀ ਦੀ ਬਿਜਲੀ ਬੰਦ ਹੈ, ਚਾਰਦੀਵਾਰੀ ਟੁੱਟ ਚੁੱਕੀ ਹੈ ਤੇ ਹਸਪਤਾਲ ਨਸ਼ੇੜੀਆਂ ਦਾ ਅੱਡਾ ਬਣ ਚੁੱਕਾ ਹੈ। ਜਦੋਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਆਪਣੇ ਵਧੇ ਹੋਏ ਬਲੱਡ ਪ੍ਰੈਸ਼ਰ ਦੇ ਇਲਾਜ ਲਈ ਹਸਪਤਾਲ ਗਏ ਤਾਂ ਉੱਥੇ ਸਥਿਤ ਡਾਕਟਰ ਨੇ ਕਿਹਾ ਕਿ ਤੁਸੀਂ ਕਿਸੇ ਸਪੈਸ਼ਲਿਸਟ ਡਾਕਟਰ ਕੋਲ ਸੰਗਰੂਰ ਜਾ ਕੇ ਇਲਾਜ ਕਰਵਾਉ ਅਤੇ ਨਾਲ ਹੀ ਲਿਪਿਡ ਪ੍ਰੋਫਾਈਲ ਨਾਂ ਦਾ ਟੈਸਟ ਲਿਖਿਆ। ਜਦੋਂ ਲੈਬ ਵਿਚ ਗਏ ਤਾਂ ਲੈਬ ਇੰਚਾਰਜ ਨੇ ਆਪਣੀ ਮਜਬੂਰੀ ਦੱਸਦਿਆਂ ਕਿਹਾ ਕਿ ਮਸ਼ੀਨਾਂ ਤਾਂ ਹਨ ਪਰ ਸਟਾਫ ਨਾ ਹੋਣ ਕਾਰਨ ਇਹ ਟੈਸਟ ਨਹੀਂ ਹੋ ਸਕਦਾ ਸੰਗਰੂਰ ਜਾਣਾ ਪਵੇਗਾ। ਕਰੋੜਾਂ ਦੀ ਲਾਗਤ ਨਾਲ ਬਣਿਆ ਇਹ ਹਸਪਤਾਲ ਇਲਾਕੇ ਲਈ ਚਿੱਟਾ ਹਾਥੀ



ਸਾਬਤ ਹੋ ਰਿਹਾ ਹੈ ਜਦ ਕਿ ਸਰਕਾਰਾਂ ਸ਼ੋਸ਼ੇਬਾਜ਼ੀ ਤੇ ਲੱਗੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਦੱਸਿਆ ਕੀ ਲੌਂਗੋਵਾਲ ਸਮੇਤ ਆਲੇ-ਦੁਆਲੇ ਦੇ ਪਿੰਡਾਂ ਦੀ ਸਹੂਲਤ ਲਈ ਪ੍ਰਾਇਮਰੀ ਹੈਲਥ ਸੈਂਟਰ ਬਣਾਇਆ ਗਿਆ ਸੀ ਜਿਸ ਦੀ ਕਰੋੜਾਂ ਦੀ ਬਿਲਡਿੰਗ ਹੈ ਅਤੇ ਉਸ ਸਮੇਂ ਲੋਕਾਂ ਨੇ ਜ਼ਮੀਨ ਦਾਨ ਵਿਚ ਦੇ ਕੇ ਇਸ ਹਸਪਤਾਲ ਨੂੰ ਖੜਾ ਕੀਤਾ। ਪਿਛਲੀਆਂ ਸਰਕਾਰਾਂ ਨੇ ਵੀ ਇਸ ਨੂੰ ਚਲਾਉਣ ਲਈ ਕੋਈ ਯਤਨ ਨਹੀਂ ਕੀਤੇ ਤੇ ਸਟਾਫ਼ ਨਹੀਂ ਭੇਜਿਆ। ਬਦਲਾਉ ਦੇ ਨਾਂ ਤੇ ਬਣੀ ਆਪ ਸਰਕਾਰ ਵੀ ਮੁਹੱਲਾ ਕਲੀਨਿਕਾਂ ਤੇ 10 ਕਰੋੜ ਖਰਚ ਕਰਕੇ ਉਸਦੇ ਪ੍ਰਚਾਰ ਲਈ ਇਸ਼ਤਿਹਾਰਾਂ ਤੇ 30 ਕਰੋੜ ਖਰਚ ਕਰ ਰਹੀ ਹੈ, ਇਸ ਫਜ਼ੂਲ ਖਰਚੀ ਦਾ ਇਤਰਾਜ਼ ਕਰਨ ਵਾਲੇ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਦੀ ਬਦਲੀ ਕਰ ਦਿੱਤੀ। ਇਸ ਸਮੇਂ ਸੂਬੇ ਦੇ ਸਿਵਲ ਹਸਪਤਾਲਾਂ, ਪ੍ਰਾਇਮਰੀ ਹੈਲਥ ਸੈਂਟਰਾਂ ਤੇ ਪੇਂਡੂ ਡਿਸਪੈਂਸਰੀਆਂ ਵਿੱਚ ਸਟਾਫ਼ ਦੀ ਵੱਡੀ ਘਾਟ ਹੈ। ਪ੍ਰਾਇਮਰੀ ਹੈਲਥ ਸੈਂਟਰ ਲੌਂਗੋਵਾਲ ਇਸ ਦੀ ਉਮਦਾ ਉਦਾਹਰਣ ਹੈ ਇਥੇ ਐਕਸਰੇ ਮਸ਼ੀਨਾਂ, ਟੈਸਟ ਕਰਨ ਦੀਆਂ ਮਸ਼ੀਨਾਂ ਤਾਂ ਹਨ ਪਰ ਇਥੇ ਮਾਹਰ ਡਾਕਟਰਾਂ, ਰੇਡੀਓਗ੍ਰਾਫਰ, ਲੈਬ ਤਕਨੀਸ਼ੀਅਨਾਂ ਦੀ ਵੱਡੀ ਘਾਟ ਹੈ। ਅੱਜ ਵੱਡੀ ਗਿਣਤੀ ਲੋਕਾਂ ਨੂੰ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੇ ਰੋਗ ਦੇ ਹਨ ਜਿਨ੍ਹਾਂ ਦੇ ਇਲਾਜ ਲਈ ਅਤੇ ਟੈਸਟ ਲਈ ਵੀ ਹਸਪਤਾਲ ਵਿੱਚ ਸਟਾਫ਼ ਨਹੀਂ ਹੈ। ਮੈਨੂੰ ਵੀਂ ਕੱਲ੍ਹ ਸੰਗਰੂਰ ਜਾ ਕੇ ਦਵਾਈ ਲੈਣੀ ਪਈ। ਜੋ ਸਾਡੇ ਇਲਾਕੇ ਦੇ ਗਰੀਬ ਲੋਕ ਹਨ ਜਿਨ੍ਹਾਂ ਕੋਲ ਮਹਿੰਗੇ ਡਾਕਟਰਾਂ ਕੋਲ ਜਾਣ ਦੀ ਸਮਰੱਥਾ ਨਹੀਂ ਹੈ ਉਨ੍ਹਾਂ ਦੇ ਇਲਾਜ ਦਾ ਰੱਬ ਹੀ ਰਾਖਾ ਹੈ। ਜੇ ਸਰਕਾਰ ਸ਼ੋਸ਼ੇਬਾਜ਼ੀ ਛੱਡ ਕੇ ਸੱਚਮੁੱਚ ਲੋਕਾਂ ਲਈ ਕੁਝ ਕਰਨਾ ਚਾਹੁੰਦੀ ਹੈ ਤਾਂ ਸਥਾਨਕ ਹਸਪਤਾਲ ਵਿਚ ਸਾਰੀਆਂ ਅਸਾਮੀਆਂ ਭਰੀਆਂ ਜਾਣ, ਮਾਹਰ ਡਾਕਟਰਾਂ ਅਤੇ ਲੈਬ ਤਕਨੀਸ਼ੀਅਨਾਂ ਦੀਆ ਪੋਸਟਾਂ ਪੂਰੀਆਂ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਿਰਤੀ ਕਿਸਾਨ ਯੂਨੀਅਨ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ ਜੇ ਹੱਲ ਨਾ ਹੋਇਆ ਤਾਂ ਆਉਣ ਵਾਲੇ ਸਮੇਂ ਵਿਚ ਇਲਾਕਾ ਨਿਵਾਸੀਆਂ ਨੂੰ ਨਾਲ ਲੈ ਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ।

# ਸਰਕਾਰੀ ਹਾਈ ਸਕੂਲ ਬਦਰਾ 'ਚ ਕੌਮੀ ਵੋਟਰ ਦਿਵਸ ਮਨਾਇਆ ਗਿਆ



**ਬਰਨਾਲਾ,**
**-ਰੋਜ਼ਾਨਾ ਸਵੇਰਾ-**

ਸਰਕਾਰੀ ਹਾਈ ਸਕੂਲ ਬਦਰਾ ਵਿਖੇ 13ਵਾਂ ਕੌਮੀ ਵੋਟਰ ਦਿਵਸ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾ ਕੇ ਮਨਾਇਆ ਗਿਆ। ਸਵੇਰ ਦੀ ਸਭਾ ਦੌਰਾਨ ਕਰਵਾਏ ਗਏ ਸਮਾਗਮ ਦੌਰਾਨ ਅਧਿਆਪਕ ਪਰਗਟ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੌਮੀ ਵੋਟਰ ਦਿਵਸ ਦੇ ਇਤਿਹਾਸ ਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਕਿਹਾ ਕਿ ਲੋਕਤੰਤਰੀ ਪ੍ਰਣਾਲੀ ਨੂੰ ਮਜਬੂਤ ਬਣਾਉਣ ਲਈ ਵੋਟਰਾਂ ਦਾ ਜਾਗਰੂਕ ਹੋਣਾ ਤੇ ਹਰੇਕ ਬਾਲਗ ਵਿਅਕਤੀ ਦੁਆਰਾ ਆਪਣੇ ਵੋਟ ਅਧਿਕਾਰ ਦੀ ਸਹੀ ਤਰੀਕੇ ਨਾਲ ਵਰਤੋਂ ਕਰਨਾ ਬਹੁਤ ਜਰੂਰੀ ਹੈ। ਸਕੂਲ ਮੁਖੀ ਗੁਰਜੀਤ ਕੌਰ ਨੇ ਕਿਹਾ ਕਿ ਹਰੇਕ ਵਿਅਕਤੀ ਨੂੰ ਬਗੈਰ ਕਿਸੇ ਲਾਲਚ ਅਤੇ ਡਰ ਦੇ ਨਿਰਪੱਖ ਤਰੀਕੇ ਨਾਲ ਆਪਣੇ ਮਤ ਅਧਿਕਾਰ ਦੀ ਵਰਤੋਂ ਕਰਕੇ ਚੰਗੀ ਸਰਕਾਰ ਦੀ ਚੋਣ ਕਰਨ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਅਧਿਆਪਕ ਗੁਰਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਚਾਈਨਾ ਡੋਰ ਨਾਲ ਹੁੰਦੇ ਨੁਕਸਾਨ ਬਾਰੇ ਜਾਣੂ ਕਰਵਾਉਂਦਿਆਂ ਚਾਈਨਾ ਡੋਰ ਨਾ ਵਰਤਣ ਲਈ ਪ੍ਰੇਰਿਤ ਕੀਤਾ। ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਕੌਮੀ ਵੋਟਰ ਦਿਵਸ ਮੌਕੇ ਆਪਣੇ ਵੋਟ ਅਧਿਕਾਰ ਦਾ ਸਹੀ ਇਸਤੇਮਾਲ ਕਰਨ ਦਾ ਪ੍ਰਣ ਵੀ ਲਿਆ। ਇਸ ਮੌਕੇ ਅਧਿਆਪਕ ਗੁਰਪਿੰਦਰ ਸਿੰਘ, ਕੁਲਵਿੰਦਰ ਸਿੰਘ, ਨਿਰਮਲ ਸਿੰਘ ਵਾਲੀਆ, ਹਰਜੀਤ ਸਿੰਘ ਜੋਗਾ, ਹਰਮਨਦੀਪ ਕੌਰ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

# ਅਧਿਕਾਰੀਆਂ ਅਤੇ ਪਬਲਿਕ ਨੇ ਫਸਟ ਏਡ ਸੀ ਪੀ ਆਰ ਪ੍ਰਦਰਸ਼ਨ ਕਰਦੇ ਬੱਚਿਆਂ ਨੂੰ ਕੀਤਾ ਉਤਸ਼ਾਹਿਤ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪਟਿਆਲਾ ਜ਼ਿਲਾ ਪ੍ਰਸ਼ਾਸਨ ਵਲੋਂ ਸੈਂਟਰਲ ਸਟੇਟ ਲਾਇਬਰੇਰੀ ਵਿਖੇ ਕਰਵਾਏ ਕਲਾ, ਸਿਹਤ ਸਾਹਿਤ ਅਤੇ ਪੁਸਤਕਾਂ ਦੀ ਮਹੱਤਤਾ ਅਤੇ ਚੰਗੀਆਂ ਕਿਤਾਬਾਂ ਪੜ੍ਹਣ ਦੀ ਮਹੱਤਤਾ ਦੇ ਪਟਿਆਲਾ ਹੈਰੀਟੇਜ ਤਿਉਹਾਰ ਕਰਵਾਏ।

ਇਸ ਮੌਕੇ ਫਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ਦੇ ਚੀਫ ਟਰੇਨਰ ਅਤੇ ਰੈੱਡ ਕਰਾਸ ਦੇ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਸ੍ਰੀ ਕਾਕਾ ਰਾਮ ਵਰਮਾ ਵਲੋਂ ਪ੍ਰਸ਼ਾਸਨ ਦੀ ਪ੍ਰਵਾਨਗੀ ਅਨੁਸਾਰ ਕੈਰੀਅਰ ਅਕੈਡਮੀ ਪਟਿਆਲਾ ਦੇ ਛੋਟੇ ਛੋਟੇ ਬੱਚਿਆਂ ਰਾਹੀਂ ਪਹੁੰਚਣ ਵਾਲੇ ਸਕੂਲਾਂ ਕਾਲਜ਼ਾਂ ਦੇ ਹਜ਼ਾਰਾਂ ਵਿਦਿਆਰਥੀਆਂ ਅਧਿਆਪਕਾਂ ਅਤੇ ਸਰਕਾਰੀ ਅਧਿਕਾਰੀਆਂ ਕਰਮਚਾਰੀਆਂ ਨੂੰ ਫਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ, ਦਿਲ ਦੇ ਦੌਰੇ ਅਨਜਾਇਨਾ, ਕਾਰਡੀਅਕ ਅਰੈਸਟ ਸਮੇਂ ਪੀੜਤਾਂ ਦੀ ਮੌਕੇ ਤੇ ਤੁਰੰਤ ਸੇਵਾ ਸੰਭਾਲ ਦੇ ਪ੍ਰਦਰਸ਼ਨ ਕਰਕੇ ਜਾਗਰੂਕ ਕੀਤਾ ਕਿ ਆਪਣੇ ਘਰ ਪਰਿਵਾਰ ਮਹੱਲੇ ਸੜਕਾਂ ਦਫ਼ਤਰਾਂ ਕੰਮ ਅਤੇ ਧਾਰਮਿਕ ਸਥਾਨਾਂ ਅਤੇ ਕਿਸੇ ਐਮਰਜੈਂਸੀ ਸਮੇਂ ਜ਼ਖਮੀਆਂ ਅਤੇ ਮਰਦਿਆਂ ਨੂੰ ਬਚਾਉਣ ਲਈ ਫਸਟ ਏਡ ਦੀ ਏ ਬੀ ਸੀ ਡੀ, ਰਿਕਵਰੀ ਪੁਜੀਸ਼ਨ, ਵੈਂਟੀਲੇਟਰ ਬਣਾਉਟੀ ਸਾਹ ਕਿਰਿਆ, ਸੀ ਪੀ ਆਰ ਬਾਰੇ ਪ੍ਰਦਰਸ਼ਨ ਕਰਕੇ ਸਿਖਾਇਆ। ਡਿਪਟੀ ਕਮਿਸ਼ਨਰ ਪਟਿਆਲਾ, ਅੱਪਰ ਡਿਪਟੀ ਕਮਿਸ਼ਨਰ ਪਟਿਆਲਾ, ਦੂਸਰੇ ਅਫ਼ਸਰਾਂ ਅਤੇ ਇੰਸਪੈਕਟਰ ਜਨਰਲ ਆਫ਼ ਪੁਲਿਸ ਪਟਿਆਲਾ ਰੈਂਜ ਨੇ ਬੱਚਿਆਂ ਦੇ ਇਸ ਜਿੰਦਗੀ ਬਚਾਉ ਪ੍ਰਦਰਸ਼ਨ ਨੂੰ ਦੇਖਕੇ ਅਤੇ ਆਪ ਸੀ ਪੀ ਆਰ, ਰਿਕਵਰੀ ਪੁਜੀਸ਼ਨ, ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਅਤੇ ਪੀੜਤਾਂ ਦੀ ਨਬਜ਼ ਸਾਹ ਕਿਰਿਆ ਦੀ ਜਾਂਚ ਕਰਨ ਬਾਰੇ ਟ੍ਰੇਨਿੰਗ ਲੈਕੇ ਬੱਚਿਆਂ ਅਤੇ ਸ੍ਰੀ ਕਾਕਾ ਰਾਮ ਵਰਮਾ ਦੇ ਧੰਨਵਾਦ ਕੀਤੇ। ਏ ਡੀ ਸੀ ਮੈਡਮ ਜੋਂ ਮੈਡੀਕਲ ਪ੍ਰੋਫੈਸ਼ਨਲ ਵਜੋਂ ਡਾਕਟਰ ਹਨ ਨੇ ਇਸ ਫਸਟ ਏਡ, ਸੀ ਪੀ ਆਰ ਦਿਲ ਦੇ ਦੌਰੇ ਕਾਰਡੀਅਕ ਅਰੈਸਟ ਸਮੇਂ ਸੀ ਪੀ ਆਰ ਪ੍ਰਦਰਸ਼ਨ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਹਰੇਕ ਵਿਦਿਆਰਥੀ, ਅਧਿਆਪਕ, ਕਰਮਚਾਰੀ ਨਾਗਰਿਕ ਅਤੇ ਮਾਪਿਆਂ ਨੂੰ ਕੀਮਤੀ ਜਾਨਾਂ ਬਚਾਉਣ ਦੀ ਟ੍ਰੇਨਿੰਗ ਜ਼ਰੂਰ ਲੈਣੀ ਚਾਹੀਦੀ ਹੈ। ਇੰਸਪੈਕਟਰ ਜਨਰਲ ਆਫ਼ ਪੁਲਿਸ ਪਟਿਆਲਾ ਰੈਂਜ ਸ੍ਰੀ ਛੀਨਾ ਨੇ ਬੱਚਿਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਵਿਦੇਸ਼ਾਂ ਵਿੱਚ ਇਸ ਤਰ੍ਹਾਂ ਦੀ ਟ੍ਰੇਨਿੰਗ ਬਚਪਨ ਤੋਂ ਹੀ ਪੜ੍ਹਾਈ ਦਾ ਮਹਤਵਪੂਰਣ ਅੰਗ ਹਨ ਅਤੇ ਸੜਕੀ ਹਾਦਸਿਆਂ ਜੰਗਾਂ ਮਹਾਂਮਾਰੀਆਂ ਸਮੇਂ ਪੀੜਤਾਂ ਦੀਆਂ ਜਾਨਾਂ ਬਚਾਉਣ ਲਈ ਫਸਟ ਏਡ, ਸੀ ਪੀ ਆਰ, ਮਦਦਗਾਰ ਦੋਸਤ ਸੱਭ ਤੋਂ ਵੱਧ ਲਾਭਦਾਇਕ ਸਿੱਧ ਹੁੰਦੇ ਹਨ। ਸ੍ਰੀ ਉਪਕਾਰ ਸਿੰਘ, ਪ੍ਰਧਾਨ ਗਿਆਨ ਜਯੋਤੀ ਐਜੂਕੇਸ਼ਨਲ ਸੁਸਾਇਟੀ ਨੇ ਦੱਸਿਆ ਕਿ ਤਿੰਨ ਘੰਟਿਆਂ ਵਿੱਚ ਇਹ ਜਿੰਦਗੀ ਬਚਾਉ ਬੇਸਿਕ ਟ੍ਰੇਨਿੰਗ ਕਰਵਾਕੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਦੇਕੇ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਕਸਮ ਚੁਕਾਈ ਜਾਂਦੀ ਹੈ ਕਿ ਉਹ ਹਰੇਕ ਪੀੜਤ ਦੀ ਜਾਨਾਂ ਬਚਾਉਣ ਲਈ ਮੌਕੇ ਤੇ ਤੁਰੰਤ ਫਸਟ ਏਡ ਸੀ ਪੀ ਆਰ ਜ਼ਰੂਰ ਕਰਨ।

ਕੈਰੀਅਰ ਅਕੈਡਮੀ ਦੇ ਬੱਚਿਆਂ ਦੇ ਪ੍ਰਦਰਸ਼ਨਾਂ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸ੍ਰੀ ਕਾਕਾ ਰਾਮ ਵਰਮਾ ਜੀ ਪੰਜਾਬ ਅਤੇ ਪਟਿਆਲਾ ਵਿਖੇ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ ਦੀ ਟ੍ਰੇਨਿੰਗ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਨਸ਼ਿਆਂ ਅਪਰਾਧਾਂ ਅਤੇ ਕੁਰਾਹੇ ਪਾਉਣ ਤੋਂ ਬਚਾਉਣ ਲਈ ਪ੍ਰਸ਼ੰਸਾਯੋਗ ਢੰਗ ਤਰੀਕਿਆਂ ਨਾਲ ਜਾਣਕਾਰੀ ਦੇ ਰਹੇ ਹਨ ਅਤੇ ਸੇਵਾ ਮੁਕਤ ਅਤੇ ਸੀਨੀਅਰ ਸਿਟੀਜਨ ਹੋਕੇ ਵੀ ਪੂਰੀ ਸ਼ਰਧਾ ਪ੍ਰੇਮ ਹਮਦਰਦੀ ਨਾਲ ਬਿਨਾਂ ਕਿਸੇ ਲਾਲਚ ਜਾਂ ਮਾਲੀ ਸਹਾਇਤਾ ਦੇ, ਇਹ ਜਿੰਦਗੀ ਬਚਾਉ ਟਰੇਨਿੰਗ ਲਗਾਤਾਰ ਦੇ ਰਹੇ ਹਨ ਅਤੇ ਹੁਣ ਤੱਕ ਲੱਖਾਂ ਵਿਦਿਆਰਥੀਆਂ, ਅਧਿਆਪਕਾਂ, ਨਾਗਰਿਕਾਂ, ਐਨ ਸੀ ਸੀ ਕੈਡਿਟਸ, ਐਨ ਐਸ ਐਸ ਵੰਲਟੀਅਰਾਂ, ਫੈਕਟਰੀ ਅਤੇ ਪੁਲਿਸ ਕਰਮਚਾਰੀਆਂ ਨੂੰ ਟ੍ਰੇਨਿੰਗ ਦੇ ਚੁੱਕੇ ਹਨ ਜੋਂ ਪੰਜਾਬ ਅਤੇ ਭਾਰਤ ਵਿੱਚ ਇੱਕ ਰਿਕਾਰਡ ਹੈ। ਚੀਫ ਲਾਇਬ੍ਰੇਰੀਅਨ ਡਾਕਟਰ ਪ੍ਰਭਜੋਤ ਕੌਰ ਨੇ ਬੱਚਿਆਂ ਅਤੇ ਸ੍ਰੀ ਕਾਕਾ ਰਾਮ ਵਰਮਾ ਸ੍ਰੀ ਉਪਕਾਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਮਹਾਤਮਾ ਗਾਂਧੀ ਦੇ 76ਵੇਂ ਬਲੀਦਾਨ ਦਿਵਸ ਮੌਕੇ ਸ਼ਰਧਾਂਜਲੀ ਸਮਾਰੋਹ

# ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਹਰੇਕ ਵਰਗ ਦਾ ਸਹਿਯੋਗ ਜ਼ਰੂਰੀ : ਸਾਕਸ਼ੀ ਸਾਹਨੀ



ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਮਾਲ ਰੋਡ 'ਤੇ ਮਹਾਤਮਾਂ ਗਾਂਧੀ ਦੇ ਸਮਾਰਕ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ।

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ 76ਵੇਂ ਬਲੀਦਾਨ ਦਿਵਸ ਮੌਕੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਆਪਣਾ ਬਲੀਦਾਨ ਦੇਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਅੱਜ ਇਥੇ ਮਾਲ ਰੋਡ 'ਤੇ ਸਥਿਤ ਰਜਿੰਦਰਾ ਲੇਕ ਵਿਖੇ ਮਹਾਤਮਾਂ ਗਾਂਧੀ ਜੀ ਦੇ ਸਮਾਰਕ 'ਤੇ ਸ਼ਰਧਾਂਜਲੀ ਸਮਾਰੋਹ ਹੋਇਆ। ਇਸ ਮੌਕੇ ਪੁਲਿਸ ਦੀ ਹਥਿਆਰਬੰਦ ਟੁਕੜੀ ਨੇ ਹਥਿਆਰ ਉਲਟੇ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਥੇ ਮੌਜੂਦ ਸਭਨਾਂ ਵੱਲੋਂ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ, ਐਸ.ਪੀ. ਸਿਟੀ ਮੁਹੰਮਦ ਸਰਫ਼ਰਾਜ਼ ਆਲਮ ਸਮੇਤ ਹੋਰਨਾਂ ਸ਼ਖ਼ਸੀਅਤਾਂ ਵੱਲੋਂ ਮਹਾਤਮਾਂ ਗਾਂਧੀ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੇ ਜਿਥੇ ਅਹਿੰਸਾ ਦਾ ਸੁਨੇਹਾ ਦਿੱਤਾ ਉਥੇ ਹੀ ਜ਼ਿੰਦਗੀ ਵਿਚ ਆਪਣੇ ਟੀਚੇ ਪੂਰੇ ਕਰਨ ਲਈ ਵਰਤੇ ਜਾਣ ਵਾਲੇ ਰਸਤੇ ਦੀ ਚੋਣ ਠੀਕ ਕਰਨ ਲਈ ਵੀ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਹੀ ਰਸਤਾ ਭਾਵੇਂ ਜਿਨ੍ਹਾਂ ਮਰਜ਼ੀ ਔਕੜਾਂ ਵਾਲਾ ਹੋਵੇ ਪਰ ਸਾਨੂੰ ਹਮੇਸ਼ਾ ਸਹੀ ਰਸਤੇ ਉਤੇ ਚੱਲਕੇ ਹੀ ਆਪਣੇ ਟੀਚੇ ਪੂਰੇ ਕਰਨੇ ਚਾਹੀਦੇ ਹਨ।

ਉਨ੍ਹਾਂ ਬਲੀਦਾਨ ਦਿਵਸ ਮੌਕੇ ਸਾਡੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ 'ਚ ਹਿਸਾ ਲੈ ਕੇ ਆਪਣਾ ਬਲੀਦਾਨ ਦੇਣ ਵਾਲੇ ਮਹਾਨ ਸੂਰਬੀਰ ਯੋਧਿਆਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਕੇ ਸਾਨੂੰ ਆਪਣੇ ਦੇਸ਼ ਤੇ ਸੂਬੇ ਦੇ ਵਿਕਾਸ ਵਿੱਚ ਆਪਣਾ ਉਸਾਰੂ ਯੋਗਦਾਨ ਪਾਉਣਾ ਚਾਹੀਦਾ ਹੈ। ਸਾਕਸ਼ੀ ਸਾਹਨੀ ਨੇ ਕਿਹਾ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਹਰੇਕ ਵਰਗ ਦਾ ਸਹਿਯੋਗ ਜ਼ਰੂਰੀ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਪ੍ਰੀਤ ਸਿੰਘ ਥਿੰਦ, ਐਸ.ਪੀ. ਸਿਟੀ ਮੁਹੰਮਦ ਸਰਫਰਾਜ ਆਲਮ, ਸੰਯੁਕਤ ਕਮਿਸ਼ਨਰ ਨਮਨ ਮੜਕਨ, ਆਰ.ਟੀ.ਏ. ਬਬਨਦੀਪ ਸਿੰਘ ਵਾਲੀਆ, ਸਹਾਇਕ ਕਮਿਸ਼ਨਰ (ਜ) ਕ੍ਰਿਪਾਲਵੀਰ ਸਿੰਘ, ਡੀ.ਐਸ.ਪੀ. ਹਰਦੀਪ ਸਿੰਘ ਤੇ ਐਕਸੀਅਨ ਦਲੀਪ ਕੁਮਾਰ ਸਮੇਤ ਵੱਡੀ ਗਿਣਤੀ ਪਟਿਆਲਾ ਵਾਸੀ ਮੌਜੂਦ ਸਨ।

# ਓ ਬੀ ਸੀ ਸੈੱਲ ਪੰਜਾਬ ਦੇ ਸਾਬਕਾ ਚੇਅਰਮੈਨ ਦੀ ਮੀਟਿੰਗ ਵਿੱਚ ਲਏ ਅਹਿਮ ਫੈਸਲੇ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਓਬੀਸੀ ਸੈੱਲ ਦੇ ਸਾਬਕਾ ਚੇਅਰਮੈਨ ਦੀ ਮੀਟਿੰਗ ਅੱਜ ਪਟਿਆਲਾ ਦੇ ਵਿੱਚ ਸਾਬਕਾ ਚੇਅਰਮੈਨ ਜਗਜੀਤ ਸਿੰਘ ਸੱਗੂ, ਸਾਬਕਾ ਚੇਅਰਮੈਨ ਬਲਕਾਰ ਸਿੰਘ ਜੋਸ਼ਨ,ਸਾਬਕਾ ਚੇਅਰਮੈਨ ਮਾਸਟਰ ਬ੍ਰਿਜ ਲਾਲ ਜੀ ਦੀ ਅਗਵਾਈ ਵਿੱਚ ਕੀਤੀ ਗਈ।ਇਸ ਵਿਚ ਤਕਰੀਬਨ ਸਾਰੇ ਸਾਬਕਾ ਅਹੁਦੇਦਾਰ ਪਹੁੰਚੇ ਅਤੇ ਓਹਨਾ ਨੇ ਆਪਣੇ ਆਪਣੇ ਵਿਚਾਰ ਰਖ ਕੇ ਅਹਿਮ ਫੈਸਲੇ ਲਏ। ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਤੇ ਅਮਰਜੀਤ ਸਿੰਘ ਨਿੱਝਰ ਸਾਬਕਾ ਵਾਈਸ ਚੇਅਰਮੈਨ ਪਰਜਾਪਤ ਵੈਲਫੇਅਰ ਬੋਰਡ ਪੰਜਾਬ ਸਰਕਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆ ਨੂੰ ਇਕਜੁੱਟ ਹੋਕੇ ਆਪਣੇ ਹੱਕ ਲੈਣੇ ਪੈਣਗੇ।ਸਾਡਾ ਸਮਾਜ ਬਹੁਤ ਜਿਆਦਾ ਹੈ,ਪਰ ਇਸਨੂੰ ਹਮੇਸ਼ਾ ਹੀ ਹੱਕਾਂ ਤੋਂ ਓਹਲੇ ਕੀਤਾ ਜਾਂਦਾ ਹੈ।ਅਸੀਂ ਹਮੇਸ਼ਾ ਸਮਾਜ ਲਈ ਕੰਮ ਕਰਦੇ ਆਏ ਆ ਅਤੇ ਕਰਦੇ ਰਹਾਂਗੇ।ਇਸੇ ਤਰਾ ਓਬੀਸੀ ਦੀਆਂ ਮੀਟਿੰਗਾਂ ਹੁੰਦੀਆਂ ਰਹਿਣਗੀਆਂ।ਮੈਨੂੰ ਇਸ ਗਲ ਦੀ ਬਹੁਤ ਖੁਸ਼ੀ ਹੈ ਕੇ ਸਰਕਾਰ ਬਦਲਣ ਤੋਂ ਬਾਅਦ ਪਹਿਲੀ ਵਾਰ ਓਬੀਸੀ ਦੇ ਸਾਬਕਾ ਚੇਅਰਮੈਨ ਦੀ ਮੀਟਿੰਗ ਹੋਈ। ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਵਿੱਚ ਵੱਸਦੇ ਦੂਸਰੇ ਵਰਗਾਂ ਦੇ ਲੋਕਾਂ ਨਾਲ਼ੋਂ ਪੱਛੜੀਆਂ ਸ਼੍ਰੇਣੀਆਂ ਦੇ ਕੁੱਝ ਲੋਕ ਆਪਸ ਵਿੱਚ ਇੱਕ-ਦੂਜੇ ਨਾਲ ਜ਼ਿਆਦਾ ਭੇਦ-ਭਾਵ, ਈਰਖਾ, ਵੈਰ-ਵਿਰੋਧ,ਖੱਚਰਾ-ਪਨ, ਹੰਕਾਰ ਆਦਿ ਦੀ ਮਾਨਸਿਕਤਾ ਦੇ ਜ਼ਿਆਦਾ ਹੀ ਬਿਮਾਰ ਹਨ ।ਇਹਨਾਂ ਲੋਕਾਂ ਨੂੰ ਅੱਜ ਸਮਝਣਾ ਚਾਹੀਦਾ ਹੈ ! ਵੀਰੋ ਅੱਜ 75 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ ਸੋਚੋ ਸਮਝੋ ਤੇ ਵਿਚਾਰ ਕਰੋ ਕਿ ਇਹ 52 ਤੋਂ ਲੱਗ ਭੱਗ 60 % ਪੱਛੜੀਆਂ ਸ਼੍ਰੇਣੀਆਂ /ਬੈਕਵਰਡ ਕਲਾਸ/ ਪੱਛੜਾ ਵਰਗ/ਬੀ ਸੀ/ ਓ ਬੀ ਸੀ ਭਾਵ ਇਹ ਇਕ ਹੀ ਵਰਗ ਦੇ ਲੋਕ ਹਨ ਕੇਵਲ ਇਸਨੂੰ ਵੱਖ ਵੱਖ ਨਾਮ ਦੇ ਕੇ ਅੱਜ ਪੁਕਾਰਿਆ ਗਿਆ ਹੈ ਇਸ ਵਰਗ ਨੂੰ ਰਾਜਨੀਤਕ ਪਾਰਟੀਆਂ ਨੇ ਤਰਾਂ ਤਰਾਂ ਦੇ ਲਾਲਚ ,ਲਾਲੀ ਪੋਪ ਦੇ ਕੇ ਯੂਜ ਕੀਤਾ ਹੈ ਅਤੇ ਇਸ ਵਰਗ ਨੂੰ ਅੱਜ ਤੱਕ ਪਿਛਾੜਿਆ ,ਲਿਤਾੜਿਆ ਤੇ ਅਣਗੋਲਿਆ ਗਿਆ ਹੈ । ਅੱਜ ਇਸ ਵਰਗ ਨੂੰ ਮੁਸ਼ਕਲ ਇਹ ਆ ਰਹੀ ਹੈ ਕਿ ਇਸ ਵਰਗ ਦੇ ਜ਼ਿਆਦਾ ਤਰ ਲੋਕ ਮਾਨਸਿਕ ਗੁਲਾਮੀ ਦੇ ਸ਼ਿਕਾਰ ਹੋ ਚੁੱਕੇ ਹਨ। ਇਹ ਸਮਝਦੇ ਵੀ ਹਨ ਤੇ ਚਾਹੁੰਦੇ ਵੀ ਹਨ ਕਿ ਜਿੰਨਾ ਚਿਰ ਇਕ ਪਲੇਟਫਾਰਮ ਤੇ ਇੱਕਠੇ ਨਹੀਂ ਹੁੰਦੇ। ਲੰਮੇ ਸਮੇਂ ਤੋਂ ਇਸ ਵਰਗ ਦੇ ਸੰਗਠਨ, ਮੰਚ, ਫੈਡਰੇਸ਼ਨ, ਮੋਰਚਾ, ਮਹਾਂਸੰਘ, ਸਭਾਵਾਂ ਆਦਿ ਦੇ ਬੁੱਧੀ ਜੀਵੀ ਵੀਰ ਇਸ ਵਰਗ ਨੂੰ ਸੰਵਿਧਾਨਿਕ ਹੱਕਾਂ ਪ੍ਰਤੀ ਜਾਗਰੂਕ ਕਰ ਰਹੇ ਹਨ ਪਰ ਅਜੇ ਵੀ ਕੁੱਝ ਮਾਨਸਿਕਤਾ ਦੇ ਗੁਲਾਮ ਇਹਨਾ ਦੀ ਗੱਲ ਨੂੰ ਨਾ ਸੁਣਦੇ ਹਨ ਤੇ ਨਾ ਹੀ ਮੰਨਦੇ ਹਨ ।ਇਹ ਹੀ ਇਕ ਵੱਡਾ ਰੋਗ ਲੱਗਾ ਹੈ ਜੋ ਇਸ ਬਹੁ ਜਨਸੰਖਿਆ ਵਾਲੇ ਵਰਗ ਦੀ ਏਕਤਾ ਨਹੀਂ ਹੋਣ ਦਿੰਦਾ ਜਿਸ ਕਰਕੇ ਇਹ ਵਰਗ ਹੁਣ ਤੱਕ ਆਪਣੀ ਜਨੰਖਿਆ ਅਨੁਸਾਰ ਰਾਜਨੀਤੀ, ਸਰਕਾਰੀ ਨੌਕਰੀ,ਉੱਚ ਸਿੱਖਿਆ , ਜਾਤੀਗਤ ਜਨਗੰਨਣਾ ਮੁੱਦੇ ਆਦਿ ਵਿੱਚ ਬਰਾਬਰ ਰਾਖਵਾਂਕਰਨ ਜਾਂ ਹਿੱਸੇਦਾਰੀ ਨਹੀਂ ਲੈ ਸਕਿਆ ਹੈ ।ਜਿਸ ਕਾਰਨ ਅੱਜ ਇਸ ਵਰਗ ਦੇ ਲੋਕ ਦੂਜੇ ਵਰਗਾਂ ਦੇ ਲੋਕਾਂ ਨਾਲੋਂ ਡਾਕਟਰ,ਆਈ ਏ ਐਸ, ਆਈ ਪੀ ਐਸ,ਜੱਜ,ਐਮ ਐਲ ਏ, ਐਮ ਪੀ ਆਦਿ ਨਹੀਂ ਹਨ ਭਾਵ ਜ਼ੀਰੋ ਲਾਇਨ ਤੇ ਹਨ। ਵੀਰੋ ਮਾਨਸਿਕਤਾ ਨੂੰ ਬਦਲੋ ਆਪਣਿਆ ਦਾ ਸਾਥ ਦਿਉ , ਜਾਗਰੂਕ ਹੋਵੋ ਤੇ ਜਾਗਰੂਕ ਕਰੋ ਆਪਣੀ ਮਾਨਸਿਕਤਾ ਨੂੰ ਬਦਲੋ, ਏਕਤਾ ਬਣਾਉ, ਬੁੱਧੀ ਜੀਵੀ ਵੀਰਾਂ ਦਾ ਸਤਿਕਾਰ ਕਰੋ।

# ਸ਼ਿਵਜੀ ਜੀ ਦਾ 'ਡੋਰਾ ਪ੍ਰਸਾਦ' ਸਬੰਧੀ ਧਾਰਮਿਕ ਸਮਾਗਮ 'ਚ ਵਿਧਾਇਕ ਅਜੀਤਪਾਲ ਨੇ ਕੀਤੀ ਸਿਰਕਤ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਅੱਜ ਇਥੇ ਸ੍ਰੀ ਹਨੂੰਮਾਨ ਮੰਦਰ ਵਿਖੇ ਸਮੂਹ ਬਹਾਵਲਪੁਰ ਬਿਰਾਦਰੀ ਵੱਲੋਂ ਇਕ ਸਮਾਗਮ ਕਰਵਾ ਕੇ ਸਿਵਜੀ ਜੀ ਦਾ 'ਡੋਰਾ ਪ੍ਰਸਾਦ' ਲਗਵਾਇਆ ਗਿਆ। ਇਸ ਮੌਕੇ ਵਿਧਾਇਕ ਪਟਿਆਲਾ ਸਹਿਰੀ ਅਜੀਤਪਾਲ ਸਿੰਘ ਕੋਹਲੀ ਨੇ ਸਿਰਕਤ ਕੀਤੀ। ਇਸ ਦੋਰਾਨ ਉਨਾ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਅਤੇ ਆਪੋ ਅਪਣੀ ਬਿਰਾਦਰੀ ਨਾਲ ਸਬੰਧਿਤ ਕੋਈ ਵੀ ਰੀਤੀ ਰਿਵਾਜ ਹੋਣ ਉਨਾ ਨੂੰ ਕਾਇਮ ਰੱਖਣਾ ਅਤੇ ਸਾਂਭ ਕੇ ਰੱਖਣਾ ਚਾਹੀਦਾ ਹੈ, ਅਜਿਹੇ ਸਮਾਗਮ ਸਾਡੇ ਵਿਰਸੇ ਚ ਹੀ ਵੇਖਣ ਨੂੰ ਮਿਲਦੇ ਹਨ। ਇਨਾ ਰੀਤੀ ਰਿਵਾਜਾਂ ਨਾਲ ਸਾਡੀ ਆਉਣ ਵਾਲੀ ਪੀੜੀ ਨੂੰ ਵੀ ਸਿੱਖਿਆ ਮਿਲਦੀ ਹੈ। ਵਿਧਾਇਕ ਕੋਹਲੀ ਨੇ ਕਿਹਾ ਕੇ ਅੱਜ ਕੱਲ ਸਾਡੇ ਪੁਰਾਣੇ ਰੀਤੀ ਰਿਵਾਜ ਅਤੇ ਧਾਰਮਿਕ ਪ੍ਰੰਪਰਾਵਾ ਸਮਾਪਤੀ ਵੱਲ ਜਾ ਰਹੀਆਂ ਹਨ। ਹਰ ਸਾਲ ਦੀ ਤਰ੍ਹਾਂ ਅੱਜ ਇਥੇ ਪਟਿਆਲਾ ਸ਼ਹਿਰ ਵਿੱਚ ਵੱਡੀ ਚੰਗਾ ਅਧਾਰ ਰੱਖਣ ਵਾਲੇ ਬਹਾਵਲਪੁਰ ਸਮਾਜ ਦੀ ਤਰਫੋਂ ਇਸ ਸਾਲ ਰਾਜਪੁਰਾ ਰੋਡ 'ਤੇ ਸਥਿਤ ਸ੍ਰੀ ਹਨੂੰਮਾਨ ਮੰਦਰ ਵਿਖੇ ਭਗਵਾਨ ਸ਼ਿਵ ਦਾ ਪ੍ਰਸ਼ਾਦ ਮਾਘ ਚੂਰੀ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਅੱਜ ਬਹਾਵਲਪੁਰ ਭਾਈਚਾਰੇ ਦੇ ਸੈਂਕੜੇ ਔਰਤਾਂ ਅਤੇ ਮਰਦ ਸਮੂਹਿਕ ਤੌਰ 'ਤੇ ਚੂਰੀ ਕੁੱਟੀ ਤੇ ਭੋਗ ਲਾਏ ਗਏ। ਮੰਦਰ. ਇਸ ਸਬੰਧੀ ਸਮਾਜ ਦੇ ਲੋਕਾਂ ਨੇ ਆਪੋ-ਆਪਣੇ ਫਰਜ਼ ਵੀ ਅਦਾ ਕੀਤੇ। ਬਹਾਵਲਪੁਰ ਸਮਾਜ ਦੇ ਆਗੂ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁੰਦਨ ਗੋਗੀਆ ਤੇ ਰਾਜੂ ਸਾਹਨੀ ਨੇ ਦੱਸਿਆ ਕਿ ਇਸ ਸਮਾਗਮ ਦਾ ਮਕਸਦ ਸਮਾਜ ਨੂੰ ਧਰਮ ਨਾਲ ਜੋੜਨ ਦੇ ਨਾਲ-ਨਾਲ ਆਪਸੀ ਭਾਈਚਾਰਕ ਸਾਂਝ ਵਧਾਉਣਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਬਹਾਵਲਪੁਰ ਸਮਾਜ ਦੇ ਲੋਕ ਹਾਜ਼ਰ ਸਨ।

# ਲੁਧਿਆਣਾ 'ਚ ਮੁਲਜ਼ਮ ਹੱਥਕੜੀ ਸਣੇ ਪੁਲਿਸ ਨੂੰ ਚਕਮਾ ਦੇ ਕੇ ਹੋਇਆ ਫ਼ਰਾਰ

**ਲੁਧਿਆਣਾ,**
**-ਰੋਜ਼ਾਨਾ ਸਵੇਰਾ-**

ਲੁਧਿਆਣਾ ਦੇ ਥਾਣਾ ਦੁੱਗਰੀ ਵਿਚ ਉਸ ਵੇਲੇ ਭਾਜੜ ਪੈ ਗਈ ਜਦੋਂ ਇਕ ਮੁਲਜ਼ਮ ਹੱਥਕੜੀ ਸਣੇ ਪੁਲਸ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਿਆ।

ਮੁਲਜ਼ਮ ਦੀ ਭਾਲ ਵਿਚ ਪੁਲਸ ਇਧਰ-ਉਧਰ ਭਜਦੀ ਨਜ਼ਰ ਆਈ ਅਤੇ ਸ਼ਹਿਰ ਵਿਚ ਥਾਂ-ਥਾਂ 'ਤੇ ਨਾਕੇਬੰਦੀ ਵੀ ਕਰ ਦਿੱਤੀ ਗਈ। ਪੁਲਸ ਨੇ ਫ਼ਰਾਰ ਮੁਲਜ਼ਮ ਦੀ ਭਾਲ ਵਿਚ ਬੱਸ ਅੱਡੇ 'ਤੇ ਪੋਸਟਰ ਵੀ ਲਗਾਏ ਅਤੇ ਉਧਰ ਥਾਣੇ ਦੀ ਐੱਸ. ਐੱਚ. ਓ. ਪੱਤਰਕਾਰਾਂ ਤੋਂ ਬਚਦੀ ਨਜ਼ਰ ਆਈ ਅਤੇ ਕਹਿ ਰਹੀ ਸੀ ਕਿ ਅਜਿਹਾ ਕੁਝ ਹੋਇਆ ਹੀ ਨਹੀਂ ਹੈ।

ਦੂਜੇ ਪਾਸੇ ਬੱਸ ਅੱਡੇ 'ਤੇ ਤਾਇਨਾਤ ਪੁਲਸ ਕਰਮਚਾਰੀਆਂ ਨੇ ਕਿਹਾ ਕਿ ਥਾਣਾ ਦੁੱਗਰੀ ਦੀ ਪੁਲਸ ਉਨ੍ਹਾਂ ਨੂੰ ਪੋਸਟਰ ਦੇ ਗਈ ਹੈ ਅਤੇ ਫ਼ਰਾਰ ਮੁਲਜ਼ਮ ਨੂੰ ਫੜ੍ਹਨ ਵਿਚ ਮਦਦ ਕਰਨ ਲਈ ਆਖਿਆ ਗਿਆ ਹੈ।

ਉਧਰ ਸੂਤਰਾਂ ਮੁਤਾਬਕ ਫ਼ਰਾਰ ਹੋਏ ਮੁਲਜ਼ਮ 'ਤੇ ਵਿਆਹ ਦਾ ਝਾਂਸਾ ਦੇ ਕੇ ਨਾਬਾਲਿਗ ਕੁੜੀ ਨੂੰ ਯੂ. ਪੀ. ਤੋਂ ਭਜਾ ਕੇ ਲੁਧਿਆਣੇ ਲੈ ਕੇ ਆਉਣ ਦੇ ਵੀ ਦੋਸ਼ ਹਨ।

# ਭਗਵੰਤ ਮਾਨ ਦਾ ਵਿਰੋਧੀਆਂ ਨੂੰ ਸਵਾਲ, ਪੰਜਾਬ 'ਤੇ ਕਿਵੇਂ ਚੜ੍ਹਿਆ 3 ਲੱਖ ਕਰੋੜ ਦਾ ਕਰਜ਼ਾ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੀਆਂ ਵਿਰੋਧੀ ਪਾਰਟੀਆਂ ਨੂੰ ਸਵਾਲ ਕੀਤਾ ਹੈ ਕਿ ਪੰਜਾਬ 'ਤੇ ਪਿਛਲੇ ਕੁਝ ਸਾਲਾਂ ਦੌਰਾਨ 3 ਲੱਖ ਕਰੋੜ ਰੁਪਏ ਦਾ ਕਰਜ਼ਾ ਕਿਵੇਂ ਚੜ੍ਹਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਪੰਜਾਬ 'ਚ ਨਾ ਤਾਂ ਮੁਹੱਲਾ ਕਲੀਨਿਕ ਬਣਾਏ ਗਏ ਅਤੇ ਨਾ ਹੀ ਚੰਗੇ ਸਕੂਲ ਅਤੇ ਨਾ ਹੀ ਵਿਕਾਸ ਕਾਰਜ ਕਰਵਾਏ ਗਏ। ਅਜਿਹੀ ਸਥਿਤੀ 'ਚ ਪੰਜਾਬ 'ਤੇ ਕਰਜ਼ਾ ਕਿਵੇਂ ਚੜ੍ਹ ਗਿਆ ਇਹ ਗੱਲ ਸਮਝ ਤੋਂ ਬਾਹਰ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦੇ ਆਗੂ ਕਰਜ਼ਾ ਉਤਾਰਨ 'ਚ ਲੱਗੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਚਲਾਈ ਹੋਈ ਹੈ ਅਤੇ ਪੰਜਾਬ 'ਚੋਂ ਲੁੱਟਿਆ ਗਿਆ ਇਕ-ਇਕ ਪੈਸਾ ਵਾਪਸ ਲਿਆ ਕੇ ਸਰਕਾਰੀ ਖ਼ਜ਼ਾਨੇ 'ਚ ਜਮ੍ਹਾ ਕਰਵਾਇਆ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਜੇਕਰ ਪੰਜਾਬ ਨੂੰ ਅੱਗੇ ਵਧਣ ਅਤੇ ਖੁਸ਼ਹਾਲੀ ਦੇ ਰਾਹ 'ਤੇ ਲਿਜਾਣਾ ਹੈ ਤਾਂ ਸਭ ਤੋਂ ਪਹਿਲਾਂ ਭ੍ਰਿਸ਼ਟਾਚਾਰ 'ਤੇ ਮੁਕੰਮਲ ਸ਼ਿਕੰਜਾ ਕੱਸਣਾ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। ਹਰ ਰੋਜ਼ ਕੋਈ ਨਾ ਕੋਈ ਭ੍ਰਿਸ਼ਟ ਵਿਅਕਤੀ ਫੜ ਕੇ ਜੇਲ੍ਹ ਭੇਜਿਆ ਜਾ ਰਿਹਾ ਹੈ। ਇਸ ਨਾਲ ਭ੍ਰਿਸ਼ਟਾਚਾਰ ਕਰਨ ਵਾਲਿਆਂ ਦੇ ਅੰਦਰ ਡਰ ਦੀ ਭਾਵਨਾ ਪੈਦਾ ਹੋਈ ਹੈ।

ਮੁੱਖ ਮੰਤਰੀ ਦੀਆਂ ਇਨ੍ਹਾਂ ਟਿੱਪਣੀਆਂ ਤੋਂ ਸਪੱਸ਼ਟ ਹੈ ਕਿ ਆਉਣ ਵਾਲੇ ਦਿਨਾਂ 'ਚ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਆਪਣੀ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਦੂਜੇ ਪਾਸੇ ਅੰਮ੍ਰਿਤਸਰ 'ਚ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਸਪੱਸ਼ਟ ਕਿਹਾ ਸੀ ਕਿ ਜੋ ਵੀ ਭ੍ਰਿਸ਼ਟਾਚਾਰ 'ਚ ਸ਼ਾਮਲ ਹੋਵੇਗਾ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# 25,000 ਰੁਪਏ ਦੀ ਰਿਸ਼ਵਤ ਲੈਂਦਾ ਬੀ.ਡੀ.ਪੀ.ਓ. ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੇ ਉਦੇਸ਼ ਨਾਲ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਲੁਧਿਆਣਾ ਜ਼ਿਲ੍ਹੇ ਦੇ ਸੁਧਾਰ ਵਿਖੇ ਤਾਇਨਾਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ (ਬੀ.ਡੀ.ਪੀ.ਓ.) ਅਸ਼ੋਕ ਕੁਮਾਰ ਨੂੰ 25,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਬੀ.ਡੀ.ਪੀ.ਓ. ਨੂੰ ਸਰਪੰਚ ਲਖਵੀਰ ਸਿੰਘ ਵਾਸੀ ਪਿੰਡ ਬੋਪਾਰਾਏ ਕਲਾਂ, ਲੁਧਿਆਣਾ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਅਧਿਕਾਰੀ ਗ੍ਰਾਮ ਪੰਚਾਇਤ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਵਰਤੋਂ ਸਰਟੀਫਿਕੇਟ ਜਾਰੀ ਕਰਨ ਅਤੇ ਗ੍ਰਾਂਟਾਂ ਦੀ ਅਦਾਇਗੀ ਲਈ 50,000 ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਉਹ ਉਕਤ ਅਧਿਕਾਰੀ ਨੂੰ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਪਰ ਉਸ ਦੇ ਵਾਰ-ਵਾਰ ਕਹਿਣ 'ਤੇ ਬੀਡੀਪੀਓ ਨਾਲ 25,000 ਰੁਪਏ ਵਿੱਚ ਸੌਦਾ ਤੈਅ ਹੋ ਗਿਆ ਹੈ।

# ਚਾਈਨਾ ਡੋਰ ਖ਼ਿਲਾਫ਼ ਕਾਰਵਾਈ: ਪੰਜਾਬ ਪੁਲਿਸ ਵੱਲੋਂ ਇਕ ਹ਼ਫਤੇ 'ਚ ਚਾਈਨਾ ਡੋਰ ਦੇ 1503 ਬੰਡਲ ਜ਼ਬਤ ਕਰਕੇ 56 ਲੋਕਾਂ ਨੂੰ ਕੀਤਾ ਗ੍ਰਿਫ਼ਤਾਰ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੰਥੈਟਿਕ ਸਮੱਗਰੀ ਨਾਲ ਬਣੀ ਚਾਈਨਾ ਡੋਰ ਦੀ ਵਿਕਰੀ, ਭੰਡਾਰਨ ਅਤੇ ਖਰੀਦ 'ਤੇ ਪਾਬੰਦੀ ਲਗਾਉਣ ਦੇ ਹੁਕਮਾਂ ਤੋਂ ਇੱਕ ਹ਼ਫਤੇ ਉਪਰੰਤ ਪੰਜਾਬ ਪੁਲਿਸ ਨੇ ਪਤੰਗ ਉਡਾਉਣ ਲਈ ਵਰਤੀ ਜਾਣ ਵਾਲੀ ਇਸ ਘਾਤਕ ਡੋਰ ਵਿਰੁੱਧ ਜਾਰੀ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਚਾਈਨਾ ਡੋਰ ਵੇਚਣ ਵਾਲਿਆਂ ਵਿਰੁੱਧ ਕੀਤੀ ਕਾਰਵਾਈ ਬਾਰੇ ਹ਼ਫਤਾਵਾਰੀ ਵੇਰਵੇ ਸਾਂਝੇ ਕਰਦਿਆਂ ਆਈ.ਜੀ.ਪੀ. ਨੇ ਦੱਸਿਆ ਕਿ ਪੰਜਾਬ ਪੁਲਿਸ ਨੇ 50 ਐਫ.ਆਈ.ਆਰਜ਼. ਦਰਜ ਕਰਕੇ ਚਾਈਨਾ ਡੋਰ ਦੇ 1502 ਬੰਡਲ ਜਬਤ ਕੀਤੇ ਅਤੇ ਇਸ ਡੋਰ ਨੂੰ ਵੇਚਣ ਵਿੱਚ ਸ਼ਾਮਲ 56 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਚਾਈਨਾ ਡੋਰ ਵਿਰੁੱਧ ਮੁਹਿੰਮ ਸ਼ੁਰੂ ਕਰਨ ਉਪਰੰਤ ਪੰਜਾਬ ਪੁਲਿਸ ਨੇ 19 ਦਸੰਬਰ, 2022 ਤੋਂ ਹੁਣ ਤੱਕ 284 ਐਫਆਈਆਰਜ਼ ਦਰਜ ਕਰਕੇ ਚਾਈਨਾ ਡੋਰ ਦੇ ਕੁੱਲ 12866 ਬੰਡਲ ਜ਼ਬਤ ਕੀਤੇ ਅਤੇ 311 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਚਾਈਨਾ ਡੋਰ ਨੂੰ ਖਰੀਦਣ/ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰੇਗੀ।

ਜ਼ਿਕਰਯੋਗ ਹੈ ਕਿ ਸੂਬੇ ਦੇ ਸਾਰੇ ਐਸਐਚਓਜ਼ ਨੂੰ ਛਾਪੇਮਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਕਿ ਤਾਂ ਜੋ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਕੋਈ ਵੀ ਚਾਈਨਾ ਡੋਰ ਨਾ ਵੇਚ ਸਕੇ।

# ਸਮਾਜ ਸੇਵਕਾਂ ਨੇ ਪਰਨੀਤ ਕੌਰ ਨਾਲ ਕੀਤੀ ਵਿਸ਼ੇਸ਼ ਮੁਲਾਕਾਤ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਮੈਂਬਰ ਪਾਰਲੀਮੈਂਟ ਪਰਨੀਤ ਕੌਰ ਨਾਲ ਅੱਜ ਪਟਿਆਲਾ ਹਲਕੇ ਦੇ ਵੱਖ-ਵੱਖ ਸਮਾਜ ਸੇਵਕਾਂ, ਐਡਵੋਕੇਟ ਗੁਰਵਿੰਦਰ ਕਾਂਸਲ, ਸੀ.ਏ. ਲਵਿਸ਼ ਗੋਇਲ, ਇੰਜੀ. ਸਾਹਿਲ ਗੋਇਲ, ਐਡਵੋਕੇਟ ਦੀਸ਼ਾਂਤ ਕਾਂਸਲ, ਵਪਾਰੀ ਆਗੂ ਨੀਰਜ ਕੁਮਾਰ ਅਤੇ ਇੰਜੀ. ਸਾਗਰ ਗਰਗ ਅਤੇ ਹੋਰ ਮੈਂਬਰਾਂ ਨੇ ਇਕ ਵਿਸ਼ੇਸ਼ ਮੁਲਾਕਾਤ ਕੀਤੀ।

ਇਸ ਮੌਕੇ ਉਨ੍ਹਾਂ ਨੇ ਪਰਨੀਤ ਕੌਰ ਨਾਲ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਦੀਆਂ ਸਕੀਮਾਂ ਬਾਰੇ ਚਰਚਾ ਕੀਤੀ ਅਤੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਕਸ਼ਕਲਾਂ ਤੋਂ ਜਾਣੂੰ ਕਰਵਾਇਆ। ਇਸ ਮੌਕੇ ਪਰਨੀਤ ਕੌਰ ਨੇ ਗੁਰਵਿੰਦਰ ਕਾਂਸਲ ਅਤੇ ਹੋਰ ਆਗੂਆਂ ਨੂੰ ਯਕੀਨ ਦਵਾਇਆ ਕਿ ਕੇਂਦਰ ਵੱਲੋਂ ਜਾਰੀ ਕਿਸੀ ਵੀ ਵਿੱਤੀ ਸਹਾਇਤਾ ਅਤੇ ਲੋਕ ਭਲਾਈ ਦੇ ਕੰਮਾਂ ਵਿਚ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਬਿਠਾ ਕੇ ਇਨ੍ਹਾਂ ਕੰਮ ਵਿਚ ਤੇਜੀ ਲਿਆਂਦੀ ਜਾਵੇਗੀ ਤਾਂ ਜੋ ਆਮ ਨਾਗਰਿਕਾਂ, ਬਜੁਰਗਾਂ ਅਤੇ ਮਹਿਲਾਵਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕੇ ਅਤੇ ਉਨ੍ਹਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਸਿਰੇ ਚੜ੍ਹ ਸਕਣ।

ਇਸ ਮੌਕੇ ਗੁਰਵਿੰਦਰ ਕਾਂਸਲ, ਕੁਨਾਲ ਖੁਰਾਨਾ, ਦੀਪ ਧਾਲੀਵਾਲ, ਅਯੂਸ਼ ਭਾਂਬਰੀ, ਵਿਕਾਸ ਮਿੱਤਲ, ਮ੍ਰਿਦੁਲ, ਰਾਹੁਲ ਬਾਂਸਲ, ਪਰਵੀਨ ਨਿਤੇਸ਼, ਰਾਜ ਕੁਮਾਰ ਅਤੇ ਨੀਰਜ ਨੂੰ ਪਰਨੀਤ ਕੌਰ ਨੂੰ ਮੋਮੈਂਟੋ ਅਤੇ ਸਿਰੋਪਾ ਦੇ ਕੇ ਸਨਮਾਨਤ ਕੀਤਾ।

# ਸਾਈਬਰ ਅਪਰਾਧ ਸੰਬੰਧੀ ਉਮੰਗ ਸੰਸਥਾ ਵੱਲੋਂ ਨਰਾਇਨ ਸਮਾਰਟ ਸਕੂਲ ਭਾਨਰਾ ਵਿੱਚ ਪੰਜਵਾਂ ਸੈਮੀਨਾਰ ਆਯੋਜਿਤ

## 70 ਤੋਂ ਵੱਧ ਬੱਚਿਆਂ ਨੇ ਸੈਮੀਨਾਰ ਦੁਆਰਾ ਲਈ ਨਿਵੇਕਲੀ ਜਾਣਕਾਰੀ : ਸੁਮੀਰਾ ਸ਼ਰਮਾ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਸਾਈਬਰ ਅਪਰਾਧ ਸੰਬੰਧੀ ਉਮੰਗ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਇੱਕ ਨਿਵੇਕਲੇ ਉਪਰਾਲੇ ਤਹਿਤ ਪਟਿਆਲਾ ਦੇ ਸਕੂਲਾਂ ਕਾਲਜਾਂ ਵਿੱਚ ਹੋਣ ਵਾਲੇ ਸਾਈਬਰ ਅਪਰਾਧਾ ਤੋਂ ਬਚਣ ਸਬੰਧੀ ਸੈਮੀਨਾਰ ਕੀਤੇ ਜਾ ਰਹੇ ਹਨ।

ਇਹ ਉਪਰਾਲਾ ਸੰਸਥਾਂ ਦੇ ਚੈਅਰਮੈਨ ਹਰਦੀਪ ਸਿੰਘ ਬਡੂੰਗਰ ਪੀਪੀਐਸ ਅਤੇ ਪ੍ਰਧਾਨ ਅਰਵਿੰਦਰ ਸਿੰਘ ਦੀ ਅਗਵਾਈ ਵਿੱਚ ਸੰਸਥਾ ਦੇ ਸੀਨੀਅਰ ਵਾਈਸ ਪ੍ਰਧਾਨ ਅਨੁਰਾਗ ਅਚਾਰਿਆ ਸਾਈਬਰ ਐਕਸਪਰਟ ਅਤੇ ਸਾਰੀ ਟੀਮ ਦੀ ਮਿਹਨਤ ਸਦਕਾ ਕੀਤਾ ਜਾ ਰਿਹਾ ਹੈ। ਲਗਾਤਾਰ ਹੋ ਰਹੇ ਸੈਮੀਨਾਰਾ ਵਿੱਚ ਅੱਜ ਪੰਜਵਾਂ ਸੈਮੀਨਾਰ ਪਿੰਡ ਭਾਂਨਰਾ ਵਿਖੇ ਬਣੇ ਨਰਾਇਨ ਸਮਾਰਟ ਸਕੂਲ ਵਿੱਚ ਪ੍ਰਿੰਸੀਪਲ ਮਿਸ ਮਨਦੀਪ ਵੜੈਚ ਅਤੇ ਵਾਈਸ ਪ੍ਰਿੰਸੀਪਲ ਮਿਸ ਸੁਮੀਰਾ ਸ਼ਰਮਾ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ । ਇਸ ਮੌਕੇ ਸਕੂਲ ਮੁਖੀ ਸ੍ਰ. ਅਵਤਾਰ ਸਿੰਘ ਅਰੋੜਾ, ਜੂਨੀਅਰ ਹੈਡ ਮਿਸ ਰੂਪ ਸ਼ੇਰਗਿੱਲ

ਉਮੰਗ ਸੰਸਥਾ ਦੇ ਸੀਨੀਅਰ ਵਾਈਸ ਪ੍ਰਧਾਨ ਅਤੇ ਸਾਈਬਰ ਐਕਸਪਰਟ ਅਨੁਰਾਗ ਆਚਾਰਿਆ, ਵਿੱਤ ਸਕੱਤਰ ਯੋਗੇਸ਼ ਪਾਠਕ, ਜਨਰਲ ਸੈਕਟਰੀ ਰਾਜਿੰਦਰ ਲੱਕੀ, ਕੋਆਰਡੀਨੇਟਰ ਹਿਮਾਨੀ, ਅਮਨਜੋਤ, ਹਰਪਿੰਦਰ ਤੋਂ ਇਲਾਵਾ 70 ਤੋਂ ਵੱਧ ਬੱਚਿਆਂ ਨੇ ਇਸ ਸੈਮੀਨਾਰ ਵਿੱਚ ਸ਼ਿਰਕਤ ਕੀਤੀ।

# ਝੂਠੇ ਵਾਅਦਿਆਂ ਦੇ ਨਾਂ 'ਤੇ ਪੰਜਾਬ ਵਾਸੀਆਂ ਨੂੰ ਮਿਲਿਆ ਧੋਖਾ : ਸੰਜੇ ਸ਼ਰਮਾ



ਸੰਜੇ ਸ਼ਰਮਾ ਅਤੇ ਮਹਿਲਾਵਾਂ ਆਪ ਸਰਕਾਰ ਖਿਲਾਫ ਪ੍ਰਦਰਸ਼ਨ ਕਰਦੀਆਂ ਹੋਈਆਂ।

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪਟਿਆਲਾ ਸ਼ਹਿਰੀ ਦੇ ਵਾਰਡ ਨੰ: 35 ਤੋਂ ਕੌਂਸਲਰ ਸਰੋਜ ਸ਼ਰਮਾ, ਅਮਰਜੀਤ ਸ਼ਰਮਾ ਅਤੇ ਬੀ.ਜੇ.ਪੀ. ਆਗੂ ਸੰਜੇ ਸ਼ਰਮਾ ਅਤੇ ਭਾਰੀ ਗਿਣਤੀ ਮਹਿਲਾਵਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਝੁੱਠੇ ਵਾਅਦਿਆਂ ਦੇ ਖਿਲਾਫ ਰੋਸ ਵਜੋਂ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੰਜੇ ਸ਼ਰਮਾ ਨੇ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਕਈ ਤਰ੍ਹਾਂ ਦੇ ਝੁੱਠੇ ਵਾਅਦੇ ਕਰਕੇ ਸੱਤਾ 'ਤੇ ਕਾਬਜ਼ ਹੋਈ ਹੈ ਪਰ ਸਰਕਾਰ ਵੱਲੋਂ ਹੋਲੀ ਹੋਲੀ ਆਪਣੇ ਵਾਅਦਿਆਂ ਤੋਂ ਮੁਕਰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਦੀਆਂ ਸਕੀਮਾਂ ਵੱਲ ਵੀ ਮੁੱਖ ਮੰਤਰੀ ਭਗਵੰਤ ਮਾਨ ਕੋਈ ਖਾਸ ਤਰਜੀਹ ਨਹੀਂ ਦੇ ਰਹੇ। ਜਿਸ ਨਾਲ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਜਿਸਦਾ ਖਾਮਿਆਜ਼ਾ ਸਰਕਾਰ ਨੂੰ ਆਉਣ ਵਾਲੀਆਂ ਨਗਰ ਨਿਗਮ ਅਤੇ ਲੋਕ ਸਭਾ ਚੋਣਾਂ ਵਿੱਚ ਭੁਗਤਨਾ ਪਵੇਗਾ ਕਿਉਂਕਿ ਸਿੱਧੇ ਤੌਰ 'ਤੇ ਦੇਖਿਆ ਜਾਵੇ ਤਾਂ ਪੰਜਾਬ ਵਾਸੀਆਂ ਨੂੰ ਆਪ ਸਰਕਾਰ ਦੇ ਝੁੱਠੇ ਵਾਅਦਿਆਂ ਦੇ ਨਾਂ 'ਤੇ ਸਿਰਫ ਧੋਖਾ ਹੀ ਮਿਲਿਆ ਹੈ।

ਇਸ ਮੌਕੇ ਸੁਰਿੰਦਰ ਖਰੋੜ, ਅਨਿਤਾ ਰਾਣੀ, ਜਯੋਤੀ ਦੇਵੀ, ਆਸ਼ਾ ਦੇਵੀ, ਜੱਸੀ, ਪੂਨਮ ਸ਼ਰਮਾ, ਰਤਨਦੀਪ ਸ਼ਰਮਾ, ਪੁਨਿਤ ਸ਼ਰਮਾ, ਰਫੀਕ ਮੁਹੰਮਦ, ਮੋਹਿੰਦਰਪਾਲ, ਨਿਰਮਲਾ ਦੇਵੀ ਅਤੇ ਮਧੂ ਸ਼ਰਮਾ ਆਦਿ ਹਾਜ਼ਰ ਸਨ।

# ਐਸ. ਸੀ. ਮੋਰਚਾ ਪਾਰਟੀ ਦਾ ਅਹਿਮ ਅੰਗ : ਬੀਬਾ ਜੈਇੰਦਰ ਕੌਰ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

-ਭਾਰਤੀ ਜਨਤਾ ਪਾਰਟੀ ਪਟਿਆਲਾ ਸ਼ਹਿਰੀ ਐਸ. ਸੀ. ਮੋਰਚਾ ਦੇ ਪ੍ਰਧਾਨ ਸੰਜੇ ਹੰਸ ਅਤੇ ਉਨ੍ਹਾਂ ਦੀ ਟੀਮ ਵਲੋਂ ਇਕ ਭਰਵੀਂ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਪੰਜਾਬ ਭਾਜਪਾ ਦੀ ਮੀਤ ਪ੍ਰਧਾਨ ਬੀਬਾ ਜੈ ਇੰਦਰ ਕੌਰ, ਸ਼ਹਿਰੀ ਪ੍ਰਧਾਨ ਕੇ. ਕੇ. ਮਲਹੋਤਰਾ, ਸਾਬਕਾ ਪ੍ਰਧਾਨ ਬਲਵੰਤ ਰਾਏ, ਡਿਪਟੀ ਮੇਅਰ ਵਿੰਤੀ ਸੰਗਰ ਸਮੇਤ ਹੋਰ ਲੀਡਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਬੀਬਾ ਨੇ ਕਿਹਾ ਕਿ ਐਸ. ਸੀ. ਮੋਰਚਾ ਪਾਰਟੀ ਦਾ ਅਹਿਮ ਅੰਗ ਹੈ ਅਤੇ ਇਨ੍ਹਾਂ ਵਲੋਂ ਹਰੇਕ ਚੋਣਾਂ ਵਿਚ ਪਾਰਟੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਪਣਾ ਬਣਦਾ ਫਰਜ਼ ਨਿਭਾਇਆ ਜਾਂਦਾ ਹੈ। ਇਸ ਮੌਕੇ ਪ੍ਰਧਾਨ ਸੰਜੇ ਹੰਸ ਨੇ ਕਿਹਾ ਕਿ ਪਾਰਟੀ ਵਲੋਂ ਉਨ੍ਹਾਂ ਦੀ ਜੋ ਵੀ ਡਿਊਟੀ ਲਗਾਈ ਗਈ ਹੈ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਆਉਣ ਵਾਲੀਆਂ ਨਗਰ ਨਿਗਮ ਅਤੇ ਲੋਕ ਸਭਾ ਚੋਣਾਂ ਵਿਚ ਪਾਰਟੀ ਦੇ ਸੰਭਾਵਿਤ ਉਮੀਦਵਾਰਾਂ ਨੂੰ ਜਿਤਾਉਣ ਵਿਚ ਅਹਿਮ ਭੂਮਿਕਾ ਨਿਭਾਉਣਗੇ।

ਇਸ ਮੌਕੇ ਸੰਜੇ ਹੰਸ ਤੇ ਉਨ੍ਹਾਂ ਦੀ ਟੀਮ ਵਲੋਂ ਬੀਬਾ ਜੈਇੰਦਰ ਕੌਰ ਅਤੇ ਕੇ. ਕੇ. ਮਲਹੋਤਰਾ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਦੀਪਕ ਟਿਵਾਣਾ, ਅਮਰਜੀਤ ਲਾਲ, ਰਾਜਿੰਦਰ ਕੁਮਾਰ, ਗੁਰਜੀਤ ਸਿੰਘ, ਰਮੇਸ਼ ਕੁਮਾਰ ਸਾਰੇ ਮੀਤ ਪ੍ਰਧਾਨ, ਧਰਮਿੰਦਰ ਸਿੰਘ ਫੌਜੀ, ਰਾਮ ਦਿਆਲ ਦੋਵੇਂ ਜਨਰਲ ਸਕੱਤਰ, ਨਿਸ਼ਾ ਰਾਣੀ, ਅਜੈ ਸਹੋਤਾ ਜੋਨੀ, ਕੁਲਦੀਪ ਸਿੰਘ ਸੂਬੇਦਾਰ, ਸ਼ਾਮ ਲਾਲ, ਰੋਹਿਤ ਕੁਮਾਰ ਸਾਰੇ ਸਕੱਤਰ ਅਤੇ ਰੋਹਿਤ ਹੰਸ ਵਕੀਲ ਖਜਾਨਚੀ ਅਤੇ ਹੋਰ ਮੈਂਬਰ ਮੌਕੇ 'ਤੇ ਹਾਜ਼ਰ

# ਕੁਝ ਕਹਿੰਦੀ ਐ ਤਸਵੀਰ...

• ਯਸ਼ਵੀਰ ਗੋਇਲ, ਬਠਿੰਡਾ




ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਪੰਜਾਬੀ ਜਾਗਰਣ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

ਸਾਡਾ ਪਤਾ ਹੈ :

## ਤਸਵੀਰਾਂ ਦੀ ਜ਼ੁਬਾਨੀ

ਹਾਸ ਵਿਅੰਗ

# ਲਾਡ ਨੇ ਵਿਗਾੜੇ ਜੁਆਕ



• ਸੋਢੀ ਸੱਤੋਵਾਲੀ
8146618130

ਇਹ ਗੱਲ ਕਤਫ਼ੀ ਪੁਰਾਣੀ ਹੈ, ਜਦੋਂ ਮੈਂ ਜਲੰਧਰ ਇਕ ਕਾਲਜ 'ਚ ਨੌਕਰੀ ਕਰਦਾ ਸਾਂ। ਮੈਂ ਜਦੋਂ ਵੀ ਹਫ਼ਤੇ ਬਾਅਦ ਐਤਵਾਰ ਛੁੱਟੀ ਵਾਲੇ ਦਿਨ ਘਰ ਜਾਂਦਾ ਤਾਂ ਬੱਸੋਂ ਉਤਰਦਿਆਂ ਹੀ ਬੱਚਿਆਂ ਤੋਂ ਡਰਦਾ ਉਨ੍ਹਾਂ ਲਈ ਮੌਸਮ ਮੁਤਾਬਕ ਕੋਈ ਨਾ ਕੋਈ ਫਰੂਟ ਜ਼ਰੂਰ ਲੈ ਕੇ ਜਾਂਦਾ। ਉਨ੍ਹਾਂ ਨੂੰ ਮੇਰੇ ਨਾਲ ਨਹੀਂ, ਫਰੂਟ ਨਾਲ ਪਿਆਰ ਹੁੰਦਾ। ਉਹ ਬੱਸ 'ਚੋਂ ਉਤਰਦਿਆਂ ਹੀ ਮੈਨੂੰ ਡੂੰਮਣੇ ਦੀਆਂ ਮੱਖੀਆਂ ਵਾਂਗ ਆ ਚਿੰਬੜਦੇ ਜਿਵੇਂ ਮੈਂ ਸਦੀਆਂ ਬਾਅਦ ਵਲੈਤੋਂ ਆਇਆ ਹੋਵਾਂ। ਮੇਰੇ ਨਾਂਹ ਨੁਕਰ ਕਰਨ ਦੇ ਬਾਵਜੂਦ ਜ਼ਬਰਦਸਤੀ ਮੇਰਾ ਬੈਗ ਖੋਹ ਕੇ ਘਰ ਆਪਣੀ ਦਾਦੀ ਕੋਲ ਦੌੜ ਜਾਂਦੇ। ਉਨ੍ਹਾਂ ਮੈਨੂੰ ਕਦੇ ਵੀ ਮੇਰਾ ਹਾਲ-ਚਾਲ ਨਹੀਂ ਪੁੱਛਿਆ ਕਿ ਚਾਚਾ ਜੀ ਤੁਹਾਡਾ ਕੀ ਹਾਲ ਏ? ਪਰ ਉਨ੍ਹਾਂ ਨੂੰ ਕੀ ਮੇਰੇ ਹਾਲ-ਚਾਲ ਨਾਲ, ਚਾਚਾ ਜੀ ਜਿਊਣ ਜਾਂ ਮਰਨ ਉਨ੍ਹਾਂ ਨੂੰ ਤਾਂ ਫਰੂਟ ਚਾਹੀਦਾ ਏ, ਭਾਵੇਂ ਚਾਚੇ ਜੀ ਆਪ ਲੈ ਆਉਣ ਜਾਂ ਕਿਸੇ ਦੇ ਹੱਥ ਭੇਜ ਦੇਣ।

ਜਿਸ ਦਿਨ ਕਿਸੇ ਮਜਬੂਰੀ ਕਾਰਨ ਮੈਂ ਫਰੂਟ ਨਾ ਲਿਆ ਸਕਾਂ, ਸਮਝੋ ਚਾਚਾ ਜੀ ਦੀ ਸ਼ਾਮਤ ਆਈ ਕਿ ਆਈ। ਫਿਰ ਤਾਂ ਮੇਰਾ ਘਰ ਵਿਚ ਰਾਤ ਕੱਟਣਾ ਵੀ ਤਿਹਾੜ ਜੇਲ੍ਹ 'ਚ ਰਾਤ ਕੱਟਣ ਦੇ ਬਰਾਬਰ ਹੁੰਦਾ। ਕਿਸੇ ਵੀ ਬੱਚੇ ਨੂੰ ਆਵਾਜ਼ ਮਾਰਾਂਗਾ ਕਿ ਬਿੱਟੂ ਜ਼ਰਾ ਨਲਕਾ ਤਾਂ ਗੇੜੀਂ ਮੈਂ ਸਿਰ ਨਹਾ ਲਵਾਂ। ਬਿੱਟੂ ਹੋਰੀਂ ਅੱਗੋਂ ਘੜਿਆ ਘੜਾਇਆ ਜਵਾਬ ਕੁਪੱਤੀ ਰੰਨ ਵਾਂਗ ਠਾਹ ਕਰਦਾ ਵਗਾਹ ਮਾਰਨਗੇ, 'ਕਿਉਂ ਕੀ ਗੱਲ ਤੁਸੀਂ ਕਿਹੜਾ ਕੁੱਝ ਲਿਆਂਦਾ ਏ? ਮੈਂ ਕਿਉਂ ਮੁਫ਼ਤ ਨਲਕਾ ਗੇੜਾਂ?' ਬੜੀ ਮੁਸ਼ੱਕਤ ਨਾਲ ਤਰਲੇ ਮਿੰਨਤਾਂ ਕਰਕੇ ਪੰਜੀ ਦਸੀ ਦਾ ਲਾਲਚ ਦੇ ਕੇ ਅਤੇ ਅਗਲੀ ਵਾਰ ਇਕੱਠੇ ਦੋ ਕੇਲੇ ਦੇਣ ਦੇ ਲਾਲਚ ਦੇ ਕੇ ਮਸਾਂ-ਮਸਾਂ ਨਹਾਉਂਦਾ। ਬੱਚੇ ਵਿੱਚੋਂ ਹੀ ਛੱਡ ਕੇ ਦੌੜ ਜਾਂਦੇ ਨੇ ਜਿਵੇਂ ਉਨ੍ਹਾਂ ਨੂੰ ਯਕੀਨ ਹੀ ਨਹੀਂ ਹੁੰਦਾ ਕਿ ਮੈਂ ਉਨ੍ਹਾਂ ਦੀ ਮੰਗ ਅਗਲੀ ਵਾਰ ਪੂਰੀ ਕਰਾਂ ਜਾਂ ਨਾ। ਇਕ ਦਿਨ ਮੇਰਾ ਦੋਸਤ ਅਤੇ ਉਸਦੀ ਪਤਨੀ ਕਾਫ਼ੀ ਚਿਰਾਂ ਬਾਅਦ ਮੈਨੂੰ ਮਿਲਣ ਮੇਰੇ ਘਰ ਆਏ। ਮੇਰੇ ਮੰਦੇ ਭਾਗਾਂ ਨੂੰ ਐਤਵਾਰ ਦਾ ਦਿਨ ਹੋਣ ਕਰਕੇ ਸਭ ਬੱਚੇ ਘਰ ਹੀ ਸਨ। ਪ੍ਰਾਹੁਣਿਆਂ ਦੇ ਅੰਦਰ ਵੜਦਿਆਂ ਹੀ ਉਨ੍ਹਾਂ ਦਾ ਬੈਗ ਖੋਹ ਕੇ ਅੰਦਰ ਲਿਜਾ ਕੇ ਫੋਲਣ ਲੱਗੇ ਅਤੇ ਜੋ ਫਲ ਉਹ ਲਿਆਏ ਸਨ ਉਨ੍ਹਾਂ 'ਤੇ ਐਸਾ ਤੂਫ਼ਾਨੀ ਹਮਲਾ ਬੋਲਿਆ ਜਿਵੇਂ ਅੰਨਾ ਹਜ਼ਾਰੇ ਨੇ ਕਾਫ਼ੀ ਦੇਰ ਬਾਅਦ ਆਪਣਾ ਭੁੱਖ ਹੜਤਾਲ ਤੋਂ ਬਾਅਦ ਵਰਤ ਖੋਲ੍ਹਿਆ ਹੋਵੇ।

ਮਾਤਾ ਜੀ ਤੇ ਭਰਜਾਈ ਗੁਆਂਢ ਕਿਸੇ ਦੇ ਘਰ ਅਫ਼ਸੋਸ 'ਤੇ ਗਏ ਹੋਏ ਸਨ। ਹੋਰ ਘਰ 'ਚ ਕੋਈ ਨਹੀਂ ਸੀ ਜੋ ਮਹਿਮਾਨਾਂ ਲਈ ਚਾਹ ਤਿਆਰ ਕਰ ਸਕੇ। ਮੈਂ ਆਪਣੇ ਦੋਸਤ ਅਤੇ ਉਸਦੀ ਪਤਨੀ ਨੂੰ ਬੈਠਕ ਵਿਚ ਬਿਠਾਇਆ ਅਤੇ ਚਾਹ ਬਾਰੇ ਸੋਚਣ ਲੱਗਾ। ਮੈਂ ਸੋਚਿਆ ਮਾਤਾ ਤੇ ਭਰਜਾਈ ਪਤਾ ਨਹੀਂ ਕਦੋਂ ਆਉਣ ਕਿਉਂ ਨਾ ਬੱਚੇ ਨੂੰ ਭੇਜ ਕੇ ਬੁਲਾ ਲਵਾਂ। ਮੈਂ ਆਪਣੀ ਪੰਜ ਕੁ ਸਾਲ ਦੀ ਭਤੀਜੀ ਨੂੰ ਆਵਾਜ਼ ਮਾਰੀ ਤਾਂ ਉਹ ਨੱਠੀ-ਨੱਠੀ ਮੇਰੇ ਪਾਸ ਆਈ ਜਿਵੇਂ ਕੁਝ ਮਿਲਣਾ ਹੋਵੇ। ਮੈਂ ਕਿਹਾ, " ਜਾਹ ਬੇਟੇ ਗੁਆਂਢੀਆਂ ਘਰੋਂ ਮਾਤਾ ਜੀ ਨੂੰ ਬੁਲਾ ਲਿਆ।" ਮੈਂ ਹਾਲੇ ਵਾਕ ਵੀ ਪੂਰਾ ਨਹੀਂ ਸੀ ਕੀਤਾ ਭਤੀਜੀ ਨੇ ਝੱਟ ਆਲੇ ਜਿੱਡਾ ਮੂੰਹ ਅੱਡ ਕੇ ਕਿਹਾ, "ਕਿਉਂ, ਕੀ ਗੱਲ, ਮੈਨੂੰ ਕਿਹੜਾ ਤੁਸੀਂ ਦੋ ਕੇਲੇ ਦਿੱਤੇ ਸਨ? ਬਿੱਟੂ ਨੂੰ ਭੇਜੋ ਜਿਸਨੇ ਦੋ ਕੇਲੇ ਖਾਧੇ ਸਨ, ਮੈਨੂੰ ਤਾਂ ਇਕ ਹੀ ਦਿੱਤਾ ਸੀ, ਉਹ ਵੀ ਛੋਟਾ ਜਿਹਾ।" ਮੈਂ ਭਤੀਜੀ ਦਾ ਜਵਾਬ ਸੁਣ ਕੇ ਆਲਾ ਦੁਆਲਾ ਵੇਖਣ ਲੱਗ ਗਿਆ ਕਿ ਕਿਤੇ ਮਹਿਮਾਨਾਂ ਨੇ ਤਾਂ ਨਹੀਂ ਸੁਣ ਲਿਆ। ਮੈਂ ਆਪਣੇ ਆਪ 'ਚ ਬਹੁਤ ਛਿੱਥਾ ਜਿਹਾ ਪੈ ਗਿਆ। ਮੇਰਾ ਦਿਲ ਕੀਤਾ ਕਿ ਭਤੀਜੀ ਦੇ ਦੋ ਜੜ ਦਿਆਂ ਪਰ ਮਹਿਮਾਨਾਂ ਦੇ ਡਰੋਂ ਮੈਂ ਵਿੱਚੋ ਵਿਚ ਵਿਸ਼ ਘੋਲ ਕੇ ਪੀ ਗਿਆ। ਮੈਂ ਫਿਰ ਬਿੱਟੂ ਨੂੰ ਆਵਾਜ਼ ਮਾਰੀ ਜੋ ਭਤੀਜੀ ਤੋਂ ਦੋ ਸਾਲ ਵੱਡਾ ਸੀ। ਉਸ ਨੇ ਭਤੀਜੀ ਨਾਲੋਂ ਵੀ ਵੱਧ ਮੇਰਾ ਪਾਰਾ ਹਾਈ ਕਰ ਦਿੱਤਾ।

ਉਸ ਨੇ ਕਿਹਾ, "ਕਿਉਂ ਤੁਸੀਂ ਓਹੋ ਹੀ ਹੋ ਜਿਨ੍ਹਾਂ ਮੈਨੂੰ ਕੁਲਫ਼ੀ ਨਹੀਂ ਸੀ ਲੈ ਕੇ ਦਿੱਤੀ?" ਉਹ ਸਗੋਂ ਮੈਨੂੰ ਦੰਦੀਆਂ ਚਿੜਾਉਂਦਾ ਬਾਹਰ ਨੱਸ ਗਿਆ। ਇਸ ਸਮੇਂ ਮੇਰੇ ਦੋਸਤ ਨੇ ਸੁਣ ਲਿਆ ਸੀ ਅਤੇ ਨਾਲ ਹੀ ਮੈਨੂੰ ਦੋਸਤ ਨੇ ਆਵਾਜ਼ ਦਿੱਤੀ, "ਸੋਢੀ ਸਾਹਿਬ! ਕੋਈ ਗੱਲ ਨਹੀਂ ਰਹਿਣ ਦਿਓ ਬੱਚੇ ਜੁ ਹੋਏ, ਮਾਤਾ ਜੀ ਆਪੇ ਹੀ ਆ ਜਾਣਗੇ, ਕਿਹੜਾ ਕਾਹਲੀ ਏ।" ਮੈਂ ਪਾਣੀਓ ਪਤਲਾ ਜਿਹਾ ਹੋ ਗਿਆ ਕਿ ਮੇਰਾ ਦੋਸਤ ਕੀ ਸੋਚਦਾ ਹੋਏਗਾ ਕਿ ਇਨ੍ਹਾਂ ਦੇ ਬੱਚੇ ਕਿਸ ਤਰ੍ਹਾਂ ਦੇ ਹਨ ਜੋ 'ਭਾੜੇ ਦੇ ਟਟੂ' ਵਾਂਗ ਖਾਣੇ ਤੋਂ ਬਿਨਾਂ ਕੰਮ ਹੀ ਨਹੀਂ ਕਰਦੇ। ਮੈਂ ਔਖੇ-ਸੌਖੇ ਹੋ ਕੇ ਆਪੇ ਹੀ ਸਟੋਵ ਚਲਾਇਆ ਤੇ ਚਾਹ ਲਈ ਪਾਣੀ ਧਰ ਦਿੱਤਾ। ਪਰ ਸ਼ੁਕਰ ਏ ਰੱਬ ਦਾ ਜਲਦੀ ਹੀ ਪਰਮਾਤਮਾ ਨੇ ਮੇਰੀ ਸੁਣ ਲਈ ਕਿ ਮਾਤਾ ਜੀ ਅਤੇ ਭਰਜਾਈ ਕੁਦਰਤੀ ਹੀ ਆ ਗਏ।

ਜਦੋਂ ਮੇਰੇ ਦੋਸਤ ਸਾਹਿਬ ਜਾਣ ਲੱਗੇ ਤਾਂ ਬੱਚੇ ਉਨ੍ਹਾਂ ਦੇ ਮਗਰ ਭਿਖਾਰੀਆਂ ਵਾਂਗ ਕੱਪੜੇ ਲਾਹੁਣ ਤਕ ਪਹੁੰਚ ਗਏ ਅਤੇ ਰੌਲਾ ਪਾਉਣ ਲੱਗ ਪਏ, "ਅੰਕਲ ਜੀ! ਪੈਸਾ, ਅੰਕਲ ਜੀ ਪੈਸਾ।" ਇਸ ਟਾਇਮ ਪਹਿਲਾਂ ਜੇ ਕੋਈ ਕਸਰ ਬਾਕੀ ਰਹਿ ਗਈ ਸੀ ਉਹ ਵੀ ਬੱਚਿਆਂ ਨੇ ਪੂਰੀ ਕਰ ਦਿੱਤੀ। ਮੇਰਾ ਦਿਲ ਕੀਤਾ ਕਿ ਇਨ੍ਹਾਂ ਬੱਚਿਆਂ ਨੂੰ ਚੁੱਕ-ਚੁੱਕ ਕੱਪੜੇ ਵਾਂਗ ਧੋਬੀ ਦੇ ਪੱਟੜੇ 'ਤੇ ਮਾਰਾਂ ਪਰ ਮੈਨੂੰ ਫਿਰ ਵੀ ਇਹ ਡਰ ਸੀ ਕਿ ਕਿਤੇ ਇਹ ਵੀ ਰਾਜਾ ਕੰਸ ਦੀ ਭਾਣਜੀ ਵਾਂਗ ਬਿਜਲੀ ਬਣ ਕੇ ਮੇਰੇ 'ਤੇ ਹੀ ਨਾ ਆ ਪੈਣ ਤੇ ਦੂਸਰਾ ਮੈਨੂੰ ਮਹਿਮਾਨਾਂ ਦਾ ਡਰ ਖਾ ਰਿਹਾ ਸੀ। ਮੇਰੇ ਦੋਸਤ ਨੇ ਬੱਚਿਆਂ ਨੂੰ ਪੈਸੇ ਦਿੱਤੇ ਤੇ ਆਪਣੀ ਨਹੀਂ ਸਗੋਂ ਮੇਰੀ ਜਾਨ ਛੁਡਾਈ।

ਕੁਝ ਮਹੀਨਿਆਂ ਦੀ ਗੱਲ ਹੈ ਕਿ ਇਕ ਵਾਰ ਮੈਨੂੰ ਆਪਣੇ ਕਿਸੇ ਰਿਸ਼ਤੇਦਾਰ ਪਾਸ ਚੰਡੀਗੜ੍ਹ ਜਾਣ ਦਾ ਮੌਕਾ ਮਿਲਿਆ। ਮੈਂ ਆਪਣੀ ਆਦਤ ਮੁਤਾਬਕ ਆਉਂਦੇ ਸਮੇਂ ਉਨ੍ਹਾਂ ਦੇ ਬੱਚੇ ਨੂੰ ਦਸ ਦਾ ਨੋਟ ਦੇਣਾ ਚਾਹਿਆ ਪਰ ਬੱਚੇ ਨੇ ਨੋਟ ਨਾ ਫੜਿਆ। ਮੈਂ ਬੜਾ ਹੈਰਾਨ ਹੋਇਆ ਕਿ ਇਸ ਬੱਚੇ ਨੇ ਦਸ ਦਾ ਨੋਟ ਕਿਉਂ ਨਹੀਂ ਫੜਿਆ ਪਰ ਸਾਡੇ ਬੱਚੇ ਤਾਂ ਦਸ ਪੈਸਿਆਂ 'ਤੇ ਹੀ ਕਾਵਾਂ ਵਾਂਗ ਟੁੱਟ ਕੇ ਪੈ ਜਾਂਦੇ ਹਨ ਤੇ ਆਪਸ ਵਿਚ ਮਰਨ ਮਾਰਨ 'ਤੇ ਹੋ ਜਾਂਦੇ ਹਨ। ਮੈਂ ਇਸ ਬੱਚੇ ਨੂੰ ਪੈਸੇ ਦੇਣ ਲਈ ਕਾਫ਼ੀ ਜ਼ੋਰ ਲਾਇਆ ਪਰ ਉਸ ਨੇ ਪੈਸੇ ਨਾ ਫੜੇ ਸਗੋਂ ਅੱਗੋਂ ਮੈਨੂੰ ਆਪਣੀ ਤੋਤਲੀ ਅਵਾਜ਼ 'ਚ ਕਿਹਾ, "ਅੰਕਲ, ਦੈਦੀ ਜੀ ਕਹਿਤੇ ਹੈ ਕਿ ਮਹਿਮਾਨੋ ਥੇ ਪੈਥੇ ਨਹੀਂ ਲੇਨਾ। ਤਾਹੀਏ ਦੇਹ ਬਹੁਤ ਬੁਲੀ ਬਾਤ ਹੈ।" ਮੈਂ ਉਸ ਬੱਚੇ ਦੇ ਇਹ ਜਵਾਬ ਸੁਣ ਕੇ ਬਹੁਤ ਖੁਸ਼ ਹੋਇਆ। ਇਸ ਲਈ ਨਹੀਂ ਕਿ ਮੇਰਾ ਦਸ ਦਾ ਨੋਟ ਬਚ ਗਿਆ, ਸਗੋਂ ਉਸ ਬੱਚੇ ਦੀ ਸੋਹਣੀ ਆਦਤ ਤੇ ਅਤੇ ਮਾਂ-ਪਿਉ ਦੀ ਵਧੀਆ ਸਿੱਖਿਆ 'ਤੇ। •




ਕਹਾਣੀ

# ਬਲੌਕ

• ਭੁਪਿੰਦਰ ਸਿੰਘ ਮਾਨ
94170-81419



ਹਰਿੰਦਰ ਨੇ ਪਹਿਲਾਂ ਫੋਨ ਨੂੰ ਦੇਖਿਆ ਤੇ ਫੇਰ ਅੱਖ ਭਰ ਕੇ ਦੂਰ ਬੈਠੀ ਸਤਵੰਤ ਨੂੰ। ਉਸ ਦੀਆਂ ਪਿਆਰ ਨਾਲ ਅੱਖਾਂ ਭਰ ਆਈਆਂ ਤੇ ਉਸ ਨੇ ਅਜੀਬ ਝੁੰਜਲਾਹਟ ਨਾਲ ਨਿੱਕੀ ਦੇ ਨੰਬਰ ਨੂੰ ਬਿਜ਼ੀ ਕਰ ਦਿੱਤਾ ਤੇ ਬਲੌਕ ਦੀ ਆਪਸ਼ਨ ਕੱਢ ਕੇ ਉਸ ਨੂੰ ਕਈ ਵਾਰ ਦੱਬ ਦਿੱਤਾ। ਹੁਣ ਉਹ ਮਹਿਸੂਸ ਕਰ ਰਿਹਾ ਸੀ ਜਿਵੇਂ ਨਿੱਕੀ ਦੇ ਖ਼ਿਆਲਾਂ ਨੂੰ ਵੀ ਉਸ ਦੇ ਨੰਬਰ ਵਾਂਗ ਪੱਕੇ ਤੌਰ 'ਤੇ ਬਲੌਕ ਕਰ ਦਿੱਤਾ ਹੋਵੇ।

ਦੁਪਹਿਰ ਤੋਂ ਲਗਾਤਾਰ ਬਰਫ ਰੂੰ ਦੇ ਗੋਹੜਿਆਂ ਵਾਂਗੂੰ ਡਿੱਗੀ ਜਾਂਦੀ ਸੀ। ਕਦੇ-ਕਦੇ ਉਹ ਹਲਕੀ ਭੂਰ ਵਿਚ ਬਦਲ ਜਾਂਦੀ। ਲੋਹੜੇ ਦੀ ਠੰਢ ਪੈ ਰਹੀ ਸੀ। ਹਰਿੰਦਰ ਦਾ ਦਿਲ ਨੱਚ ਰਿਹਾ ਸੀ ਤੇ ਪੈਰ ਭੁੰਜੇ ਨਹੀਂ ਸੀ ਲਗ ਰਿਹਾ। ਅੱਜ ਉਹ ਬਹੁਤ ਖ਼ੁਸ਼ ਸੀ। ਕੈਨੇਡਾ ਵਿਚ ਇਹੋ ਜਿਹੇ ਮੌਸਮ ਵਿਚ ਲੋਕ ਘੱਟ ਵੱਧ ਹੀ ਬਾਹਰ ਨਿਕਲਦੇ ਨੇ । ਰੇਡੀਓ 'ਤੇ ਵਾਰ-ਵਾਰ ਚੇਤਾਵਨੀਆਂ ਜਾਰੀ ਹੋ ਰਹੀਆਂ ਸਨ । ਸਟੋਰ ਵਿਚ ਵਿਰਲਾ ਟਾਵਾਂ ਗਾਹਕ ਹੀ ਸੀ। ਕੈਸ਼ ਕਾਊਂਟਰ 'ਤੇ ਬੈਠੀ ਗੋਰੀ ਕੰਪਿਊਟਰ 'ਤੇ ਹਿਸਾਬ ਕਿਤਾਬ ਬਣਾ ਰਹੀ ਸੀ। ਦੂਜੇ ਵਰਕਰ ਸਮਾਨ ਤਰਤੀਬ ਨਾਲ ਲਾਈ ਜਾਂਦੇ ਸੀ । ਇਹ ਸਾਰਾ ਕੁਝ ਦੇਖ ਹਰਿੰਦਰ ਦਾ ਦਿਲ ਮਾਣ ਨਾਲ ਭਰ ਉੱਠਿਆ । ਉਹਨੂੰ ਪਿਛਲੇ ਵੀਹ ਸਾਲਾਂ ਦਾ ਪਹਿਲਾ ਸਮਾਂ ਯਾਦ ਆਇਆ ਜਦੋਂ ਉਹ ਜ਼ਮੀਨ ਵੇਚ ਕੇ ਏਜੰਟ ਰਾਹੀਂ ਇੱਥੇ ਆਇਆ ਸੀ। ਪੈਸੇ ਦੇ ਕੇ ਗੋਰੀ ਨਾਲ ਨਕਲੀ ਵਿਆਹ, ਫਾਰਮਾਂ ਵਿਚ ਮਜ਼ਦੂਰੀ, ਆਰੇ 'ਤੇ ਦਿਨ ਰਾਤ ਮਿਹਨਤ, ਟੈਕਸੀ ਦੀ ਡਰਾਇਵਰੀ ਫੇਰ ਨਿੱਕਾ ਸਟੋਰ ਤੇ ਉੱਥੋਂ ਵੱਡੇ ਸਟੋਰ ਤਕ ਦਾ ਸਫ਼ਰ ਉਹਦੀਆਂ ਅੱਖਾਂ ਦੇ ਸਾਹਮਣੇ ਦੀ ਲੰਘ ਗਿਆ । ਆਪਣੇ ਕੈਬਿਨ ਵਿਚ ਜਾ ਕੇ ਜਾਨੀਵਾਕਰ ਦਾ ਭਰਵਾਂ ਪੈੱਗ ਅੰਦਰ ਸੁੱਟ ਲਿਆ। ਭਾਵੇਂ ਉਹ ਕੰਮ ਸਮੇਂ ਕਦੇ ਹੀ ਏਦਾਂ ਕਰਦਾ ਸੀ ਪਰ ਅੱਜ ਤਾਂ ਗੱਲ ਹੀ ਹੋਰ ਸੀ। ਉਹਨੇ ਘੜੀ ਵੱਲ ਨਜ਼ਰ ਮਾਰੀ ਤਾਂ ਸਮਾਂ ਉਹਨੂੰ ਰੁਕਦਾ ਜਾਪਿਆ। ਅੱਜ ਉਹਦਾ ਦਿਲ ਉਡਜੂੰ-ਉਡਜੂੰ ਕਰਦਾ ਸੀ। ਘਰੇ ਉਹਨੇ ਸਤਵੰਤ ਨੂੰ ਸਮਝਾ ਦਿੱਤਾ ਸੀ ਕਿ ਕੰਮ ਦੇ ਸਿਲਸਿਲੇ ਵਿਚ ਉਹ ਜੇਸਪਰ ਸ਼ਹਿਰ ਜਾ ਰਿਹਾ ਫੂਡ ਕੰਪਨੀ ਦੇ ਡਾਇਰੈਕਟਰ ਨਾਲ ਮੀਟਿੰਗ ਕਰਨ ਲਈ।

ਸਤਵੰਤ ਨੂੰ ਉਹ ਇੰਡੀਆਂ ਤੋਂ ਬਾਰ੍ਹਾਂ ਸਾਲਾ ਪਹਿਲਾਂ ਵਿਆਹ ਕੇ ਲਿਆਇਆ ਸੀ। ਇਕ ਧੀ ਤੇ ਪੁੱਤ ਨਾਲ ਘਰੇ ਰੰਗ ਲੱਗੇ ਹੋਏ ਸੀ। ਸਤਵੰਤ ਆਪਣੇ ਨਾਂ ਅਨੁਸਾਰ ਉਸ ਨੂੰ ਰੱਬ ਤੋਂ ਉਪਰ ਰੱਖਦੀ ਸੀ। ਪਰ ਉਹਦਾ ਵਿਗੜਿਆ ਮਨ ਕਈ ਵਾਰ ਸਮਾਜੀ ਵਲਗਣਾਂ ਨੂੰ ਟੱਪ ਕੇ ਖਰੂਦ ਪਾਉਂਦਾ ਸੀ। ਨਾਈਟ ਕਲੱਬ ਵਿਚ ਚਲੇ ਜਾਣਾ ਜਾਂ ਹੋਰ ਸ਼ੁਗਲ ਮੇਲੇ ਉਹ ਆਪਣੀ ਮਿੱਤਰ ਮੰਡਲੀ ਨਾਲ ਕਰਦਾ ਰਹਿੰਦਾ ਸੀ। ਪਰ ਅੱਜ ਵਾਲਾ ਕੰਮ ਤਾਂ ਉਹਨਾਂ ਤੋਂ ਵੀ ਗੁਪਤ ਸੀ। ਪਿਛਲੇ ਮਹੀਨੇ ਜਦੋਂ ਉਹਦੇ ਫੋਨ ਦੀ ਘੰਟੀ ਵੱਜੀ ਤੇ ਉਹਨੇ ਅਣਜਾਣੇ ਨੰਬਰ ਤੋਂ ਆਏ ਫੋਨ ਨੂੰ ਹੈਲੋ ਹੀ ਕਿਹਾ ਸੀ ਕਿ ਉਹਦੇ ਲੂੰ ਕੰਡੇ ਖੜ੍ਹੇ ਹੋ ਗਏ। ਇਹ ਤਾਂ ਨਿੱਕੀ ਸੀ।

ਨਵਨੀਤ ਕੌਰ ਚਹਿਲ ਉਰਫ ਨਿੱਕੀ ਉਹਦੇ ਨਾਲ ਕਾਲਜ ਵਿਚ ਪੜ੍ਹਦੀ ਉਹਦੀ ਜਮਾਤਣ। ਜਿਹਦੇ ਸੁਪਨੇ ਉਨ੍ਹਾਂ ਦਿਨਾਂ ਵਿਚ ਅਕਸਰ ਉਹ ਨੂੰ ਆਉਂਦੇ ਸੀ। ਭਾਵੇਂ ਉਨ੍ਹਾਂ ਦੀ ਹਾਏ ਹੈਲੋ ਸੀ ਪਰ ਉਹ ਕਦੇ ਆਪਣੇ ਮਨ ਦੀ ਗੱਲ ਨਹੀਂ ਕਹਿ ਸਕਿਆ ਸੀ। ਨਿੱਕੀ ਨੇ ਉਹਦਾ ਨੰਬਰ ਇੰਡੀਆ ਫੇਰੀ ਸਮੇਂ ਉਨ੍ਹਾਂ ਦੇ ਜਮਾਤੀ ਅਤੇ ਉਹਦੇ ਮਿੱਤਰ ਰਮੇਸ਼ ਤੋਂ ਲਿਆ ਸੀ। ਨਿੱਕੀ ਵੈਨਕੂਵਰ ਵਿਚ ਵਸਦੀ ਸੀ। ਉਹਨੇ ਬੜਾ ਖ਼ੁਸ਼ ਹੋ ਕੇ ਨਿੱਕੀ ਨਾਲ ਗੱਲ ਕੀਤੀ। ਉਹਨੇ ਅਤੇ ਨਿੱਕੀ ਨੇ ਆਪਣੇ ਬਾਰੇ ਰਸਮੀ ਗੱਲਾਂ ਕੀਤੀਆਂ ਤੇ ਫੇਰ ਫੋਨ ਰੱਖ ਦਿੱਤਾ। ਉਸ ਦਿਨ ਉਹਦਾ ਜੀਅ ਫੇਰ ਕਿਸੇ ਕੰਮ ਵਿਚ ਨਾ ਲੱਗਿਆ। ਅਗਲੇ ਦਿਨ ਉਸ ਤੋਂ ਰਿਹਾ ਨਾ ਗਿਆ ਅਤੇ ਉਸ ਨੇ ਆਪ ਫੋਨ ਕਰ ਲਿਆ। ਦੋਵੇਂ ਫੇਸਬੁੱਕ 'ਤੇ ਵੀ ਦੋਸਤ ਬਣ ਗਏ। ਫੇਰ ਫੋਨ ਕਾਲ ਅਤੇ ਫੇਸਬੁੱਕ 'ਤੇ ਚੈਟਿੰਗ ਦਾ ਸਿਲਸਿਲਾ ਆਮ ਹੋ ਗਿਆ। ਨਿੱਕੀ ਦੇ ਮਾਪਿਆਂ ਨੇ ਉਹਦਾ ਵਿਆਹ ਉਸ ਤੋਂ ਦੁੱਗਣੀ ਉਮਰ ਦੇ ਧਨਾਢ ਨਾਲ ਕੀਤਾ ਸੀ ਕਿਉਂਕਿ ਉਹ ਨਿੱਕੀ ਨੂੰ ਪੌੜੀ ਬਣਾ ਕੇ ਕੈਨੇਡਾ ਪਹੁੰਚਣਾ ਚਾਹੁੰਦੇ ਸਨ। ਮਾਪਿਆਂ ਦੇ ਸੁਪਨੇ ਪੂਰੇ ਕਰਦੇ ਉਹ ਅਧੇੜ ਉਮਰ ਦੇ ਪਤੀ ਨਾਲ ਦਿਨ ਕਟੀ ਕਰਦੀ ਰਹੀ। ਇਸ ਰਿਸ਼ਤੇ ਵਿਚ ਬੱਚਾ ਕਿੱਥੋਂ ਪੈਦਾ ਹੁੰਦਾ ਤੇ ਆਖ਼ਰ ਸਾਰੇ ਬੰਧਨ ਤੋੜ ਕੇ ਆਜ਼ਾਦ ਹੋ ਗਈ ਸੀ। ਹੁਣ ਉਹ ਮਨਮਰਜ਼ੀ ਕਰਨ ਲੱਗੀ ਸੀ। ਇਸੇ ਲਈ ਉਸ ਨੇ ਹਰਿੰਦਰ ਨੂੰ ਲੱਭਣ ਵਿਚ ਪਹਿਲ ਕੀਤੀ ਸੀ। ਹਰਿੰਦਰ ਉਸ ਲਈ ਪਤੀ ਪਿੱਛੋਂ ਪਹਿਲਾਂ ਮਰਦ ਨਹੀਂ ਸੀ। ਉਸ ਨੇ ਆਪਣੀ ਆਜ਼ਾਦ ਤਬੀਅਤ ਵਾਰੇ ਖੁੱਲ੍ਹ ਕੇ ਦੱਸ ਦਿੱਤਾ ਸੀ। ਇਸੇ ਕਰਕੇ ਜਿਹੜੀ ਗੱਲ ਉਹ ਵੀਹ ਸਾਲ ਪਹਿਲਾਂ ਨਹੀਂ ਕਹਿ ਸਕਿਆ ਸੀ ਉਹ ਉਹਨੇ ਹੁਣ ਕਹਿ ਦਿੱਤੀ ਤੇ ਨਿੱਕੀ ਤਾਂ ਜਿਵੇਂ ਉਡੀਕ ਰਹੀ ਸੀ ਉਸ ਨੇ ਤੁਰੰਤ ਹੁੰਗਾਰਾ ਭਰ ਦਿੱਤਾ ਸੀ। ਅੱਜ ਉਹਨੇ ਨਿੱਕੀ ਨੂੰ ਮਿਲਣ ਜਾਣਾ ਸੀ। ਅੱਠ ਵਜੇ ਸਟੋਰ ਨੂੰ ਬੰਦ ਕਰਕੇ ਚਾਬੀਆਂ ਗੋਰੀ ਨੂੰ ਫੜਾ ਦਿੱਤੀਆਂ ਤੇ ਕੱਲ੍ਹ ਨੂੰ ਸਮੇਂ ਸਿਰ ਸਟੋਰ ਖੋਲ੍ਹਣ ਦੀ ਤਾਕੀਦ ਕਰਦਾ ਉਹ ਭੱਜ ਕੇ ਕਾਰ ਵਿਚ ਜਾ ਬੈਠਾ।

ਕਾਲੀ ਮਰਸਡੀਜ਼ ਬਰਫ਼ ਵਾਲੀ ਸੜਕ 'ਤੇ ਸੂਟਾਂ ਵੱਟਦੀ ਤੁਰੀ ਜਾਂਦੀ ਸੀ। ਸ਼ਹਿਰ ਵਿੱਚੋਂ ਨਿਕਲ ਹਾਈਵੇ 'ਤੇ ਚੜ੍ਹਦੇ ਹੀ ਉਹਨੇ ਟੇਪ ਲਾ ਕੇ ਨਾਲ ਹੀ ਹੇਕ ਚੁੱਕ ਦਿੱਤੀ, 'ਤੇਰੇ ਟਿੱਲੇ ਤੋਂ ਓ ਸੂਰਤ ਦਿਹਦੀ ਹੈ ਹੀਰ ਦੀ' ਤੇ ਨਾਲ ਹੀ ਫੇਸਬੁੱਕ 'ਤੇ ਨਿੱਕੀ ਦੀ ਦੇਖੀ ਫੋਟੋ ਨੂੰ ਹੀਰ ਤਸੱਵਰ ਕਰਦੇ ਕਾਰ ਦਾ ਐਕਸੀਲੇਟਰ ਦੱਬ ਦਿੱਤਾ। ਸਾਢੇ ਤਿੰਨ ਸੌ ਮੀਲ ਦਾ ਸਫ਼ਰ ਉਹ ਜਲਦੀ-ਜਲਦੀ ਪੂਰਾ ਕਰਕੇ ਨਿੱਕੀ ਦੀਆਂ ਬਾਹਵਾਂ ਦਾ ਨਿੱਘ ਮਾਣਨਾ ਚਾਹੁੰਦਾ ਸੀ। ਉਹਨੇ ਸੋਚਿਆ ਸਤਵੰਤ ਤਾਂ ਬੱਚਿਆਂ ਨਾਲ ਕੈਮਲੂਪਸ ਸ਼ਹਿਰ ਸੁੱਤੀ ਪਈ ਹੋਵੇਗੀ। ਸਤਵੰਤ ਤੇ ਬੱਚਿਆਂ ਨੂੰ ਯਾਦ ਕਰਕੇ ਉਹਦਾ ਮੂੰਹ ਕੁਸੈਲਾ ਜਿਹਾ ਹੋ ਗਿਆ । ਪਰ ਨਿੱਕੀ ਦੇ ਖ਼ਿਆਲ ਨੇ ਉਸ ਨੂੰ ਫੇਰ ਖੇੜੇ ਵਿਚ ਲੈ ਆਂਦਾ।

ਰਸਤੇ ਵਿਚ ਇਕ ਹੋਟਲ ਤੋਂ ਭਰਵੇਂ ਤਿੰਨ ਪੈੱਗ ਲਾ ਕੇ ਉਹਨੇ ਕਾਹਲੀ ਨਾਲ ਰੋਟੀ ਅੰਦਰ ਸੁੱਟੀ ਤੇ ਕਾਰ ਫੇਰ ਖਿੱਚ ਦਿੱਤੀ। ਦਸ ਵਜੇ ਤਕ ਉਹਨੇ ਡੇਢ ਸੌ ਮੀਲ ਦਾ ਸਫ਼ਰ ਨਿਬੇੜ ਲਿਆ ਸੀ। ਅਚਾਨਕ ਉਸ ਦੀ ਨਜ਼ਰ ਤੇਲ ਵਾਲੀ ਸੂਈ 'ਤੇ ਗਈ ਤੇ ਉਸ ਨੂੰ ਲਾਲ ਨਿਸ਼ਾਨ ਦੇ ਨੇੜੇ ਦੇਖ ਕੇ ਉਹਨੇ ਗੈਸ ਸਟੇਸ਼ਨ ਦੀ ਭਾਲ ਲਈ ਕਾਰ ਹੌਲੀ ਕਰ ਲਈ। ਤੀਹ ਮੀਲ 'ਤੇ ਜਾ ਕੇ ਗੈਸ ਸਟੇਸ਼ਨ ਦਾ ਨਿਸ਼ਾਨ ਦੇਖ ਕੇ ਸੁੱਖ ਦਾ ਸਾਹ ਲਿਆ। ਪਰ ਜਾ ਕੇ ਦੇਖਿਆ ਤਾਂ ਗੈਸ ਸਟੇਸ਼ਨ ਆਊਟ ਆਫ ਆਰਡਰ ਦੀ ਫੱਟੀ ਨਾਲ ਉਹਨੂੰ ਮੂੰਹ ਚਿੜਾ ਰਿਹਾ ਸੀ। ਉਹਨੇ ਫੋਨ ਤੋਂ ਸਰਚ ਮਾਰ ਕੇ ਅਗਲੇ ਗੈਸ ਸਟੇਸ਼ਨ ਦੀ ਸਥਿਤੀ ਜਾਣਨੀ ਚਾਹੀ ਤਾਂ ਦੇਖਿਆ ਸਿਗਨਲ ਨਦਾਰਦ ਸੀ। ਬਾਹਰ ਬਰਫ਼ ਡਿੱਗ ਰਹੀ ਸੀ। ਉਹ ਇਸ ਰਾਹ 'ਤੇ ਬਹੁਤ ਘੱਟ ਵਾਰ ਆਉਣ ਕਰਕੇ ਉਹ ਗੈਸ ਸਟੇਸ਼ਨ ਬਾਰੇ ਬਹੁਤਾ ਜਾਣੂ ਨਹੀਂ ਸੀ। ਉਹਨੇ ਹੌਲੀ -ਹੌਲੀ ਕਾਰ ਅੱਗੇ ਤੋਰੀ। ਤੇਲ ਵਾਲੀ ਸੂਈ ਲਾਲ ਨਿਸ਼ਾਨ ਦੇ ਅੰਤ ਤਕ ਪਹੁੰਚ ਚੁੱਕੀ ਸੀ। ਵੀਹ ਮੀਲ ਤਕ ਕੋਈ ਗੈਸ ਸਟੇਸ਼ਨ ਨਾ ਦੇਖ ਕੇ ਉਹਨੇ ਇਕ ਪਿੰਡ ਵੱਲ ਗੱਡੀ ਮੋੜ ਲਈ। ਕਾਰਾਂ 'ਤੇ ਫੁੱਟ-ਫੁੱਟ ਬਰਫ਼ ਜੰਮੀ ਪਈ ਸੀ। ਬੱਤੀਆਂ ਬੰਦ ਸਨ। ਰਾਤ ਦੇ ਗਿਆਰਾਂ ਵਜੇ ਤਕ ਹੀ ਲੋਕਾਂ ਦੇ ਦਰਵਾਜ਼ੇ ਬੰਦ ਹੋਏ ਪਏ ਸਨ ।

ਉਹਨੇ ਗਲੀਆਂ ਵਿਚ ਗੇੜਾ ਦਿੱਤਾ। ਕੋਈ ਜੀਅ ਪਰਿੰਦਾ ਵੀ ਨਹੀਂ ਸੀ। ਇਕ ਦੋ ਘਰਾਂ ਦੇ ਅੱਗੇ ਹਾਰਨ ਵਜਾਇਆ ਪਰ ਕੋਈ ਪ੍ਰਭਾਵ ਦਿਖਾਈ ਨਾ ਦਿੱਤਾ। ਉਹ ਦੇ ਹੱਥ ਪੈਰ ਕੰਕਰ ਹੁੰਦੇ ਜਾਪੇ। ਕਾਰ ਉਹਨੇ ਇਕ ਦਰੱਖ਼ਤ ਹੇਠ ਖੜ੍ਹਾ ਕੇ ਤੇਲ ਬਚਾਉਣ ਲਈ ਬੰਦ ਕਰ ਦਿੱਤੀ ਤੇ ਫੋਨ ਕੱਢ ਕੇ ਐਮਰਜੈਂਸੀ ਕਾਲ ਕਰਨ ਦੀ ਕੋਸ਼ਿਸ਼ ਕੀਤੀ। ਪਰ ਕੋਈ ਸਿੱਟਾ ਨਾ ਨਿਕਲਦਾ ਦੇਖ ਕੇ ਉਹਦਾ ਦਿਲ ਬੈਠ ਗਿਆ। ਉਹਨੇ ਕਾਰ ਸਟਾਰਟ ਕਰ ਕੇ ਹੀਟਰ ਪੂਰੇ ਜ਼ੋਰ 'ਤੇ ਛੱਡ ਦਿੱਤਾ।

ਉਹਦੀ ਠੰਢ ਘਟਣ ਲੱਗੀ। ਫੇਰ ਤੇਲ ਵਾਲੀ ਸੂਈ ਹੇਠਾਂ ਜਾਂਦੀ ਦੇਖ ਕੇ ਉਹਨੇ ਕਾਰ ਬੰਦ ਕਰ ਦਿੱਤੀ। ਪੰਜ ਮਿੰਟ ਕਾਰ ਸਟਾਰਟ ਕਰਦਾ ਤੇ ਉਹ ਕਾਰ ਗਰਮ ਕਰ ਲੈਂਦਾ ਤੇ ਫੇਰ ਅੱਧਾ ਘੰਟਾ ਬੰਦ ਕਰਕੇ ਉਹ ਸਮਾਂ ਲੰਘਾਉਣ ਲੱਗਾ। ਇਸ ਤਰ੍ਹਾਂ ਉਸ ਨੇ ਕਾਫ਼ੀ ਸਮਾਂ ਲੰਘਾ ਲਿਆ ਸੀ। ਪਰ ਖ਼ਤਮ ਹੁੰਦੇ ਤੇਲ ਨੂੰ ਦੇਖ ਕੇ ਮਨ ਵਿਚ ਭੈੜੇ-ਭੈੜੇ ਵਿਚਾਰ ਆ ਰਹੇ ਸਨ। ਹਰਿੰਦਰ ਨੂੰ ਸਤਵੰਤ ਤੇ ਬੱਚੇ ਯਾਦ ਆਏ ਛੋਟੇ ਪੈਰੀ ਦੀਆਂ ਤੋਤਲੀਆਂ ਤੇ ਧੀ ਨੀਰੂ ਦੀਆਂ ਭੋਲੀਆਂ ਗੱਲਾਂ ਕਰਦੇ ਚਿਹਰੇ 'ਤੇ ਸਤਵੰਤ ਦੇ ਮੋਹ ਨੂੰ ਚੇਤੇ ਕਰਦੀਆਂ ਉਹਦੀਆਂ ਅੱਖਾਂ ਭਰ ਆਈਆਂ। ਬਰਫ਼ ਵਿਚ ਠੰਢ ਨਾਲ ਮਰ ਜਾਣ ਵਾਲਿਆਂ ਦੀਆਂ ਖ਼ਬਰਾਂ ਦੀ ਸੁਰਖ਼ੀ ਵਿਚ ਉਹਨੂੰ ਆਪਣਾ ਨਾਂ ਦਿਖਾਈ ਦੇਣ ਲੱਗਾ।

ਸਤਵੰਤ ਕੀ ਸੋਚੂਗੀ ਕਿ ਉਹ ਮੀਟਿੰਗ ਵਾਲੇ ਸ਼ਹਿਰ ਜਾਣ ਦੀ ਬਜਾਏ ਉਸ ਦੇ ਉਲਟ ਪਾਸੇ ਕਾਰ ਵਿਚ ਠੰਢ ਨਾਲ ਕਿਉਂ ਮਰ ਗਿਆ? ਉਹਦੇ ਬੱਚਿਆਂ ਦੇ ਸਿਰ 'ਤੇ ਹੱਥ ਕੌਣ ਧਰੂਗਾ। ਲੋਕਾਂ ਦੇ ਲੈਣ-ਦੇਣ ਉਹਦੇ ਅੱਖਾਂ ਮੂਹਰੇ ਘੁੰਮਣ ਲੱਗੇ । ਉਹਨੇ ਕਾਰ ਠੰਢੀ ਹੋਈ ਵੇਖ ਕੇ ਦੁਬਾਰਾ ਸਟਾਰਟ ਕੀਤੀ ਤੇ ਟਾਈਮ ਦੇਖਿਆ। ਲਗਪਗ ਪੌਣੇ ਚਾਰ ਦਾ ਟਾਈਮ ਸੀ। ਉਹਨੇ ਘੜੀ 'ਤੇ ਨਿਗਾਹ ਪੰਜ ਮਿੰਟਾਂ ਲਈ ਟਿਕਾਈ ਰੱਖੀ ਤੇ ਕਾਰ ਗਰਮ ਹੋਣ ਲੱਗ ਪਈ ਤੇ ਪੰਜ ਮਿੰਟਾਂ ਤੋਂ ਪਹਿਲਾਂ ਹੀ ਕਾਰ ਦੇ ਇੰਜਣ ਨੇ ਕੁਲਹਿਣੀ ਭੱਕ-ਭੱਕ ਕੀਤੀ ਤੇ ਕਾਰ ਬੰਦ ਹੋ ਗਈ। ਤੇਲ ਬਿਲਕੁਲ ਖ਼ਤਮ ਹੋ ਚੁੱਕਿਆ ਸੀ । ਉਹਨੇ ਬੇਵਸੀ ਨਾਲ ਬਾਹਰ ਨਜ਼ਰ ਮਾਰੀ ਤੇ ਚਿੱਟੀ ਬਰਫ਼ ਦੀ ਚਾਦਰ ਤੋਂ ਬਿਨਾਂ ਕੁਝ ਦਿਖਾਈ ਨਾ ਦਿੱਤਾ। ਉਸਨੂੰ ਲੱਗਿਆ ਕਿ ਸਤਵੰਤ ਵਰਗੀ ਪਤਨੀ ਨਾਲ ਬੇਵਫ਼ਾਈ ਦੀ ਸਜ਼ਾ ਰੱਬ ਉਸਨੂੰ ਦੇ ਰਿਹਾ। ਠੰਢ ਉਹਨੂੰ ਪਹਿਲਾਂ ਤੋਂ ਜ਼ਿਆਦਾ ਲੱਗਣ ਲੱਗ ਪਈ।

ਉਹ ਸੀਟ 'ਤੇ ਚਾਕੂ ਵਾਂਗੂੰ ਇਕੱਠਾ ਹੋ ਗਿਆ। ਸੁੰਨ ਉਹਦੇ ਸਾਰੇ ਸਰੀਰ ਨੂੰ ਚੜ੍ਹ ਰਿਹਾ ਸੀ ਤੇ ਉਸਨੂੰ ਹੌਲੀ-ਹੌਲੀ ਆਪਣਾ ਆਪ ਬੇਸੁਰਤ ਹੁੰਦਾ ਪ੍ਰਤੀਤ ਹੋਇਆ। ਉਸਨੇ ਆਪਣਾ ਚੇਤਾ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ। ਪਰ ਠੰਢ ਅੱਗੇ ਉਹ ਹਾਰਦਾ ਜਾ ਰਿਹਾ ਸੀ ਤੇ ਫੇਰ ਉਹਦੀ ਚੇਤਨਾ ਲੁਪਤ ਹੋ ਗਈ ।

ਸੁਪਨੇ ਵਾਂਗੂੰ ਉਹਨੂੰ ਲੱਗਿਆ ਕਿ ਪਤਾ ਨਹੀ ਕਿੰਨਾ ਸਮਾਂ ਗੁਜ਼ਰ ਚੁੱਕਿਆ ਅਤੇ ਕੋਈ ਉਹਦਾ ਦਰਵਾਜ਼ਾ ਤੋੜ ਰਿਹਾ। ਜਮਦੂਤ ਉਹਨੂੰ ਚੁੱਕੀ ਜਾਂਦੇ ਨੇ। ਜਮਦੂਤਾਂ ਦੇ ਚਿੱਟੇ ਕੱਪੜੇ ਉਸਨੂੰ ਦਿਖਾਈ ਦਿੰਦੇ ਪ੍ਰਤੀਤ ਹੁੰਦੇ ਸੀ । ਉਸ ਨੂੰ ਆਪਣੀ ਗੱਲ੍ਹ 'ਤੇ ਨਰਮੀ ਨਾਲ ਥਪਥਪਾਹਟ ਮਹਿਸੂਸ ਹੋਈ। ਉਸਨੇ ਹੌਲੀ- ਹੌਲੀ ਅੱਖਾਂ ਖੋਲ੍ਹੀਆਂ।

ਅੱਖਾਂ ਨੇ ਦੇਖਿਆ ਚਿੱਟੀ ਦੁਧੀਆ ਰੋਸ਼ਨੀ ਵਿਚ ਇਕ ਗੋਰੀ ਨਰਸ ਉਸ ਨੂੰ ਪੁੱਛ ਰਹੀ ਸੀ 'ਮਿਸਟਰ ਸਿੰਘ ਆਰ ਯੂ ਆਲ ਰਾਇਟ' ਉਹਨੇ ਨਜ਼ਰ ਘੁਮਾਈ ਤਾਂ ਸਤਵੰਤ ਕੋਲੇ ਬੈਠੀ ਰੋ ਰਹੀ ਸੀ। ਬਾਅਦ ਵਿਚ ਜਦੋਂ ਉਹ ਦੋ ਕੁ ਘੰਟਿਆਂ ਬਾਅਦ ਕਾਫ਼ੀ ਠੀਕ ਹੋ ਗਿਆ ਤਾਂ ਸਤਵੰਤ ਨੇ ਉਸ ਨੂੰ ਗਰਮ-ਗਰਮ ਸੂਪ ਚਮਚੇ ਨਾਲ ਪਿਲਾਉਂਦੇ ਹੋਏ ਦੱਸਿਆ ਕਿ ਪਿੰਡ ਵਿਚ ਕਿਸੇ ਅੰਗਰੇਜ਼ ਨੇ ਸਵੇਰੇ ਛੇ ਵਜੇ ਉਸਨੂੰ ਕਾਰ ਵਿਚ ਦੇਖਿਆ ਸੀ ਤੇ ਪੁਲਿਸ ਦੀ ਮਦਦ ਨਾਲ ਹਸਪਤਾਲ ਭੇਜ ਦਿੱਤਾ ਸੀ। ਉਹਦੇ ਕਾਗਜ਼ ਪੱਤਰਾਂ ਨੂੰ ਦੇਖਕੇ ਪੁਲਿਸ ਨੇ ਸਤਵੰਤ ਨੂੰ ਹਸਪਤਾਲ ਸੱਦ ਲਿਆ ਸੀ।

ਉਹ ਹਾਲੇ ਵੀ ਡੌਰ-ਭੌਰ ਸੀ। ਇੰਨੇ ਵਿਚ ਸਤਵੰਤ ਦੇ ਬੋਲ ਉਸ ਦੇ ਕੰਨੀ ਪਏ,"ਤੁਸੀ ਤਾਂ ਅੱਜ ਪੂਰੇ ਦਿਨ ਬਾਅਦ ਹੋਸ਼ ਵਿਚ ਆਏ ਹੋ, ਤੁਹਾਡੇ ਫੋਨ 'ਤੇ ਕਾਫ਼ੀ ਸਾਰੇ ਫੋਨ ਆਏ ਪ੍ਰੰਤੂ ਕਿਸੇ ਨਿੱਕੀ ਨਾਂ ਦਾ ਫੋਨ ਤਾਂ ਕਈ ਵਾਰ ਆ ਚੁੱਕਿਆ ਹੈ। ਮੈਂ ਤਾਂ ਕੋਈ ਫੋਨ ਚੁੱਕਿਆ ਨਹੀਂ, ਸੋਚਿਆ ਕਿ ਤੁਸੀਂ ਖ਼ੁਦ ਹੀ ਠੀਕ ਹੋ ਕੇ ਸਾਰਿਆਂ ਨੂੰ ਫੋਨ ਕਰ ਲਵੋਗੇ।" ਇਹ ਕਹਿੰਦੀ ਉਹ ਵਾਰਡ ਦੇ ਦਰਵਾਜ਼ੇ ਕੋਲ ਬੈਠ ਕੇ ਘਰੇ ਬੱਚਿਆਂ ਨੂੰ ਫੋਨ ਕਰਨ ਲੱਗ ਪਈ। ਉਸ ਦਾ ਮਨ ਗਿਲਾਨੀ ਨਾਲ ਭਰ ਗਿਆ ਸੀ। ਉਸ ਨੂੰ ਆਪਣੇ ਆਪ ਦੇ ਕਾਰਨਾਮੇ 'ਤੇ ਰਹਿ-ਰਹਿ ਕੇ ਗੁੱਸਾ ਵੀ ਆ ਰਿਹਾ ਸੀ।

ਥੋੜ੍ਹੇ ਸਮੇਂ ਬਾਅਦ ਘੰਟੀ ਫੇਰ ਵੱਜੀ ਤੇ ਨਿੱਕੀ ਦਾ ਨਾਂ ਤੇ ਨੰਬਰ ਸਕਰੀਨ 'ਤੇ ਫਲੈਸ਼ ਕਰਨ ਲੱਗਿਆ। ਹਰਿੰਦਰ ਨੇ ਫੋਨ ਨੂੰ ਦੇਖਿਆ ਤੇ ਫੇਰ ਅੱਖ ਭਰ ਕੇ ਦੂਰ ਬੈਠੀ ਸਤਵੰਤ ਨੂੰ ਦੇਖਿਆ। ਉਸ ਦੀਆਂ ਪਿਆਰ ਨਾਲ ਅੱਖਾਂ ਭਰ ਆਈਆਂ ਤੇ ਉਸ ਨੇ ਅਜੀਬ ਝੁੰਜਲਾਹਟ ਨਾਲ ਨਿੱਕੀ ਦੇ ਨੰਬਰ ਨੂੰ ਬਿਜ਼ੀ ਕਰ ਦਿੱਤਾ ਤੇ ਬਲੌਕ ਦੀ ਆਪਸ਼ਨ ਕੱਢ ਕੇ ਉਸ ਨੂੰ ਕਈ ਵਾਰ ਦੱਬ ਦਿੱਤਾ। ਹੁਣ ਉਹ ਮਹਿਸੂਸ ਕਰ ਰਿਹਾ ਸੀ ਜਿਵੇਂ ਨਿੱਕੀ ਦੇ ਖ਼ਿਆਲਾਂ ਨੂੰ ਵੀ ਉਸ ਦੇ ਨੰਬਰ ਵਾਂਗ ਪੱਕੇ ਤੌਰ 'ਤੇ ਬਲੌਕ ਕਰ ਦਿੱਤਾ ਹੋਵੇ। •

# ਨਜ਼ਰੀਆ ਹੀ ਹੈ ਤੁਹਾਡੀ ਜ਼ਿੰਦਗੀ

• ਕਿਰਨਪ੍ਰੀਤ ਕੌਰ
+4368864013133

ਹਰ ਸਮੇਂ ਮਨੁੱਖ ਦੇ ਦਿਲ ਤੇ ਦਿਮਾਗ਼ ਵਿਚ ਕੁਝ ਚੱਲਦਾ ਰਹਿੰਦਾ ਹੈ। ਇਹ ਹੀ ਉਸ ਦੀ ਸੋਚ ਹੈ ਅਤੇ ਇਹ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਹੁੰਦੀਆਂ ਹਨ। ਇਸੇ ਸੋਚ ਤੋਂ ਅੱਗੇ ਜਾ ਕੇ ਤੁਹਾਡਾ ਨਜ਼ਰੀਆ ਬਣਦਾ ਹੈ। ਤੁਸੀਂ ਇਸ ਜੀਵਨ ਨੂੰ ਜਾਂ ਕਿਸੇ ਵੀ ਚੀਜ਼ ਨੂੰ ਕਿਸ ਤਰ੍ਹਾਂ ਦੇਖਦੇ ਹੋ,

ਚੰਗੇ ਵਿਚਾਰ ਸਾਡੀ ਸੋਚ ਨੂੰ ਪ੍ਰਭਾਵਿਤ ਕਰਦੇ ਹਨ। ਸੋਚ ਚੰਗੀ ਹੋਵੇਗੀ ਤਾਂ ਸਾਡਾ ਵਿਵਹਾਰ ਹਾਂ-ਪੱਖੀ ਹੋਵੇਗਾ ਤੇ ਲੋਕ ਸਾਨੂੰ ਮਿਲਣਾ ਪਸੰਦ ਕਰਨਗੇ...



ਭਾਵ ਉਸ ਨੂੰ ਕਿਸ ਤਰ੍ਹਾਂ ਸੋਚਦੇ ਹੋ। ਇਸ ਨੂੰ ਨਜ਼ਰੀਆ ਕਹਿੰਦੇ ਹਨ ਅਤੇ ਨਜ਼ਰੀਆ ਸਾਡੀ ਸੋਚ ਦੀ ਉਪਜ ਹੈ। ਜੇਕਰ ਤੁਹਾਡੀ ਸੋਚ ਵਿਚ ਹਰ ਵਕਤ ਕਿਸੇ ਲਈ ਚੰਗੇ ਅਤੇ ਸਕਾਰਾਤਮਕ ਭਾਵ ਚੱਲਣਗੇ ਤਾਂ ਤੁਹਾਡਾ ਨਜ਼ਰੀਆ ਅਤੇ ਸੁਭਾਅ ਉਸ ਪ੍ਰਤੀ ਹਮੇਸ਼ਾ ਚੰਗਾ ਹੀ ਬਣਿਆ ਰਹੇਗਾ।

ਸਾਡੇ ਨਜ਼ਰੀਏ ਦਾ ਸਭ ਤੋਂ ਵੱਡਾ ਅਸਰ ਸਾਡੀ ਆਪਣੀ ਜ਼ਿੰਦਗੀ 'ਤੇ ਹੈ। ਸਾਡੀ ਸੋਚ ਸਾਡੀ ਮਹਿਸੂਸ ਸ਼ਕਤੀ ਨੂੰ ਪ੍ਰਭਾਵਿਤ ਕਰਦੀ ਹੈ। ਸਕਾਰਾਤਮਕ ਅਤੇ ਚੰਗੀ ਸੋਚ ਨਾਲ ਅਸੀਂ ਖ਼ੁਦ ਨੂੰ ਵਧੇਰੇ ਪਾਜ਼ਟਿਵ ਮਹਿਸੂਸ ਕਰ ਖ਼ੁਸ਼ੀਆਂ ਅਤੇ ਖੇੜੇ ਭਰਿਆ ਜੀਵਨ ਜੀਅ ਸਕਦੇ ਹਾਂ। ਫਿਰ ਚਾਹੇ ਬਾਹਰ ਤੁਹਾਡੀ ਦੁਨੀਆ ਜਾਂ ਸਮਾਜ ਵਿਚ ਕਿਸੇ ਤਰ੍ਹਾਂ ਦੀ ਵੀ ਨਕਾਰਾਤਮਿਕਤਾ ਕਿਉਂ ਨਾ ਹੋਵੇ ਤੁਸੀਂ ਸਿਰਫ਼ ਆਪਣੇ ਨਜ਼ਰੀਏ ਨੂੰ ਬਦਲ ਆਪਣੀ ਜ਼ਿੰਦਗੀ ਨੂੰ ਇਕ ਵਧੀਆ ਢੰਗ ਨਾਲ ਜੀਣ ਵਿਚ ਸਹਾਇਕ ਹੋ। •

# ਪੁਸਤਕ ਚਰਚਾ

ਰਿਚਮੰਡ (ਕੈਨੇਡਾ) ਜਾ ਵਸੇ ਕਰਨਲ ਹਰਜੀਤ ਬੱਸੀ ਦੀ ਇਹ ਛੇ ਕਾਵਿ-ਸੰਗ੍ਰਹਿ ਅਤੇ ਦੋ ਕਥਾ-ਪੁਸਤਕਾਂ ਉਪਰੰਤ ਨੌਵੀਂ ਸਿਰਜਣਾ ਹੈ। ਇਹ ਉਨ੍ਹਾਂ ਦੇ ਬਚਪਨ ਤੋਂ ਹੁਣ ਤਕ ਦੀ ਜੀਵਨ ਦੀਆਂ ਯਾਦਾਂ ਹਨ ਜਿਵੇਂ ਕਿ "ਚੜ੍ਹਦੀ ਸਵੇਰ ਤੋਂ ਢਲਦੀ ਸ਼ਾਮ ਦਾ ਸਫ਼ਰ, ਮੇਰੀਆਂ ਯਾਦਾਂ" ਨਾਂ ਤੋਂ ਪ੍ਰਗਟ ਹੁੰਦਾ ਹੈ। ਛੋਟੇ-ਛੋਟੇ ਚਤਾਲੀ ਨਾਵਾਂ ਹੇਠ ਲਿਖੇ ਇਹ ਯਾਦਾਂ ਦੇ ਟੁਕੜੇ ਪੰਜ ਸਾਲ ਦੇ ਜੀਤੇ ਤੋਂ ਕੈਨੇਡਾ ਦੇ ਵਾਸੀ ਹੋਣ ਤਕ ਦੇ ਹਨ। ਉਸ ਕੋਲ ਜ਼ਿੰਦਗੀ ਦਾ ਉਤਰਾਵਾਂ-ਚੜ੍ਹਾਵਾਂ ਭਰਿਆ ਅਨੁਭਵ ਹੈ। ਉਸ ਨੂੰ ਗੱਲ ਕਰਨੀ ਆਉਂਦੀ ਹੈ, ਕਹਿਣ ਦਾ ਸਲੀਕਾ ਹੈ। ਇਨ੍ਹਾਂ ਕਾਰਣਾਂ ਕਰਕੇ ਉਸ ਦੀਆਂ ਇਹ ਯਾਦਾਂ ਕਾਵਿਕ-ਸ਼ੈਲੀ ਵਿਚ ਪਰੁਤੀਆਂ ਅਤੇ ਰੋਚਿਕ ਬ੍ਰਿਤਾਂਤ ਨਾਲ ਲਬਰੇਜ਼ ਹਨ। ਜਿੱਥੇ ਲੇਖਕ ਸੈਨਾ ਵਿਚ ਜਾਣ ਤੋਂ ਦੋ ਤਿੰਨ ਵਾਰ ਮੈਡੀਕਲੀ ਤੌਰ 'ਤੇ ਰਿਜੈਕਟ ਕੀਤਾ ਜਾਂਦਾ ਹੈ ਉਹ ਆਸ ਦਾ ਪੱਲਾ ਨਹੀਂ ਛੱਡਦਾ।

ਰਾਸ਼ਟਰਪਤੀ ਨੂੰ ਲਿਖੀ ਚਿੱਠੀ ਉਸ ਨੂੰ ਸਿਲੈਕਟ ਕਰਵਾਉਂਦੀ ਹੈ। ਇਹ ਬਹੁਤ ਵੱਡੀ ਪ੍ਰੇਰਣਾ ਵਾਲੀ ਗੱਲ ਹੈ। ਕਰਨਲ ਬਣ ਕੇ ਸੇਵਾ ਮੁਕਤ ਹੋ ਕੇ ਵੀ ਕਰਮ ਕਰਨ ਵਿਚ ਰੁੱਝਿਆ ਹੈ। ਉਸ ਦੇ ਜੀਵਨ ਵਿਚ ਆਏ ਕੁਝ ਕੁ ਰੁਮਾਂਟਿਕ ਪਲਾਂ ਦਾ ਜ਼ਿਕਰ ਉਹ ਬੜੀ ਹੀ ਸੁਹਜ ਅਤੇ ਸੰਜਮੀ ਭਾਸ਼ਾ ਦੁਆਰਾ ਕਰਦਾ ਹੈ। ਉਸ ਪਾਸ ਨੈਤਿਕਤਾ ਅਤੇ ਸ਼ਾਲੀਨਤਾ ਹੈ। 'ਪਹਿਲੀ ਧੜਕਣ', 'ਬੁੱਕਲੀਂ ਲੁਕੇ ਸੱਚ', 'ਤੋਸ਼ੀ', 'ਵਫ਼ਾ ਦੀ ਬੇਵਫ਼ਾਈ', ਇਸ ਦਾ ਪ੍ਰਮਾਣ ਹਨ। 'ਖਿੰਡੀਆਂ ਖ਼ੁਸ਼ੀਆਂ ਤੇ ਲਮਡਿੰਗ ਦਾ ਢਾਬਾ', ਕਰਨਲ ਬੱਸੀ ਦੇ ਮਿਜ਼ੋਰਮ ਵਿਖੇ ਨਿਯੁਕਤੀ ਸਮੇਂ ਦਾ ਵੇਰਵਾ ਦਿੰਦੇ ਹਨ।

ਲੇਖਕ ਨੇ ਕਿਧਰੇ-ਕਿਧਰੇ ਕਾਵਿ-ਟੋਟੇ ਵੀ ਦਰਜ ਕੀਤੇ ਹਨ। ਪੁਰਾਣੇ ਵੇਲੇ ਦੇ 'ਲਾਲਟੈਣ' ਵਰਗੇ ਸ਼ਬਦਾਂ ਦੀ ਜਾਣਕਾਰੀ ਦਿੱਤੀ ਹੈ। ਕਿਧਰੇ ਕਸ਼ਮੀਰ ਦੇ ਸੇਬਾਂ ਦੇ ਬਾਗ਼ਾਂ ਵਿਚ ਲੈ ਜਾਂਦਾ ਹੈ। ਰਿਚਮੰਡ (ਕੈਨੇਡਾ) ਦੇ ਜੰਗਲੀ ਜਾਨਵਰਾਂ 'ਰਕੂਨ' ਦੀ ਗੱਲ 'ਮਾਂ ਤਾਂ ਮਾਂ ਹੁੰਦੀ ਹੈ' ਵਿਚ ਕੀਤੀ ਹੈ। 'ਦੂਸਰੀ ਔਰਤ' ਵਿਚ ਪਤੀ-ਪਤਨੀ ਸਬੰਧਾਂ ਅਤੇ ਨੈਤਿਕ ਨਿਯਮਾਂ ਦੀ ਬਾਤ ਪਾਈ ਹੈ। ਗੱਲ ਕੀ ਕਰਨਲ ਹਰਜੀਤ ਬੱਸੀ ਨੇ ਹੱਡੀਂ ਹੰਢਾਏ ਜੀਵਨ ਦੇ ਸੱਚੇ ਅਨੁਭਵਾਂ ਰਾਹੀਂ ਭਵਿੱਖ ਦੇ ਸੁੰਦਰ ਸਮਾਜ ਲਈ ਇਹ ਰਚਨਾ ਲਿਖੀ ਹੈ। ਪਾਠਕ ਇਸ ਤੋਂ ਖ਼ੂਬ ਲਾਹਾ ਲੈਣ ਗੇ। ਪੁਸਤਕ ਅਤਿਅੰਤ ਰੋਚਿਕ ਹੈ।

• ਤੇਜਾ ਸਿੰਘ ਤਿਲਕ




ਰਵਿੰਦਰ ਸਹਿਰਾਅ ਅਮਰੀਕੀ ਪੰਜਾਬੀ ਕਵਿਤਾ ਵਿਚ ਹੀ ਨਹੀਂ ਸਗੋਂ ਸਮੁੱਚੀ ਪਰਵਾਸੀ ਪੰਜਾਬੀ ਕਵਿਤਾ ਵਿਚ ਆਪਣਾ ਵਿਲੱਖਣ ਤੇ ਮਹੱਤਵਪੂਰਨ ਸਥਾਨ ਰੱਖਣ ਵਾਲਾ ਸ਼ਾਇਰ ਹੈ, ਜਿਸ ਨੇ ਵਿਦੇਸ਼ੀ ਧਰਤੀ 'ਤੇ ਵਿਚਰਦਿਆਂ ਹੋਇਆਂ ਉੱਥੋਂ ਦੀ ਤਰਜ਼ੇ ਜ਼ਿੰਦਗੀ ਨੂੰ ਆਪਣੀਆਂ ਰਚਨਾਵਾਂ ਵਿਚ ਵੀ ਢਾਲਿਆ ਹੈ ਅਤੇ ਉੱਥੋਂ ਦੀਆਂ ਪ੍ਰਸਥਿਤੀਆਂ ਨਾਲ ਸੰਵਾਦ ਵੀ ਰਚਾਇਆ ਹੈ। ਉਸਦੀ ਨਵੀਂ ਕਾਵਿ ਪੁਸਤਕ 'ਕੁਝ ਨਾ ਕਹੋ' ਪਰਵਾਸ ਦੇ ਪ੍ਰੰਪਰਾਗਤ ਮਸਲਿਆਂ ਨੂੰ ਤਿਆਗਦੀ ਹੋਈ ਮਨੁੱਖੀ ਹੋਂਦ ਨੂੰ ਦਰਪੇਸ਼ ਮਸਲਿਆਂ ਨੂੰ ਪੇਸ਼ ਹੀ ਨਹੀਂ ਕਰਦੀ ਸਗੋਂ ਇਸ ਦੇ ਕਾਰਨਾਂ ਦੀ ਵੀ ਤਲਾਸ਼ ਕਰਦੀ ਹੈ।

ਵਿਸ਼ਵੀਕਰਨ ਦੇ ਇਸ ਦੌਰ ਵਿਚ ਪੂੰਜੀਵਾਦ ਮੁਲਕ ਕਿਵੇਂ ਆਪਣੀ ਧੌਂਸ ਨਾਲ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਉਤਾਵਲਾਪਨ ਦਿਖਾ ਰਹੇ ਹਨ ਇਸ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਵਿਚ ਵਿਆਪਕ ਰੂਪ ਵਿਚ ਪ੍ਰਤੀਕਰਮ ਪੇਸ਼ ਹੋਇਆ ਮਿਲਦਾ ਹੈ। ਇਸ ਸਾਰੇ ਵਰਤਾਰੇ ਲਈ ਉਹ ਪੂੰਜੀਵਾਦ ਮੁਲਕਾਂ ਦੇ ਆਗੂਆਂ ਅਤੇ ਸਮੁੱਚੇ ਵਰਤਾਰੇ ਨੂੰ ਕਟਹਿਰੇ ਵਿਚ ਖੜ੍ਹਾ ਕਰਦਾ ਹੈ। ਸਰਮਾਏ ਦੇ ਇਸ ਦੌਰ 'ਚ ਮਨੁੱਖ ਕੋਲ ਸਾਧਨਾਂ ਦੀ ਬਹੁਤਾਂਤ ਹੈ ਪਰ ਮਾਨਵੀ ਨਿੱਘ ਤੇ ਅਪਣੱਤ ਮਨਫ਼ੀ ਹੋ ਰਹੀ ਹੈ। ਅਸਲ ਵਿਚ ਕਵੀ ਨੂੰ ਬਣਾਉਟੀਪਣ ਤੇ ਨਕਲੀਪਣ ਵਾਲੀ ਜ਼ਿੰਦਗੀ ਨਾਲੋਂ ਆਪਣੇ ਪਿੰਡ ਨਾਲ ਸੰਵਾਦ ਰਚਾਉਣਾ ਚੰਗਾ ਲੱਗਦਾ ਹੈ ਜਿਸ ਦੀ ਤਸੀਰ ਨਿਰਛਲ ਸੀ ਪਰ ਉੱਥੇ ਵੀ ਕਵਿਤਾਵਾਂ ਵਿਚ ਭਾਵੇਂ ਕਈ ਨਕਾਰਾਤਮਕ ਤਾਕਤਾਂ ਦੇ ਕਾਲੇ ਚਿੱਠੇ ਉਜਾਗਰ ਕਰਦਾ ਵਿਦਰੋਹਮਈ ਸੁਰ ਵੀ ਉਚਾਰਦਾ ਹੈ ਤੇ ਉਦਾਸੀ ਦੇ ਆਲਮ ਵਿਚ ਵੀ ਘਿਰ ਜਾਂਦਾ ਹੈ। ਪਰ ਉਸ ਦੀ ਸਿਰਜਣਾਤਮਕਤਾ ਉਸ ਦਾ ਸਹਾਰਾ ਬਣਦੀ ਹੈ। ਉਹ ਭਾਵੇਂ ਪੌਦਿਆਂ ਨਾਲ ਬਗ਼ੀਚੀ ਵਿਚ ਵਿਚਰਦਾ ਹੈ ਜਾਂ 'ਸ਼ਬਦਾਂ' ਨਾਲ ਸਿਰਜਣਾਤਮਕ ਵਾਤਾਵਰਨ ਵਿਚ ਵਿਚਰ ਰਿਹਾ ਹੋਵੇ। ਪੁਸਤਕ ਦੇ ਅੰਤ ਵਿਚ ਕੁਝ ਕਾਵਿ ਚਿੱਤਰ ਅਤੇ ਮੋਹਨਜੀਤ ਦੁਆਰਾ ਰਵਿੰਦਰ ਸਹਿਰਾਅ ਦਾ ਕਾਵਿ ਚਿੱਤਰ ਵੀ ਕਾਬਲੇਤਾਰੀਫ਼ ਹੈ।

• ਸਰਦੂਲ ਸਿੰਘ ਔਜਲਾ




ਕਵੀ ਪਰਾਗ ਦੀ ਨਵਪ੍ਰਕਾਸ਼ਤ ਪੁਸਤਕ 'ਉਪਰਲਾ ਬਟਨ' ਪੰਜਾਬੀ ਕਵਿਤਾ ਵਿਚ ਇਕ ਪ੍ਰਯੋਗਵਾਦੀ ਕਵਿਤਾ ਦਾ ਚਿਹਰਾ ਲੈ ਕੇ ਹਾਜ਼ਰ ਹੋਈ ਹੈ। ਸੰਗ੍ਰਹਿ ਵਿਚ 79 ਦੇ ਕਰੀਬ ਨਿੱਕੀਆਂ ਵੱਡੀਆਂ ਕਵਿਤਾਵਾਂ ਵਿਚ ਕਵਿਤਾ ਸ਼ਿਲਪ ਦਾ ਅੰਦਾਜ਼ ਬਦਲਿਆ ਗਿਆ ਹੈ। ਕਵਿਤਾਵਾਂ ਵਿਚ ਗੈਪ ਛੱਡ ਕੇ ਉਸ ਵਿਚਲੀਆਂ ਧੁਨੀਆਂ ਨੂੰ ਪੜ੍ਹਨ, ਸਮਝਣ ਅਤੇ ਸੁਣਨ ਦੀ ਉਮੀਦ ਪਾਠਕਾਂ ਪਾਸੋਂ ਕੀਤੀ ਗਈ ਹੈ। ਕਵਿਤਾਵਾਂ ਦੇ ਸਿਰਲੇਖ ਨਹੀਂ ਰੱਖੇ ਗਏ ਹਨ। ਜ਼ਰੂਰੀ ਨਹੀਂ ਕਿ ਸਾਰੇ ਹੀ ਸੁਰਜੀਤ ਪਾਤਰ, ਗੁਰਪ੍ਰੀਤ ਤੇ ਪਰਾਗ ਜਿੰਨੀ ਹੀ ਬੌਧਿਕਤਾ ਦੇ ਮਾਲਕ ਹੋਣ।

ਗੁਰਪ੍ਰੀਤ ਦਾ ਇਹ ਲਿਖਣਾ ਕਿ 'ਪਰਾਗ ਦੀ ਕਵਿਤਾ ਨੂੰ ਪੜ੍ਹਨ ਅਤੇ ਦੇਖਣ ਦਾ ਤਰੀਕਾ ਵੀ ਉਹਦੀ ਕਵਿਤਾ ਵਿੱਚੋਂ ਹੀ ਲੱਭਿਆ/ਪਛਾਣਿਆ ਜਾ ਸਕਦਾ ਹੈ।' ਕਾਫ਼ੀ ਹੱਦ ਤਕ ਠੀਕ ਹੈ। ਹਾਂ ਇਨ੍ਹਾਂ ਕਵਿਤਾਵਾਂ ਵਿਚ ਕਵੀ ਜਿਹੜੀ ਮੰਜ਼ਰਕਸ਼ੀ ਕਰਦਾ ਹੈ, ਉਸ ਨਾਲ ਕਵਿਤਾ ਵਿਚਲੇ ਅਦਿੱਖ ਪਾਤਰ ਜੀਉਂਦੇ ਜਾਗਦੇ ਸੰਵਾਦ ਰਚਾਉਂਦੇ ਵਿਖਾਈ ਦਿੰਦੇ ਹਨ। ਹਰੇਕ ਕਵਿਤਾ ਦੀਆਂ ਅੰਤਿਮ ਪੰਕਤੀਆਂ ਵਿਚ ਇਕ ਰਹੱਸ ਸਿਰਜਣ ਦੀ ਕੋਸ਼ਿਸ਼, ਕਵਿਤਾ ਵਿਚ ਕਰੰਟ ਪੈਦਾ ਕਰਨ ਦਾ ਉਪਰਾਲਾ ਹੈ। ਪਰਾਗ ਵੱਲੋਂ ਅਤਿ ਸਧਾਰਨ ਜਿਹੇ ਸੂਈ ਧਾਗੇ, ਬਟਨ ਸਹਿਤ ਬਹੁਤ ਸਾਰੇ ਸ਼ਬਦਾਂ ਨੂੰ ਕਾਵਿਕਤਾ ਪ੍ਰਦਾਨ ਕੀਤੀ ਹੈ ਅਤੇ ਉਨ੍ਹਾਂ ਨੂੰ ਵੱਡੇ ਅਰਥ ਦੇਣ ਦੀ ਕੋਸ਼ਿਸ਼ ਕੀਤੀ ਹੈ। ਕਵਿਤਾਵਾਂ ਦੀਆਂ ਕੁਝ ਸਤਰਾਂ ਪਾਠਕੀ ਸੋਚ ਵਿਚ ਹਲਚਲ ਮਚਾਉਣ ਵਿਚ ਸਫਲ ਹਨ। ਥੀਮਕ ਪੱਧਰ 'ਤੇ ਇਹ ਕਵਿਤਾਵਾਂ ਮਨੁੱਖੀ ਰਹੱਸਵਾਦੀ ਸਰੋਕਾਰਾਂ ਨਾਲ ਵਧੇਰੇ ਜੁੜੀਆਂ ਹੋਈਆਂ ਹਨ। ਕਵੀ ਵੱਲੋਂ ਕੀਤੇ ਜਾ ਰਹੇ ਪ੍ਰਯੋਗ ਗੁਆਗਤਯੋਗ ਹਨ। ਇਹ ਪ੍ਰਯੋਗ ਹੋਣੇ ਵੀ ਚਾਹੀਦੇ ਹਨ। ਕਈ ਕਵਿਤਾਵਾਂ ਨੂੰ ਸਮਝਣ ਲਈ ਪਾਠਕਾਂ ਨੂੰ ਚੰਗੀ ਬੌਧਿਕ ਮੁਸ਼ੱਕਤ ਕਰਨੀ ਪੈ ਸਕਦੀ ਹੈ। ਮਸਲਨ 'ਹੱਥ ਵਿਚ ਫੜ/ਰੱਖੜੀ ਦਾ ਧਾਗਾ/ ਕਿਸੇ ਪਿਆਰ ਵਾਲੇ ਦਿਨ। ਇਸ ਤਰ੍ਹਾਂ ਰਿਸ਼ਤਿਆਂ/ਸਰੋਕਾਰਾਂ/ਸੰਵੇਦਨਾਵਾਂ ਦਾ ਸੁਆਦੀ ਕਾਕਟੇਲ ਕਿਹਾ ਜਾ ਸਕਦਾ ਹੈ।

• ਧਰਮਪਾਲ ਸਾਹਿਲ




ਇਸ ਕਿਤਾਬ ਬਾਰੇ ਜੇ ਲੇਖਕ ਦੇ ਲਿਖੇ ਲੇਖ ਮੁਤਾਬਕ ਹੀ ਗੱਲ ਸ਼ੁਰੂ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਭਾਵੇਂ ਇਹ ਕਿਤਾਬ ਮੋਟੇ ਤੌਰ 'ਤੇ ਸਿੱਖਾਂ ਬਾਰੇ ਹੈ। ਪਰ ਇਹ ਆਮ ਜੀਵਨ ਦੇ ਕਾਫ਼ੀ ਵਿਸ਼ਿਆਂ ਨੂੰ ਛੂੰਹਦੀ ਹੈ ਅਤੇ ਵਿਚਾਰਵਾਨ ਲੋਕਾਂ ਵਾਸਤੇ ਇਹ ਜ਼ਰੂਰ ਦਿਲਚਸਪ ਸਾਬਿਤ ਹੋਵੇਗੀ। ਇਸ ਨੂੰ ਮਹਿਜ ਇਤਿਹਾਸ ਦੀ ਇਕ ਕਿਤਾਬ ਸਮਝਣਾ ਵੀ ਠੀਕ ਨਹੀਂ ਹੋਵੇਗਾ। ਦਰਅਸਲ ਇਹ ਕਿਤਾਬ ਬਹੁਤ ਸਾਰੀਆਂ ਘਟਨਾਵਾਂ ਨੂੰ ਇਤਿਹਾਸਿਕ ਪਿਛੋਕੜ ਵਿਚ ਦੇਖ ਕੇ ਕਈ ਇਨਸਾਨੀ ਸੱਚਾਈਆਂ ਸਾਹਮਣੇ ਲਿਆਉਣ ਦਾ ਯਤਨ ਕਰਦੀ ਹੈ।

ਇਹ ਕਿਤਾਬ ਪੰਜ-ਛੇ ਸਾਲ ਪਹਿਲਾਂ ਅੰਗਰੇਜ਼ੀ ਵਿਚ ਛਪੀ ਸੀ, ਇਸ ਦਾ ਪੰਜਾਬੀ ਤਰਜਮਾ ਵੀ ਲੇਖਕ ਨੇ ਖ਼ੁਦ ਹੀ ਕੀਤਾ ਹੈ। ਕਿਤਾਬ ਦੀ ਆਰੰਭਿਕ ਗੱਲ 'ਮੈਸੋਪੋਟੇਮੀਆਨ' ਸਬੰਧ ਤੋਂ ਸ਼ੁਰੂ ਹੁੰਦੀ ਹੈ, ਵਿਸਥਾਰ 'ਇਸਲਾਮ ਦੇ ਆਉਣ ਤੱਕ' ਜਾਂਦਾ ਹੈ। ਵੱਡੀਆਂ ਲੁੱਟਮਾਰਾਂ ਦਾ ਵੇਰਵਾ ਤੇ ਮੁਸਲਿਮ ਰਾਜ ਦੇ ਆਪਣੇ ਸਿਖ਼ਰ 'ਤੇ ਪੁੱਜਣ ਦਾ ਬਿਰਤਾਂਤ ਵੀ ਇਹ ਪੁਸਤਕ ਵਿੱਚੋਂ ਪੜ੍ਹਿਆ ਜਾ ਸਕਦਾ ਹੈ। ਲਿਖਾਰੀ ਦੀ ਲਿਖਣ ਸ਼ੈਲੀ ਇੰਨੀ ਦਿਲਚਸਪ ਹੈ ਕਿ ਇਤਿਹਾਸ ਵਿਚਲੀਆਂ ਔਖੀਆਂ ਗੱਲਾਂ ਵੀ ਸੌਖੀਆਂ ਸਮਝ ਆ ਜਾਂਦੀਆਂ ਹਨ। ਗ਼ਦਰ ਲਹਿਰ ਤੋਂ ਬਾਅਦ ਗੁਰਦੁਆਰਿਆਂ ਦਾ ਸੁਧਾਰ ਅਤੇ ਸਿੱਖਾਂ ਦੇ ਲੀਡਰਾਂ ਦੀ ਗੱਲ ਕਰਦਿਆਂ ਲੇਖਕ ਨਵੰਬਰ 84 ਦੀ ਸਿੱਖ ਨਸਲਕੁਸ਼ੀ ਤਕ ਜਾ ਪੁੱਜਦਾ ਹੈ। ਲੇਖਕ ਦਾ ਇਹ ਮੰਨਣਾ ਹੈ ਕਿ ਪੰਜਾਬ ਦੀ ਖ਼ੁਸ਼ਹਾਲੀ ਇਸ ਤਰ੍ਹਾਂ ਹੈ ਜਿਵੇਂ ਸ਼ਰਾਬੀ ਦੇ ਮੂੰਹ 'ਤੇ ਲਾਲੀ ਹੁੰਦੀ ਹੈ। ਕਾਸ਼ਤਕਾਰ ਮਾਲੀ ਤੌਰ 'ਤੇ ਦੀਵਾਲੀਆ ਹੋ ਚੁੱਕੇ ਹਨ, ਬਹੁਤਿਆਂ ਸਿਰ ਭਾਰੀ ਕਰਜ਼ੇ ਹਨ। ਥੋੜ੍ਹਾ ਹੋਰ ਅੱਗੇ ਚੱਲ ਕੇ ਲੇਖਕ ਨੇ ਆਜ਼ਾਦੀ ਤੋਂ ਬਾਅਦ ਦੀਆਂ ਕੁੱਝ ਅਹਿਮ ਘਟਨਾਵਾਂ ਦਾ ਵੇਰਵਾ ਵੀ ਦਿੱਤਾ ਹੈ ਅਤੇ ਮੁਲਕ ਦੀ ਮੌਜੂਦਾ ਹਾਲਤ ਵੀ ਬਿਆਨ ਕੀਤੀ ਹੈ। ਸਰਕਾਰ ਦੀ ਵਾਗਡੋਰ ਘਾਹ-ਫੂਸ ਦੇ ਬਣੇ ਆਦਮੀਆਂ ਨੂੰ ਦੇ ਰਹੇ ਹਾਂ, ਜਿਨ੍ਹਾਂ ਦਾ ਥੋੜ੍ਹੇ ਸਾਲਾਂ ਬਾਅਦ ਕੋਈ ਨਾ-ਨਿਸ਼ਾਨ ਨਹੀਂ ਰਹੇਗਾ (ਪੰਨਾ-295) ਮੁਲਕ ਦੀ ਮੌਜੂਦਾ ਹਾਲਤ ਵਾਲਾ ਇਹ ਆਰਟੀਕਲ ਬਹੁਤ ਗੰਭੀਰ ਨੁਕਤਿਆਂ 'ਤੇ ਅਧਾਰਤ ਲਿਖਿਆ ਗਿਆ ਹੈ। ਇਸ ਨੂੰ ਬਾਕੀ ਪੁਸਤਕ ਵਾਂਗ ਇਕ ਤੋਂ ਵੱਧ ਵਾਰ ਪੜ੍ਹਨ ਦੀ ਲੋੜ ਹੈ।

• ਹਰਮੀਤ ਸਿੰਘ ਅਟਵਾਲ



# 74ਵੇਂ ਗਣਤੰਤਰ ਦਿਵਸ ਮੌਕੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਜਲੰਧਰ 'ਚ ਲਹਿਰਾਇਆ ਕੌਮੀ ਝੰਡਾ

**➢ ਸੰਵਿਧਾਨਿਕ ਕਦਰਾਂ-ਕੀਮਤਾਂ ਤੇ ਫਰਜ਼ਾਂ ਪ੍ਰਤੀ ਸੰਜੀਦਗੀ ਅਤਿ ਜ਼ਰੂਰੀ : ਰਾਜਪਾਲ ➢ ਲੋਕਾਂ ਨੂੰ ਭ੍ਰਿਸ਼ਟਾਚਾਰ ਦੇ ਮੁਕੰਮਲ ਖਾਤਮੇ ਲਈ ਅੱਗੇ ਆਉਣ ਦੀ ਅਪੀਲ ➢ ਸੂਬੇ ਦੀ ਖੁਸ਼ਹਾਲੀ, ਤਰੱਕੀ ਅਤੇ ਚਹੁੰਮੁਖੀ ਵਿਕਾਸ ਦੇ ਸਰਗਰਮ ਭਾਈਵਾਲ ਬਣਨ**




**ਜਲੰਧਰ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਅੱਜ ਇਥੇ 74ਵੇਂ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਉਪਰੰਤ ਆਪਣੇ ਸੰਦੇਸ਼ ਵਿੱਚ ਸੰਵਿਧਾਨ ਦੀ ਮਹੱਤਤਾ ਦੀ ਗੱਲ ਕਰਦਿਆਂ ਕਿਹਾ ਕਿ ਸਾਰਿਆਂ ਨੂੰ ਸੰਵਿਧਾਨਿਕ ਕਦਰਾਂ-ਕੀਮਤਾਂ ਅਤੇ ਸੰਵਿਧਾਨ ਪ੍ਰਤੀ ਫਰਜ਼ਾਂ ਲਈ ਪੂਰੀ ਤਰ੍ਹਾਂ ਸੰਜੀਦਾ ਹੋਣਾ ਚਾਹੀਦਾ ਹੈ ਅਤੇ ਸੰਵਿਧਾਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਪੰਜਾਬ ਵਾਸੀਆਂ ਨੂੰ ਸੂਬੇ ਦੇ ਸ਼ਾਸਨ-ਪ੍ਰਸ਼ਾਸਨ ਨੂੰ ਮਜ਼ਬੂਤ, ਸੂਬੇ ਦੇ ਵਿਕਾਸ ਅਤੇ ਖੁਸ਼ਹਾਲੀ ਵਿੱਚ ਸਰਗਰਮ ਭਾਈਵਾਲ ਬਣਨ ਦੀ ਅਪੀਲ ਕਰਦਿਆਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਭਰੋਸਾ ਪ੍ਰਗਟਾਇਆ ਕਿ ਰਾਜ ਦੇ ਲੋਕ ਆਪਣਾ ਬਣਦਾ ਯੋਗਦਾਨ ਪਾ ਕੇ ਪੰਜਾਬ ਦੀ ਤਰੱਕੀ ਦੀ ਨਵੀਂ ਮਿਸਾਲ ਪੇਸ਼ ਕਰਨਗੇ।

ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਰਾਜ ਪੱਧਰੀ ਗਣਤੰਤਰ ਦਿਵਸ ਸਮਾਗਮ ਦੌਰਾਨ ਪਰੇਡ ਦੇ ਨਿਰੀਖਣ ਉਪਰੰਤ ਸੰਬੋਧਨ ਕਰਦਿਆਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ 26 ਜਨਵਰੀ 1950 ਨੂੰ ਲਾਗੂ ਹੋਇਆ ਸਾਡਾ ਸੰਵਿਧਾਨ ਲੋਕਤੰਤਰ ਦਾ ਇਕ ਪਵਿੱਤਰ ਗ੍ਰੰਥ ਹੈ ਜਿਹੜਾ ਸਾਡੇ ਸਾਰਿਆਂ ਲਈ ਰਾਹ ਦਸੇਰਾ ਹੈ। ਉਨ੍ਹਾਂ ਕਿਹਾ ਕਿ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸੰਵਿਧਾਨ ਦਾ ਪੂਰਾ ਸਨਮਾਨ ਕਰੀਏ ਕਿਉਂਕਿ ਸੰਵਿਧਾਨ ਕਿਸੇ ਵੀ ਰਾਸ਼ਟਰ ਦੀ ਸ਼ਾਸਨ ਪ੍ਰਣਾਲੀ ਦੀ ਮਜ਼ਬੂਤ ਨੀਂਹ ਹੁੰਦੀ ਹੈ। ਉਨ੍ਹਾਂ ਕਿਹਾ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਸੰਵਿਧਾਨ ਅਨੁਸਾਰ ਕਾਰਜ ਅਮਲ ਵਿੱਚ ਲਿਆਉਣੇ ਚਾਹੀਦੇ ਹਨ ਅਤੇ ਸੰਵਿਧਾਨ ਦਾ ਉਲੰਘਣ ਕਰਨ ਵਾਲਿਆਂ ਨਾਲ ਸਖ਼ਤੀ ਵਰਤੀ ਜਾਵੇ।

ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਲੰਬੇ ਘੋਲ ਵਿੱਚ ਪੰਜਾਬ ਦੀ ਅਹਿਮ ਭੂਮਿਕਾ ਦੀ ਸ਼ਲਾਘਾ ਕਰਦਿਆਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ ਪੰਜਾਬ ਦੀ ਧਰਤੀ ਸੂਰਬੀਰ ਯੋਧਿਆਂ ਦੀ ਧਰਤੀ ਹੈ ਜਿਸਦੀ ਬਹਾਦਰੀ ਦਾ ਆਪਣਾ ਇਕ ਵੱਖਰਾ ਸਥਾਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਖੂਬਸੂਰਤ ਧਰਤੀ 'ਤੇ ਪੰਜ ਨਹੀਂ ਛੇ ਦਰਿਆ ਵਗੇ ਜਿਨ੍ਹਾਂ ਵਿੱਚ ਇਕ ਦਰਿਆ ਕੁਰਬਾਨੀਆਂ ਦਾ ਹੈ। ਉਨ੍ਹਾਂ ਕਿਹਾ ਕਿ ਇਥੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਈ ਲਹਿਰਾਂ ਉਠੀਆਂ ਜਿਨ੍ਹਾਂ ਵਿੱਚ ਕੂਕਾ ਲਹਿਰ ਅਤੇ ਗ਼ਦਰ ਲਹਿਰ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਬਹਾਦਰੀ ਪੰਜਾਬੀਆਂ ਨੂੰ ਵਿਰਾਸਤ ਵਿੱਚ ਮਿਲੀ ਹੈ ਅਤੇ ਸਿੱਖ ਗੁਰੂ ਸਾਹਿਬਾਨ ਵਲੋਂ ਕੁਰਬਾਨੀਆਂ ਦੀਆਂ ਅਜਿਹੀਆਂ ਮਿਸਾਲਾਂ ਦਿੱਤੀਆਂ ਗਈਆਂ ਜਿਹੜੀਆਂ ਪੂਰੇ ਸੰਸਾਰ ਵਿੱਚ ਲਾਮਿਸਾਲ ਹਨ।

ਦੇਸ਼ ਦੀਆਂ ਸਰਹੱਦਾਂ 'ਤੇ ਏਕਤਾ ਤੇ ਅਖੰਡਤਾ ਦੀ ਰਾਖ਼ੀ ਕਰ ਰਹੇ ਬਹਾਦਰ ਸੈਨਿਕਾਂ ਦੀ ਗੱਲ ਕਰਦਿਆਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ ਦੇਸ਼ ਨੂੰ ਬਾਹਰੀ ਖ਼ਤਰਿਆਂ ਤੋਂ ਸੁਰੱਖਿਅਤ ਰੱਖਣ ਵਿੱਚ ਪੰਜਾਬੀਆਂ ਦੀ ਮਹੱਤਵਪੂਰਨ ਭੂਮਿਕਾ ਹੈ ਅਤੇ ਅੱਜ ਵੀ ਪੰਜਾਬ ਦੇ ਨੌਜਵਾਨ ਲੜਕੇ-ਲੜਕੀਆਂ ਦੇਸ਼ ਦੀ ਸੁਰੱਖਿਆ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਉਨ੍ਹਾਂ ਆਸ ਕੀਤੀ ਕਿ ਸਾਡੇ ਸੂਬੇ ਵਿਚੋਂ ਦੇਸ਼ ਨੂੰ ਵੱਡੀ ਗਿਣਤੀ ਵਿੱਚ ਅਗਨੀਵੀਰ ਮਿਲਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਨਾ ਸਿਰਫ਼ ਕੁਰਬਾਨੀਆਂ ਦਾ ਇਤਿਹਾਸ ਰਚਿਆ ਸਗੋਂ ਇਥੋਂ ਦੇ ਸਿਰੜੀ ਕਿਸਾਨਾਂ ਨੇ ਆਪਣੀ ਅਣਥੱਕ ਮਿਹਨਤ ਸਦਕਾ ਦੇਸ਼ ਵਿੱਚ ਹਰੀ ਕ੍ਰਾਂਤੀ ਲਿਆ ਕੇ ਅੰਨ ਭੰਡਾਰ ਭਰੇ। ਉਨ੍ਹਾਂ ਕਿਹਾ ਕਿ ਇਕ ਸਮਾਂ ਸੀ ਜਦੋਂ 35 ਕਰੋੜ ਦੀ ਆਬਾਦੀ ਲਈ ਅੰਨ ਦੀ ਘਾਟ ਸੀ ਅਤੇ ਦੇਸ਼ ਬਾਹਰੋਂ ਅਨਾਜ ਮੰਗਵਾਉਣ ਨੂੰ ਮਜਬੂਰ ਸੀ ਪਰ ਅੱਜ 135 ਕਰੋੜ ਦੀ ਆਬਾਦੀ ਲਈ ਨਾ ਸਿਰਫ਼ ਭਰਪੂਰ ਅਨਾਜ ਹੈ ਸਗੋਂ ਬਰਾਮਦ ਵੀ ਕੀਤਾ ਜਾ ਰਿਹਾ ਹੈ ਜਿਸ ਵਿੱਚ ਪੰਜਾਬ ਅਤੇ ਪੰਜਾਬ ਦੇ ਕਿਸਾਨਾਂ ਦਾ ਬਹੁਤ ਵੱਡਾ ਯੋਗਦਾਨ ਹੈ।

ਪੰਜਾਬ ਦੇ 6 ਸਰਹੱਦੀ ਜ਼ਿਲ੍ਹਿਆਂ ਬਾਰੇ ਗੱਲ ਕਰਦਿਆਂ ਰਾਜਪਾਲ ਨੇ ਕਿਹਾ ਕਿ ਅਕਸਰ ਸਰਹੱਦ ਪਾਰੋਂ ਭਾਰੀ ਮਾਤਰਾ ਵਿੱਚ ਹਥਿਆਰ ਤੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ ਜੋ ਕਿ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਦੇਸ਼ ਅਤੇ ਆਪਣੇ ਸੂਬੇ ਦੀ ਅੰਦਰੂਨੀ ਸੁਰੱਖਿਆ ਲਈ ਨਾ ਸਿਰਫ਼ ਪੁਲਿਸ ਸਗੋਂ ਸਾਨੂੰ ਸਾਰਿਆਂ ਨੂੰ ਵੀ ਚੌਕਸ ਰਹਿਣਾ ਚਾਹੀਦਾ ਹੈ।

ਭ੍ਰਿਸ਼ਟਾਚਾਰ ਦੇ ਮੁਕੰਮਲ ਖਾਤਮੇ ਲਈ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੰਦਿਆਂ ਰਾਜਪਾਲ ਨੇ ਕਿਹਾ ਕਿ ਭ੍ਰਿਸ਼ਟਾਚਾਰ ਸਾਡੇ ਲੋਕਤੰਤਰ, ਗਣਤੰਤਰ ਅਤੇ ਸੰਵਿਧਾਨਿਕ ਕਦਰਾਂ-ਕੀਮਤਾਂ ਨੂੰ ਨੁਕਸਾਨ ਕਰਦਾ ਹੈ ਜੋ ਕਿ ਬਿਲਕੁਲ ਨਹੀਂ ਹੋਣਾ ਚਾਹੀਦਾ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ ਉਨ੍ਹਾਂ ਨੇ 350 ਦੇ ਕਰੀਬ ਪੰਜਾਬ ਅਤੇ ਚੰਡੀਗੜ੍ਹ ਵਿੱਚ ਤਾਇਨਾਤ ਆਈ.ਏ.ਐਸ. ਤੇ ਆਈ.ਪੀ.ਐਸ.ਅਧਿਕਾਰੀਆਂ ਨੂੰ ਖੁਦ ਪੱਤਰ ਲਿਖਕੇ ਸਾਫ਼-ਸੁਥਰੇ, ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਦੇ ਸੰਕਲਪ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਭ੍ਰਿਸ਼ਟਾਚਾਰ ਰੂਪੀ ਸਮਾਜਿਕ ਬੁਰਾਈ ਦੇ ਖਾਤਮੇ ਲਈ ਲੋਕ ਆਪ ਮੁਹਾਰੇ ਅੱਗੇ ਆਉਣ ਕਿਉਂਕਿ ਇਹ ਵੀ ਇਕ ਰਾਸ਼ਟਰ ਸੇਵਾ ਹੈ ਜਿਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ੀ ਸਾਮਰਾਜ ਤੋਂ ਆਜ਼ਾਦੀ ਦਿਵਾਉਣ ਵਿੱਚ ਪੰਜਾਬ ਦਾ ਵੱਡਾ ਯੋਗਦਾਨ ਹੈ ਅਤੇ ਹੁਣ ਭ੍ਰਿਸ਼ਟਾਚਾਰ ਤੇ ਭ੍ਰਿਸ਼ਟਾਚਾਰੀਆਂ ਨੂੰ ਰੋਕਣ ਵਿੱਚ ਵੀ ਪੰਜਾਬ ਦੇ ਲੋਕ ਮਿਸਾਲ ਕਾਇਮ ਕਰਨ। ਉਨ੍ਹਾਂ ਨੇ ਅਪੀਲ ਕੀਤੀ ਕਿ ਸਾਰਿਆਂ ਨੂੰ ਹੱਕ-ਸੱਚ ਵਾਲੀ ਜੀਵਨ ਜਾਚ ਅਪਣਾਉਂਦਿਆਂ ਹਮੇਸ਼ਾ ਸੱਚ 'ਤੇ ਪੂਰਾ ਪਹਿਰਾ ਦੇਣਾ ਚਾਹੀਦਾ ਹੈ।

ਰਾਜਪਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਨੁਸੂਚਿਤ ਜਾਤੀ, ਪਛੜੇ ਵਰਗਾਂ, ਘੱਟ ਗਿਣਤੀਆਂ ਅਤੇ ਖਾਸ ਤੌਰ 'ਤੇ ਔਰਤਾਂ ਦੇ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਵਿਦਿਅਕ ਸਸ਼ਕਤੀਕਰਨ ਨੂੰ ਇਕ ਚੁਣੌਤੀ ਵਜੋਂ ਲੈਣਾ ਚਾਹੀਦਾ ਹੈ ਅਤੇ ਇਨ੍ਹਾਂ ਸਾਰਿਆਂ ਲਈ ਸਿਹਤਮੰਦ ਵਾਤਾਵਰਨ ਦੀ ਸਿਰਜਣਾ ਨੂੰ ਪੂਰੀ ਤਵੱਜੋਂ ਦਿੱਤੀ ਜਾਣੀ ਚਾਹੀਦੀ ਹੈ। ਇਸ ਉਪਰੰਤ ਰਾਜਪਾਲ ਨੇ ਆਈ.ਪੀ.ਐਸ. ਅਧਿਕਾਰੀ ਮਨਿੰਦਰ ਸਿੰਘ ਅਤੇ ਡੀ.ਐਸ.ਪੀ. ਮਾਧਵੀ ਸ਼ਰਮਾ ਦੀ ਅਗਵਾਈ ਵਿੱਚ ਨਿਕਲੇ ਮਾਰਚ ਪਾਸਟ ਤੋਂ ਸਲਾਮੀ ਲਈ। ਦੇਸ਼ ਭਗਤੀ ਦੇ ਗੀਤਾਂ 'ਤੇ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵਲੋਂ ਕੀਤੀਆਂ ਪੇਸ਼ਕਾਰੀਆਂ ਦਾ ਆਨੰਦ ਮਾਨਣ ਉਪਰੰਤ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਗਵਰਨਰ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਰਾਜਪਾਲ ਨੇ ਲੋੜਵੰਦ ਲਾਭਪਾਤਰੀਆਂ ਨੂੰ ਸਿਲਾਈ ਮਸ਼ੀਨਾਂ ਅਤੇ ਟਰਾਈ ਸਾਈਕਲ ਵੀ ਤਕਸੀਮ ਕੀਤੇ।

ਰਾਜ ਸਭਾ ਮੈਂਬਰ ਅਤੇ ਵਿਸ਼ਵ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਵਿਧਾਇਕ ਰਮਨ ਅਰੋੜਾ, ਵਿਧਾਇਕ ਸ਼ੀਤਲ ਅੰਗੁਰਾਲ, ਵਿਧਾਇਕ ਬਲਕਾਰ ਸਿੰਘ, ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ, ਡੀ.ਜੀ.ਪੀ. ਗੌਰਵ ਯਾਦਵ, ਡਵੀਜ਼ਨਲ ਕਮਿਸ਼ਨਰ ਗੁਰਪ੍ਰੀਤ ਕੌਰ ਸਪਰਾ, ਜ਼ਿਲ੍ਹਾ ਤੇ ਸੈਸ਼ਨਜ ਜੱਜ ਰੁਪਿੰਦਰਜੀਤ ਚਾਹਲ, ਏ.ਡੀ.ਜੀ.ਪੀ.(ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ, ਆਈ.ਜੀ. ਗੁਰਸ਼ਰਨ ਸਿੰਘ ਸੰਧੂ, ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਤੋਂ ਇਲਾਵਾ ਪੰਜਾਬ ਐਗਰੋ ਦੇ ਚੇਅਰਮੈਨ ਮੰਗਲ ਸਿੰਘ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਆਦਿ ਮੌਜੂਦ ਸਨ।

# ਜਮਹੂਰੀਅਤ ਵਾਲਾ ਮਾਹੌਲ ਸਿਰਜਣ ਲਈ ਯੋਗਦਾਨ ਦੇਣਾ ਹਰ ਨਾਗਰਿਕ ਦਾ ਫ਼ਰਜ਼ : ਪ੍ਰੋ. ਅਰਵਿੰਦ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਗਣਤੰਤਰ ਦਿਵਸ ਮੌਕੇ ਪੰਜਾਬੀ ਯੂਨੀਵਰਸਿਟੀ ਦੀ ਰਵਾਇਤ ਅਨੁਸਾਰ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਕੈਂਪਸ ਵਿਖੇ ਤਿਰੰਗਾ ਲਹਿਰਾਇਆ ਗਿਆ। ਹਰ ਸਾਲ ਵਾਂਗ ਇਸ ਵਾਰ ਵੀ ਯੂਨੀਵਰਸਿਟੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਇਸ ਮੌਕੇ ਹੋਣ ਵਾਲੀ ਪਰੇਡ ਵਿੱਚ ਭਾਗ ਲਿਆ।

ਤਿਰੰਗਾ ਲਹਿਰਾਏ ਜਾਣ ਦੀ ਰਸਮ ਉਪਰੰਤ ਸੈਨੇਟ ਹਾਲ ਵਿਖੇ ਇੱਕ ਸੰਖੇਪ ਪ੍ਰੋਗਰਾਮ ਕੀਤਾ ਗਿਆ ਜਿੱਥੇ ਵਾਈਸ-ਚਾਂਸਲਰ ਪ੍ਰੋ. ਅਰਵਿੰਦ ਸਮੂਹ ਹਾਜ਼ਰੀਨ ਨੂੰ ਸੰਬੋਧਤ ਹੋਏ। ਇਸ ਮੌਕੇ ਬੋਲਦਿਆਂ ਉਹਨਾਂ ਕਿਹਾ ਕਿ ਇਸ ਦਿਹਾੜੇ ਉੱਪਰ ਸਾਨੂੰ ਇਸ ਗੱਲ ਦਾ ਮਾਣ ਕਰਨਾ ਚਾਹੀਦਾ ਹੈ ਕਿ ਅਸੀਂ ਸਾਡੇ ਸੰਵਿਧਾਨ ਨਿਰਮਾਤਾ ਵੱਲੋਂ ਵਿਖਾਏ ਗਏ ਰਾਹਾਂ ਉੱਤੇ ਤੁਰ ਰਹੇ ਹਾਂ। ਉਹਨਾਂ ਕਿਹਾ ਕਿ ਸਾਨੂੰ ਸਾਡੇ ਦੇਸ ਜਾਂ ਦੇਸ ਵਿਚਲੇ ਜਿਸ ਕਿਸੇ ਵੀ ਅਦਾਰੇ ਵਿਚ ਅਸੀਂ ਵਿਚਰ ਰਹੇ ਹੋਈਏ ਓਥੇ ਅਸਲ ਅਰਥਾਂ ਵਿੱਚ ਜਮਹੂਰੀਅਤ ਵਾਲਾ ਮਾਹੌਲ ਸਿਰਜਣ ਵਿੱਚ ਆਪਣਾ ਭਰਵਾਂ ਯੋਗਦਾਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਚੰਗੇ ਨਾਗਰਿਕ ਹੋਣ ਦਾ ਫਰਜ਼ ਹੈ। ਇਸ ਮੌਕੇ ਉਨ੍ਹਾਂ ਦੇਸ ਅਤੇ ਯੂਨੀਵਰਸਿਟੀ ਨੂੰ ਹੋਰ ਬਿਹਤਰ ਬਣਾਉਣ ਲਈ ਆਪੋ ਆਪਣੇ ਹਿੱਸੇ ਦੇ ਕਾਰਜ ਹੋਰ ਵਧੇਰੇ ਜ਼ਿੰਮੇਦਾਰੀ ਨਾਲ਼ ਕਰਨ ਹਿਤ ਅਹਿਦ ਲੈਣ ਲਈ ਵੀ ਪ੍ਰੇਰਿਤ ਕੀਤਾ।

ਇਸ ਪ੍ਰੋਗਰਾਮ ਦਾ ਸੰਚਾਲਨ ਰਜਿਸਟਰਾਰ ਪ੍ਰੋ. ਨਵਜੋਤ ਕੌਰ ਨੇ ਕੀਤਾ ਜਦੋਂ ਕਿ ਧੰਨਵਾਦੀ ਸ਼ਬਦ ਡੀਨ ਅਕਾਦਮਿਕ ਮਾਮਲੇ ਪ੍ਰੋ. ਏ. ਕੇ. ਤਿਵਾੜੀ ਵੱਲੋਂ ਬੋਲੇ ਗਏ।ਇਸ ਵਾਰ ਇਸ ਪ੍ਰੋਗਰਾਮ ਵਿੱਚ ਪਬਲੀਕੇਸ਼ਨ ਬਿਊਰੋ ਵੱਲੋਂ ਤਿਆਰ ਕੀਤਾ ਗਿਆ 2023 ਦਾ ਯੂਨੀਵਰਸਿਟੀ ਕੈਲੰਡਰ ਵੀ ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪੰਜਾਬੀ ਦੇ ਸਿਰਮੌਰ ਸ਼ਾਇਰ ਵਾਰਿਸ ਸ਼ਾਹ ਦੀ 300 ਸਾਲਾ ਅਤੇ ਭਾਈ ਵੀਰ ਸਿੰਘ ਦੀ 150 ਸਾਲਾ ਜਨਮ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਇਸ ਵਾਰ ਦਾ ਕੈਲੰਡਰ ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਨਾਲ਼ ਸਜਾਇਆ ਗਿਆ ਹੈ। ਇਸ ਵਾਰ ਇਹ ਕੈਲੰਡਰ ਵਿੱਕਰੀ ਲਈ ਵੀ ਉਪਲਬਧ ਹੈ ਜਿਸ ਦੀ ਕੀਮਤ 20 ਰੁਪਏ ਹੈ। ਖਰੀਦਣ ਦੇ ਚਾਹਵਾਨ ਪਬਲੀਕੇਸ਼ਨ ਬਿਊਰੋ ਦਫ਼ਤਰ ਨਾਲ਼ ਸੰਪਰਕ ਕਰ ਸਕਦੇ ਹਨ।

# ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਵੀਰ ਸਿੰਘ ਨੇ ਮਾਨਸਾ ਵਿਖੇ ਲਹਿਰਾਇਆ ਕੌਮੀ ਝੰਡਾ

**ਮਾਨਸਾ, -**
**-ਰੋਜ਼ਾਨਾ ਸਵੇਰਾ-**

ਐਂਕਰ - ਗਣਤੰਤਰਤਾ ਦਿਹਾੜੇ ਮੌਕੇ ਮਾਨਸਾ ਦੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿੱਚ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਕੌਮੀ ਝੰਡਾ ਲਹਿਰਾਉਣ ਦੀ ਰਸਮ ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ ਡਾਕਟਰ ਬਲਵੀਰ ਸਿੰਘ ਨੇ ਅਦਾ ਕੀਤੀ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ। ਜਦੋਂ ਕਿ ਵੱਖ-ਵੱਖ ਵਿਭਾਗਾਂ ਵਲੋਂ ਸਰਕਾਰੀ ਸਕੀਮਾਂ ਅਤੇ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਕੱਢੀਆਂ ਗਈਆਂ ਅਤੇ ਸਕੂਲੀ ਬੱਚਿਆਂ ਵੱਲੋਂ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ।ਵੀ.ਓ. 1 - ਦੇਸ਼ ਦੇ 74ਵੇਂ ਗਣਤੰਤਰਤਾ ਦਿਹਾੜੇ ਮੌਕੇ ਮਾਨਸਾ ਦੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਕੈਬਿਨੇਟ ਮੰਤਰੀ ਡਾਕਟਰ ਬਲਵੀਰ ਸਿੰਘ ਨੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਪੰਜਾਬ ਪੁਲਿਸ, ਪੰਜਾਬ ਹੋਮ ਗਾਰਡਜ਼, ਐਨ.ਸੀ.ਸੀ., ਸਕਾਊਟਸ ਤੇ ਗਰਲ ਗਾਈਡਜ਼ ਅਤੇ ਫ਼ੌਜੀ ਬੈਂਡ ਦੀਆਂ ਟੁਕੜੀਆਂ ਵਲੋਂ ਸ਼ਾਨਦਾਰ ਮਾਰਚ ਪਾਸਟ ਤੋਂ ਸਲਾਮੀ ਲਈ। ਸਮਾਗਮ ਦੌਰਾਨ ਜਿੱਥੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵਲੋਂ ਜਿੱਥੇ ਮਾਸ ਪੀ.ਟੀ., ਡੰਬਲਜ਼ ਅਤੇ ਲੇਜ਼ੀਅਮ ਦਾ ਪ੍ਰਦਰਸ਼ਨ ਕੀਤਾ ਗਿਆ। ਉੱਥੇ ਸਕੂਲੀ ਬੱਚਿਆਂ ਵੱਲੋਂ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਗਣਤੰਤਰਤਾ ਦਿਵਸ ਸਮਾਰੋਹ ਦੌਰਾਣ ਵੱਖ-ਵੱਖ ਵਿਭਾਗਾਂ ਵਲੋਂ ਸਰਕਾਰੀ ਸਕੀਮਾਂ ਅਤੇ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਗਈਆਂ ਅਤੇ ਆਜਾਦੀ ਘੁਲਾਟੀਆਂ ਤੋਂ ਇਲਾਵਾ ਜੰਗੀ ਵਿਧਵਾਵਾਂ ਅਤੇ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਅਕਤੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਸ਼ਾਮਲ ਹੋਏ ਮਾਨਸਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਨੇ ਕਿਹਾ ਕਿ ਮੈਂ 74ਵੇਂ ਗਣਤੰਤਰ ਦਿਵਸ ਦੀ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਅੱਜ ਬਸੰਤ ਰੁੱਤ ਦੀ ਵੀ ਸ਼ੁਰੂਆਤ ਹੈ ਅਤੇ ਜਦੋਂ ਬਸੰਤ ਆਉਂਦੀ ਹੈ ਤਾਂ ਨਵੀਂ ਆਸ ਦੀ ਕਿਰਨ ਲੈ ਕੇ ਆਉਂਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੀ ਪੰਜਾਬ ਦੇ ਲੋਕਾਂ ਲਈ ਇੱਕ ਨਵੀਂ ਆਸ ਦੀ ਕਿਰਨ ਲੈ ਕੇ ਆਈ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਓ ਇਸ ਮੌਕੇ ਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਨੂੰ ਯਾਦ ਕਰੀਏ ਅਤੇ ਉਨ੍ਹਾਂ ਦੇ ਦਰਸਾਏ ਰਸਤੇ ਤੇ ਚੱਲ ਕੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿਚ ਅਆਪਣਾ ਯੋਗਦਾਨ ਪਾਈਏ।

# ਬੁੱਢਾ ਦਲ ਪਬਲਿਕ ਸਕੂਲ, ਪਟਿਆਲਾ ਨੇ ਮਨਾਇਆ ਗਣਤੰਤਰਤਾ ਦਿਵਸ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਬੁੱਢਾ ਦਲ ਪਬਲਿਕ ਸਕੂਲ, ਪਟਿਆਲਾ ਨੇ 26 ਜਨਵਰੀ 2023 ਨੂੰ ਗਣਤੰਤਰ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ।ਸਾਡੇ ਮਾਨਯੋਗ ਮੁੱਖ ਸਰਪ੍ਰਸਤ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ (ਅਕਾਲੀ) 96 ਕਰੋੜੀ ਅਤੇ ਸਕੂਲ ਪ੍ਰਧਾਨ ਸ਼੍ਰੀਮਤੀ ਸੁਖਵਿੰਦਰਜੀਤ ਕੌਰ ਨੇ ਗਣਤੰਤਰ ਦਿਵਸ ਤੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਭੇਜੀਆਂ।ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਅਤੇ ਵਿਦਿਆਰਥੀ ਦੇਸ਼ ਭਗਤੀ ਦੇ ਰੰਗ ਵਿੱਚ ਰੰਗੇ ਦਿਖਾਈ ਦਿੱਤੇ। ਝੰਡਾ ਲਹਿਰਾਉਣ ਦੀ ਰਸਮ ਸਕੂਲ ਨਿਰਦੇਸ਼ਕ ਅਤੇ ਸਲਾਹਕਾਰ ਐਡਵੋਕੇਟ ਕਰਨ ਰਾਜਬੀਰ ਸਿੰਘ ਜੀ ਵਲੋਂ ਕੀਤੀ ਗਈ ਅਤੇ ਉਨ੍ਹਾਂ ਦੇ ਨਾਲ ਇਸ ਮੌਕੇ ਡਾ. ਨਿਤਿਸ਼, ਸਕੂਲ ਪ੍ਰਿੰਸੀਪਲ ਸ਼੍ਰੀਮਤੀ ਹਰਪ੍ਰੀਤ ਕੌਰ ਜੀ ਅਤੇ ਜੂਨੀਅਰ ਵਿੰਗ ਇੰਚਾਰਜ ਸ਼੍ਰੀਮਤੀ ਅਮਨਦੀਪ ਕੌਰ ਵੀ ਸਨ।

ਇਸ ਤੋਂ ਬਾਅਦ ਸਕੂਲ ਦੇ ਕੋਆਇਰ ਗਰੁੱਪ ਦੁਆਰਾ ਦੇਸ਼ ਭਗਤੀ ਦੇ ਗੀਤਾਂ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ ਗਈ।ਵਿਦਿਆਰਥੀਆਂ ਵੱਲੋਂ ਗਣਤੰਤਰ ਦਿਵਸ ਨਾਲ ਸਬੰਧਿਤ ਝਾਕੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਰਾਜਾਂ ਦੇ ਲੋਕ ਨਾਚ ਵੀ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਇੰਟਰ ਹਾਊਸ ਫੂਡ ਕਾਰਨੀਵਲ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਰਾਜਾਂ ਦੇ ਖਾਣ-ਪੀਣ ਦੀਆਂ ਵਸਤੂਆਂ ਦੀ ਪ੍ਰਦਰਸ਼ਨੀ ਲਗਾਈ ਗਈ।ਬਸੰਤ ਪੰਚਮੀ ਦੇ ਮੌਕੇ 'ਤੇ ਪਤੰਗ ਉਡਾਉਣ ਦੀ ਗਤੀਵਿਧੀ ਵੀ ਕਰਵਾਈ ਗਈ।ਅੰਤ ਵਿੱਚ, ਵਿਦਿਆਰਥੀਆਂ ਨੇ ਅਨੇਕਤਾ ਵਿੱਚ ਏਕਤਾ ਨੂੰ ਦਰਸਾਉਂਦਾ ਗੀਤ ÷ਮਿਲੇ ਸੁਰ ਮੇਰਾ ਤੁਮਾਰਾ÷ ਗਾਇਆ। ਵੰਨ-ਸੁਵੰਨੇ ਸੱਭਿਆਚਾਰ, ਭਾਸ਼ਾਵਾਂ, ਧਰਮਾਂ ਅਤੇ ਪਰੰਪਰਾਵਾਂ ਹੋਣ ਦੇ ਬਾਵਜੂਦ ਸਾਰਿਆਂ ਨੇ ਇਕਜੁੱਟਤਾ ਦਾ ਪ੍ਰਮਾਣ ਦਿੱਤਾ।ਸਮਾਗਮ ਦੀ ਸਮਾਪਤੀ ਰਾਸ਼ਟਰੀ ਗਾਨ ਗਾ ਕੇ ਕੀਤੀ ਗਈ।

# ਸੱਤਿਆ ਭਾਰਤੀ ਸਕੂਲ ਲੱਖੋਵਾਲ ਕਲਾਂ ਨੇ ਨੈਸ਼ਨਲ ਗਰਲ ਚਾਇਲਡ ਡੇ ਮਨਾਇਆ

**ਮਾਛੀਵਾੜਾ ਸਾਹਿਬ,**
**-ਰੋਜ਼ਾਨਾ ਸਵੇਰਾ-**

ਮਾਛੀਵਾੜਾ ਸਾਹਿਬ ਦੇ ਨਜ਼ਦੀਕ ਪਿੰਡ ਲੱਖੋਵਾਲ ਕਲਾਂ ਵਿਖੇ ਸੱਤਿਆ ਭਾਰਤੀ ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਨਾਲ ਲੈ ਕੇ ਨੈਸ਼ਨਲ ਗਰਲ ਚਾਇਲਡ ਡੇ ਮਨਾਇਆ ਇਸ ਮੌਕੇ ਉਨ੍ਹਾਂ ਨੇ ਸਕੂਲ ਦੇ ਬੱਚਿਆਂ ਨੂੰ ਵੀ ਨਾਲ ਲੈ ਕੇ ਮਾਛੀਵਾੜਾ ਸਾਹਿਬ ਵਿਖੇ ਇੱਕ ਰੈਲੀ ਵੀ ਕੱਢੀ ਉਨ੍ਹਾਂ ਨੇ ਬੱਚਿਆਂ ਦੇ ਮਾਪਿਆਂ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਕਿ ਸਾਨੂੰ ਲੜਕੀਆਂ ਨੂੰ ਕੁੱਖ ਵਿੱਚ ਨਹੀਂ ਮਾਰਨਾ ਚਾਹੀਦਾ ਉਨ੍ਹਾਂ ਨੂੰ ਉੱਚ ਸਿੱਖਿਆ ਦੇ ਕੇ ਇਸ ਕਾਬਲ ਬਣਾਉਣਾ ਚਾਹੀਦਾ ਹੈ ਕਿ ਉਹ ਵਿੱਚ ਆਪਣੇ ਪੈਰਾਂ ਤੇ ਖੜ੍ਹੀ ਹੋ ਕੇ ਆਪਣੇ ਮਾਤਾ ਪਿਤਾ ਦਾ ਅਤੇ ਆਪਣੇ ਇਲਾਕੇ ਦਾ ਨਾਮ ਬੁਲੰਦੀਆਂ ਤੱਕ ਪਹੁੰਚਾ ਸਕੇ ।

ਇਸ ਮੌਕੇ ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ਵ ਦੀਆਂ ਮਹਾਨ ਮਹਿਲਾਵਾਂ ਦੀਆਂ ਵੀਡੀਓ ਦਿਖਾ ਕੇ ਜਾਗਰੂਕ ਕੀਤਾ ਹੈ ਦੇਖੋ ਪਹਿਲਾਂ ਸਮੇਂ ਵਿੱਚ ਔਰਤਾਂ ਨੇ ਵੱਡੀਆਂ ਪ੍ਰਾਪਤੀਆਂ ਕਰਕੇ ਆਪਣੇ ਦੇਸ਼ ਦਾ ਨਾਂ ਉਚਾ ਚੁਕਿਆ ਹੈ। ਇਸ ਲਈ ਜੇਕਰ ਸਾਡੀਆਂ ਲੜਕੀਆਂ ਵੀ ਪੜ੍ਹ ਕੇ ਉੱਚੇ ਅਹੁਦਿਆਂ ਤੇ ਲੱਗਣਗੀਆਂ ਤਾਂ ਸਾਨੂੰ ਮਾਣ ਹੋਵੇਗਾ ਅਤੇ ਉਨ੍ਹਾਂ ਦਾ ਨਾਮ ਵੀ ਵਿਸ਼ਵ ਦੀਆਂ ਮਹਾਨ ਔਰਤਾਂ ਵਿੱਚ ਇੱਕ ਹੋਵੇਗਾ।

ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਤੇ ਏਕਤਾ ਸ਼ਰਮਾ ਦੇ ਨਾਲ ਸਕੂਲ ਸਟਾਫ ਰਮਨ ਕੁਮਾਰ, ਮਨਦੀਪ ਕੌਰ, ਬਲਜੀਤ ਕੌਰ, ਹਰਪ੍ਰੀਤ ਕੌਰ ਅਤੇ ਗੁਰਜੀਤ ਕੌਰ ਹਾਜ਼ਰ ਸਨ।

# ਪਤੰਗ ਉਡਾਉਣ ਵਾਲਿਆਂ ਨੂੰ ਅਪੀਲ ਚਾਈਨਾ ਡੋਰ ਦੀ ਵਰਤੋ ਨਾ ਕਰੋ ਸਰਕਾਰ ਤੇ ਪੁਲਿਸ ਦਾ ਸਹਿਯੋਗ ਕਰੋ-ਵਿਧਾਇਕ ਜਗਤਾਰ ਸਿੰਘ ਦਿਆਲਪੁਰਾ

**ਮਾਛੀਵਾੜਾ ਸਾਹਿਬ,**
**-ਰੋਜ਼ਾਨਾ ਸਵੇਰਾ-**

ਆਮ ਆਦਮੀ ਪਾਰਟੀ ਦੇ ਸਮਰਾਲਾ ਹਲਕੇ ਤੋ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਖਾਸ ਕਰ ਆਪਣੇ ਹਲਕੇ ਦੇ ਨੋਜਵਾਨਾ ਨੂੰ ਚਾਇਨਾ ਡੋਰ ਦੀ ਵਰਤੋ ਨਾ ਕਰਨ ਦੀ ਅਪੀਲ ਕਰਦਿਆ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕਰਨ ਲਈ ਕਿਹਾ ਹੈ। ਆਪਣੇ ਹਲਕੇ ਦੇ ਨੌਜਵਾਨਾਂ ਪੁਰਜੋਰ ਅਪੀਲ ਕਰਦਿਆ ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਉਹ ਮੇਰੇ ਭਰਾ ਜਿਹੜੇ ਪਤੰਗਬਾਜ਼ੀ ਕਰਨ ਦੇ ਸੌਕੀਨ ਵੀ ਹਨ, ਉਹ ਵੀ ਧਾਗੇ ਵਾਲੀ ਡੋਰ ਦੀ ਵਰਤੋ ਕਰਕੇ ਪਤੰਗਬਾਜੀ ਕਰਨ ਅਤੇ ਆਉਣ ਵਾਲੇ ਤਿਉਹਾਰ ਬਸੰਤ ਪੰਚਮੀ ਦਾ ਆਨੰਦ ਮਾਨਣ ਤੇ ਚਾਇਨਾ ਡੋਰ ਦੀ ਵਰਤੋ ਨਾ ਕਰਨ। ਉਨ੍ਹਾ ਕਿਹਾ ਕਿ ਇਹ ਚਾਇਨਾ ਡੋਰ ਤਾਂ ਵਿਅਕਤੀ ਨੂੰ ਮੌਕੇ ਤੇ ਹੀ ਮੌਤ ਵਰਗੀ ਸਥੀਤੀ ਬਣ ਜਾਦੀਂ ਹੈ। ਜਦੋ ਤੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਜਾਦਾਂ ਹੈ ਉਦੋ ਤੱਕ ਉਸਦਾ ਬੁਹਤ ਮਾਤਰਾ ਵਿੱਚ ਖੂਨ ਬਹਿ ਜਾਦਾਂ ਤੇ ਵਿਅਕਤੀ ਅਣਜਾਨੀ ਮੌਤ ਹੀ ਮਰ ਜਾਦਾਂ ਹੈ। ਉਨ੍ਹਾ ਆਪਣੇ ਹਲਕੇ ਵਿੱਚ ਹੋਈਆ ਦੋ ਤੋ ਤਿੰਨ ਵੱਡੀਆ ਦੁਰਘਟਨਾਵਾਂ ਦੀ ਗੱਲ ਕਰਦਿਆ ਕਿਹਾ ਕਿ ਹਿੱਕ ਛੋਟੇ ਜਿਹੇ ਬੱਚੇ ਨੂੰ ਡੋਰ ਦੇ ਕਟੱਣ ਨਾਲ 70 ਟਾਂਕੇ ਸਟਿਚਿੰਗ ਲਗਾ ਕੇ ਬਚਾਇਆ ਗਿਆ ਜਿਸ ਦਾ ਮੌਕੇ ਤੇ ਹੀ ਇਲਾਜ ਹੋ ਗਿਆ,ਜੇਕਰ ਅਜਿਹੀ ਘਟਨਾ ਹਲਕੇ ਦੇ ਛੋਟੇ ਜਿਹੇ ਪਿੰਡ ਵਿੱਚ ਹੁੰਦੀ ਹੈ ਤਾਂ ਸ਼ਹਿਰ ਤੱਕ ਪਹੁੰਚਣ ਕੇ ਇਲਾਜ ਕਰਨਾ ਵੀ ਮੁਸਕਿਲ ਹੋ ਜਾਦਾ ਹੈ। ਹਲਕੇ ਦੇ ਨੌਜਵਾਨਾ ਨੂੰ ਅਗਾਹ ਕਰਦਿਆ ਉਨ੍ਹਾਂ ਕਿਹਾ ਕਿ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੇ ਇਸ ਸਬੰਧੀ ਸ਼ਖਤ ਕਾਨੂੰਨ ਬਣਾ ਕੇ ਸ਼ਖਤੀ ਤਾਂ ਕੀਤੀ ਹੋਈ ਹੈ,ਜੇਕਰ ਪਤੰਗਬਾਜ਼ੀ ਕਰਨ ਵਾਲੇ ਵੀਰ ਅਤੇ ਬੱਚਿਆ ਨੂੰ ਉਨ੍ਹਾਂ ਮਾਪੇ ਵੀ ਅਜਿਹੀ ਮਾੜੀ ਡੋਰ ਨਾ ਲੈਣ ਲਈ ਪ੍ਰੇਰਿਤ ਕਰਨ ਤਾਂ ਪੁਲਿਸ ਤੇ ਸਰਕਾਰ ਦਾ ਸਹਿਯੋਗ ਵੀ ਹੋਵੇਗਾ। ਪੁਲਿਸ ਨੇ ਚਾਇਨਾ ਡੋਰ ਵਰਤਣ ਵਾਲੇ ਸਰਾਰਤੀ ਅਨਸਰਾ ਦੇ ਵਿਰੁੱਧ ਸ਼ਖਤੀ ਨਾਲ ਪੇਸ ਆਉਣ ਦੀ ਵੀ ਗੱਲ ਕਹੀ ਹੈ।

# ਇੰਪਰੂਵਮੈਂਟ ਟਰੱਸਟ ਨਾਭਾ ਦੇ ਨਵ ਨਿਯੁਕਤ ਚੇਅਰਮੈਨ ਸੁਰਿੰਦਰਪਾਲ ਸਰਮਾ ਕਨੇਡਾ ਤੋਂ ਪਰਤੇ




**ਨਾਭਾ,**
**-ਰੋਜ਼ਾਨਾ ਸਵੇਰਾ-**

ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਸਰਕਾਰ ਵਲੋਂ ਪਿਛਲੇ ਦਿਨੀ ਇੰਪਰੂਵਮੈਂਟ ਟਰੱਸਟ ਨਾਭਾ ਦੇ ਨਿਯੁਕਤ ਕੀਤੇ ਗਏ ਚੇਅਰਮੈਨ ਸੁਰਿੰਦਰਪਾਲ ਸਰਮਾ ਦਾ ਅੱਜ ਕਨੇਡਾ ਤੋਂ ਵਾਪਿਸ ਪਰਤਣ ਤੇ ਜ਼ਿਲ੍ਹਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ, ਆਪ ਦੇ ਸਹਿਰੀ ਪ੍ਰਧਾਨ ਅਸ਼ੋਕ ਅਰੋੜਾ, ਰਮੇਸ਼ ਤਲਵਾੜ, ਜਸਵੰਤ ਸਿੰਘ ਕਪੂਰ ਅਤੇ ਹਰਵੀਰ ਸਿੰਘ ਢੀਂਡਸਾ ਦੀ ਅਗਵਾਈ ਹੇਠ ਆਪ ਵਲੰਟੀਅਰਾਂ ਵਲੋਂ ਉਨਾਂ ਦਾ ਚੇਅਰਮੈਨ ਬਣਨ ਤੇ ਸਨਮਾਨ ਕੀਤਾ ਅਤੇ ਗੁਲਦਸਤਾ ਦੇ ਕੇ ਵਧਾਈ ਦਿੱਤੀ।

ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਆਮ ਆਦਮੀ ਪਾਰਟੀ ਦੇ ਮਿਹਨਤੀ ਆਗੂਆ ਅਤੇ ਵਲੰਟੀਅਰਾਂ ਨੂੰ ਵੱਡੀਆ ਜਿਮੇਂਵਾਰੀਆ ਦਿੱਤੀਆ ਜਾ ਰਹੀਆ ਹਨ।

ਜਿਸ ਤਹਿਤ ਮੁੱਖ ਮੰਤਰੀ ਭਗਵੰਤ ਮਾਨ ਉਨਾਂ ਵਲੋਂ ਸੁਰਿੰਦਰਪਾਲ ਸਰਮਾ ਨੂੰ ਇੰਪਰੂਵਮੈਂਟ ਟਰੱਸਟ ਨਾਭਾ ਦਾ ਚੇਅਰਮੈਨ ਬਣਾ ਕੇ ਉਨਾਂ ਨੂੰ ਜਿਮੇਂਵਾਰੀ ਦਿੱਤੀ ਗਈ ਹੈ। ਇੰਪਰੂਵਮੈਂਟ ਟਰੱਸਟ ਦੇ ਨਵ ਨਿਯੁਕਤ ਚੇਅਰਮੈਨ ਸੁਰਿੰਦਰਪਾਲ ਸਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਵਲੋਂ ਜੋ ਮੈਨੂੰ ਜਿਮੇਂਵਾਰੀ ਸੌਂਪੀ ਗਈ ਹੈ ਉਹ ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਯੁਵਿਨ ਬਾਂਸਲ, ਮਹੇਸ਼ ਸਿੰਗਲਾ, ਲਾਡੀ ਖਹਿਰਾ, ਹਰਪ੍ਰੀਤ ਸਿੰਘ ਭੁੱਲਰ, ਇੰਦਰਵੀਰ ਸਿੰਘ ਖੱਟੜਾ ਤੇ ਵਰਿੰਦਰ ਸਿੰਘ ਖਹਿਰਾ ਆਦਿ ਮੌਜੂਦ ਸਨ।

# ਅਰਸ਼ ਡਾਲਾ ਦੇ ਨਾਂ 'ਤੇ ਫਿਰੌਤੀ ਲੈਣ ਆਏ ਗੈਂਗਸਟਰਾਂ ਦਾ ਪੁਲੀਸ ਨਾਲ ਮੁਕਾਬਲਾ

**ਜਗਰਾਉਂ,**
**-ਰੋਜ਼ਾਨਾ ਸਵੇਰਾ-**

ਦੇਸ਼ ਦੇ ਗ੍ਰਹਿ ਮੰਤਰਾਲੇ ਵੱਲੋਂ ਹਾਲ ਹੀ 'ਚ ਅਤਿਵਾਦੀ ਐਲਾਨੇ ਕੈਨੇਡਾ ਰਹਿੰਦੇ ਗੈਂਗਸਟਰ ਅਰਸ਼ ਡਾਲਾ ਦੇ ਨਾਂ 'ਤੇ ਜਗਰਾਉਂ ਦੇ ਵਪਾਰੀ ਤੋਂ ਫਿਰੌਤੀ ਲੈਣ ਆਏ ਦੋ ਨੌਜਵਾਨਾਂ ਦਾ ਇਥੇ ਪੁਲੀਸ ਨਾਲ ਮੁਕਾਬਲਾ ਹੋ ਗਿਆ। ਪੁਲੀਸ ਵੱਲੋਂ ਕੀਤੀ ਗੋਲੀਬਾਰੀ 'ਚ ਮੋਟਰਸਾਈਕਲ 'ਤੇ ਸਵਾਰ ਇਕ ਮੁਲਜ਼ਮ ਦੀ ਲੱਤ 'ਚ ਗੋਲੀ ਵੱਜੀ ਹੈ, ਜਦਕਿ ਦੂਜਾ ਮੌਕੇ ਤੋਂ ਫ਼ਰਾਰ ਹੋ ਗਿਆ। ਇਥੋਂ ਦੀ ਨਹਿਰੂ ਮਾਰਕੀਟ 'ਚ ਥੋਕ ਦੇ ਕਰਿਆਨਾ ਵਪਾਰੀ ਭਰਾਵਾਂ ਤੋਂ ਫੋਨ 'ਤੇ ਅਰਸ਼ ਡਾਲਾ ਦੇ ਨਾਂ 'ਤੇ 30 ਲੱਖ ਦੀ ਫਿਰੌਤੀ ਮੰਗੀ ਗਈ ਸੀ।

ਕਈ ਵਾਰ ਫੋਨ ਆਉਣ 'ਤੇ ਅਖੀਰ ਡੇਢ ਲੱਖ ਰੁਪਏ ਦੇਣ ਦੀ ਗੱਲ ਤੈਅ ਹੋਈ। ਦੋਵੇਂ ਵਪਾਰੀ ਭਰਾਵਾਂ ਨੇ ਇਸ ਦੀ ਜਾਣਕਾਰੀ ਪੁਲੀਸ ਨੂੰ ਦੇ ਦਿੱਤੀ। ਫਿਰੌਤੀ ਦੀ ਰਕਮ ਦੇਣ ਲਈ ਮਿਥੀ ਥਾਂ ਪਿੰਡ ਕੋਠੇ ਖੰਜੂਰਾਂ ਬਾਈਪਾਸ ਤੋਂ ਹਾਈਵੇਅ ਨੂੰ ਜਾਂਦੀ ਸੜਕ 'ਤੇ ਜਦੋਂ ਮੋਟਰਸਾਈਕਲ ਸਵਾਰ ਦੋਵੇਂ ਮੁਲਜ਼ਮ ਆਏ ਤਾਂ ਪੁਲੀਸ ਨੇ ਉਥੇ ਪਹਿਲਾਂ ਹੀ ਜਾਲ ਵਿਛਾਇਆ ਹੋਇਆ ਸੀ। ਸੀਆਈਏ ਸਟਾਫ਼ ਨੇ ਪੁਲੀਸ ਅਧਿਕਾਰੀ ਦੀ ਅਗਵਾਈ ਹੇਠ ਇਲਾਕੇ ਨਾਕਾਬੰਦੀ 'ਚ ਕੀਤੀ ਹੋਈ ਸੀ, ਜਿਵੇਂ ਹੀ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀ ਫਿਰੌਤੀ ਦੀ ਰਕਮ ਲੈਣ ਆਏ ਤਾਂ ਪੁਲੀਸ ਨੇ ਉਨ੍ਹਾਂ ਨੂੰ ਘੇਰ ਲਿਆ। ਵੇਰਵਿਆਂ ਮੁਤਾਬਕ ਪੁਲੀਸ ਨੂੰ ਦੇਖ ਕੇ ਮੁਲਜ਼ਮਾਂ ਨੇ ਪੁਲੀਸ 'ਤੇ ਗੋਲੀ ਚਲਾਈ ਅਤੇ ਜਵਾਬ 'ਚ ਪੁਲੀਸ ਵੱਲੋਂ ਚਲਾਈ ਗੋਲੀ ਮੋਟਰਸਾਈਕਲ ਦੇ ਪਿੱਛੇ ਬੈਠੇ ਮੁਲਜ਼ਮ ਦੀ ਲੱਤ 'ਚ ਲੱਗੀ ਅਤੇ ਉਹ ਮੋਟਰਸਾਈਕਲ ਤੋਂ ਥੱਲੇ ਡਿੱਗ ਪਿਆ, ਜਿਸ ਨੂੰ ਪੁਲੀਸ ਨੇ ਕਾਬੂ ਕਰ ਲਿਆ। ਮੋਟਰਸਾਈਕਲ ਚਲਾ ਰਿਹਾ ਦੂਜਾ ਮੁਲਜ਼ਮ ਭੱਜਣ 'ਚ ਕਾਮਯਾਬ ਰਿਹਾ। ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਮੁਲਜ਼ਮ ਨੂੰ ਜਗਰਾਉਂ ਦੇ ਸਿਵਲ ਹਸਪਤਾਲ 'ਚ ਇਲਾਜ ਲਈ ਲਿਜਾਇਆ ਗਿਆ ਹੈ।

# ਸ਼ੇਖਾਵਤ ਵੱਲੋਂ ਜਿਲ੍ਹਾ ਪ੍ਰਧਾਨ ਰਵੀਪ੍ਰੀਤ ਸਿੱਧੂ ਦੇ ਗ੍ਰਹਿ ਵਿਖੇ ਵਰਕਰ ਮਿਲਣੀ,ਲੋਕ ਸਭਾ ਚੋਣਾਂ ਲਈ ਡਟਨ ਦਾ ਸੱਦਾ

**ਰਾਮਾਂ ਮੰਡੀ , -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਕੇਂਦਰੀ ਜਲ ਸਰੋਤ ਮੰਤਰੀ ਅਤੇ ਸੀਨੀਅਰ ਭਾਜਪਾ ਆਗੂ ਗਜੇਂਦਰ ਸਿੰਘ ਸ਼ੇਖਾਵਤ ਨੇ ਅੱਜ ਇਤਿਹਾਸਿਕ ਨਗਰ ਤਲਵੰਡੀ ਸਾਬੋ ਦਾ ਦੌਰਾ ਕਰਦਿਆਂ ਜਿਲ੍ਹਾ ਭਾਜਪਾ ਦਿਹਾਤੀ ਪ੍ਰਧਾਨ ਰਵੀਪ੍ਰੀਤ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਵਰਕਰ ਮਿਲਣੀ ਕੀਤੀ।ਉਕਤ ਮਿਲਣੀ ਵਿੱਚ ਜਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਦੇ ਨਾਲ ਨਾਲ ਵੱਡੀ ਗਿਣਤੀ ਵਰਕਰਾਂ ਨੇ ਵੀ ਸ਼ਮੂਲੀਅਤ ਕੀਤੀ।ਵਰਕਰਾਂ ਨੂੰ ਸੰਬੋਧਨ ਦੌਰਾਨ ਕੇਂਦਰੀ ਮੰਤਰੀ ਨੇ ਪਿਛਲੇ ਤਕਰੀਬਨ ਸਾਢੇ ਅੱਠ ਸਾਲਾਂ ਦੇ ਕਾਰਜਕਾਲ ਦੌਰਾਨ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਪੰਜਾਬ ਦੇ ਹਿਤਾਂ ਲਈ ਕੀਤੇ ਕਾਰਜਾਂ ਬਾਰੇ ਦੱਸਦਿਆਂ ਵਰਕਰਾਂ ਨੂੰ ਉਕਤ ਕਾਰਜ ਲੋਕਾਂ ਤੱਕ ਲੈਜਾਣ ਦੀ ਅਪੀਲ ਕੀਤੀ।ਉਨਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖ ਹਿਤੈਸ਼ੀ ਹਨ ਅਤੇ ਇਹ ਉਨਾਂ ਨੇ ਸਮੇਂ ਸਮੇਂ ਸਾਬਿਤ ਵੀ ਕੀਤਾ ਹੈ।ਜਿੱਥੇ ਉਨਾਂ ਨੇ ਸਿੱਖਾਂ ਦੀ ਸਭ ਤੋਂ ਪੁਰਾਣੀ ਮੰਗ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਿਆ ਉੱਥੇ ਨਵੰਬਰ 1984 ਸਿੱਖ ਕਤਲੇਆਮ ਦੇ



ਦੋਸ਼ੀਆਂ ਨੂੰ ਜੇਲ੍ਹਾਂ ਤੱਕ ਪਹੁੰਚਾਇਆ,ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣਾ ਆਰੰਭ ਕੀਤਾ ਤਾਂ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ 400 ਸਾਲ੍ਹਾ ਸ਼ਹੀਦੀ ਪੁਰਬ ਕੌਮੀ ਪੱਧਰ ਤੇ ਮਨ੍ਹਾਇਆ।ਉਨਾਂ ਨੇ ਕਾਂਗਰਸ ਤੇ ਹੱਲਾ ਬੋਲਦਿਆਂ ਜਿੱਥੇ ਇਸਨੂੰ ਦੇਸ਼ ਦੇ ਵਿਕਾਸ ਲਈ ਘਾਤਕ ਦੱਸਿਆ ਉੱਥੇ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿੱਤੀ ਬਦਤਰ ਹੈ ਅਤੇ ਸੂਬੇ ਦੇ ਸਨਅਤਕਾਰ ਹਿਮਾਚਲ,ਯੂ.ਪੀ ਅਤੇ ਰਾਜਸਥਾਨ ਵਰਗੇ ਸੂਬਿਆਂ ਦਾ ਰੁਖ ਕਰ ਰਹੇ ਹਨ।ਉਨਾਂ ਕਿਹਾ ਕਿ ਪੰਜਾਬ ਵਿੱਚ ਗੈਂਗਸਟਰਵਾਦ ਚਰਮ ਤੇ ਹੈ ਅਤੇ ਆਮ ਬੰਦਾ ਵੀ ਫੋਨ ਚੁੱਕਣ ਸਮੇਂ ਇਹ ਸੋਚਣ ਲੱਗ ਗਿਆ ਹੈ ਕਿ ਕਿਤੇ ਫਿਰੌਤੀ ਲਈ ਤਾਂ ਫੋਨ ਨਹੀ ਆਇਆ ਜਦੋਂਕਿ ਸੂਬੇ ਦੇ ਨੌਜਵਾਨ ਤੇਜ਼ੀ ਨਾਲ ਨਸ਼ਾਗ੍ਰਸਤ ਹੋ ਰਹੇ ਅਤੇ ਮੌਜੂਦਾ 'ਆਪ' ਸਰਕਾਰ ਹਰ ਫਰੰਟ ਤੇ ਫੇਲ ਰਹੀ ਹੈ।ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੇਂਦਰੀ ਮੰਤਰੀ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਸਵਾਲ ਤੇ ਕਿਹਾ ਕਿ ਸਾਡੇ ਕੋਲ 11 ਸਿੱਖ ਬੰਦੀਆਂ ਦੀ ਸੂਚੀ ਸੀ ਜੋ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਚ ਬੰਦ ਸਨ ਜਿਨ੍ਹਾਂ ਚੋਂ 2 ਨੂੰ ਛੱਡ ਕੇ ਬਾਕੀ ਸਾਰੇ ਰਿਹਾਅ ਹੋ ਚੁੱਕੇ ਹਨ ਹੁਣ ਜੋ ਸੂਚੀ ਸਾਨੂੰ ਮੁੱਹਈਆ ਕਰਵਾਈ ਗਈ ਹੈ ਉਸ ਬਾਰੇ ਫੈਸਲਾ ਜਲਦ ਲਵਾਂਗੇ।ਕੇਂਦਰੀ ਮੰਤਰੀ ਨੇ ਇਸ ਮੌਕੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਜ਼ੋਰ ਸ਼ੋਰ ਨਾਲ ਡਟ ਜਾਣ ਤਾਂਕਿ2024 ਚ ਇੱਕ ਵਾਰ ਫਿਰ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਚ ਭਾਜਪਾ ਸਰਕਾਰ ਦਾ ਗਠਨ ਕੀਤਾ ਜਾ ਸਕੇ। ਉੱਧਰ ਇਸ ਮੌਕੇ 1977 ਚ ਵਿਧਾਨ ਸਭਾ ਹਲਕਾ ਪੱਕਾ ਕਲਾਂ ਤੋਂ ਅਕਾਲੀ ਵਿਧਾਇਕ ਰਹੇ ਮਰਹੂਮ ਸੁਖਦੇਵ ਸਿੰਘ ਸੁਖਲੱਧੀ ਦੇ ਸਪੁੱਤਰ ਹਰਬੰਸ ਸਿੰਘ ਨੇ ਭਾਜਪਾ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਜਿਸਦਾ ਸ਼ੇਖਾਵਤ ਨੇ ਸਵਾਗਤ ਕੀਤਾ।ਵਰਕਰ ਮਿਲਣੀ ਚ ਸੀ.ਭਾਜਪਾ ਆਗੂ ਦਿਆਲ ਸੋਢੀ,ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ,ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ,ਰਾਜ ਨੰਬਰਦਾਰ ਬਠਿੰਡਾ,ਗੁਰਬਿੰਦਰ ਸਿੰਘ ਭਗਤਾ,ਮੱਖਣ ਜਿੰਦਲ,ਗੋਪਾਲ ਕ੍ਰਿਸ਼ਨ,ਯਸ਼ਪਾਲ ਡਿੰਪੀ,ਮਨਜੀਤ ਸਿੰਘ ਠੇਕੇਦਾਰ,ਸਰਦੂਲ ਸਿੰਘ ਰਿਟਾ. ਲੋਕ ਭਲਾਈ ਅਫਸਰ,ਮੋਹਣ ਲਾਲ ਸ਼ਰਮਾਂ,ਹਰਤਾਬਲ ਸਿੰਘ ਸੁੱਖੀ,ਲਾਡੀ ਜੰਬਰ ਬਸਤੀ,ਰਾਕੇਸ਼ ਮਹਾਜਨ ਆਦਿ ਆਗੂ ਮੌਜੂਦ ਸਨ।

# ਚੌਥਾ ਦਰਜਾ ਮੁਲਾਜਮਾਂ ਵਲੋਂ ਰੋਸ ਇਕੱਠ ਕਰਕੇ ਮੰਤਰੀਆਂ ਨੂੰ ਸੌਂਪੇ ਮੰਗ ਪੱਤਰ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਦੇਸ਼ ਦੇ 74ਵੇਂ ਗਣਤੰਤਰ ਦਿਵਸ ਤੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੇ ਚੌਥਾ ਦਰਜਾ ਕਰਮਚਾਰੀਆਂ, ਪੈਨਸ਼ਨਰਾਂ, ਕੰਟਰੈਕਟ, ਡੇਲੀਵੇਜਿਜ਼, ਵਰਕਚਾਰਜ, ਸਮੇਤ ਪਾਰਟ ਟਾਇਮ ਕਰਮੀਆਂ ਨੇ ਆਪਣੀਆਂ ਚਿਰਾਂ ਤੋਂ ਲਟਕਦੀਆਂ ਮੰਗਾ ਨੂੰ ਲੈ ਕੇ ਜਿਲਾ ਸਦਰ ਮੁਕਾਮਾ ਤੇ ਵੱਡੇ ਇਕੱਠ ਕਰਕੇ ਝੰਡਾ ਲਹਿਰਾਉਣ ਆਏ ਮੰਤਰੀਆਂ ਜਿੱਥੇ ਮੰਤਰੀ ਨਹੀਂ ਆਏ ਉੱਥੇ ਜਿਲਾ ਪ੍ਰਸ਼ਾਸ਼ਨ ਨੂੰ ਯਾਦ ਪੱਤਰ ਸੌਂਪੇ ਗਏ, ਇਸ ਮੋਕੇ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੇ ਆਗੂ ਤੇ ਮੈਂਬਰਜ਼ ਵੀ ਸ਼ਾਮਲ ਹੋਏ। ਇਸ ਮੌਕੇ ਤੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਚੇਅਰਮੈਨ ਸੁਖਦੇਵ ਸਿੰਘ ਸੁਰਤਾਪੁਰੀ, ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾ, ਜਨਰਲ ਸਕੱਤਰ ਬਲਜਿੰਦਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਪਾਲ ਉੱਘੀ ਆਦਿ ਆਗੂਆਂ ਨੇ ਐਲਾਨ ਕੀਤਾ ਕਿ ਮੁਲਾਜਮਾਂ ਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਵਲੋਂ ਮਿਤੀ 29 ਜਨਵਰੀ ਨੂੰ ਮੁੱਖ ਮੰਤਰੀ ਦੇ ਹਲਕੇ ਸੰਗਰੂਰ ਵਿਖੇ ਐਲਾਨੀ ਰੈਲੀ ਅਤੇ ਰੋਸ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਚੌਥਾ ਦਰਜਾ ਤੇ ਕੱਚਾ ਮੁਲਾਜਮਾਂ ਸ਼ਾਮਲ ਹੋਵੇਗਾ। ਇਹਨਾਂ ਆਗੂਆਂ ਨੇ ਮੰਤਰੀਆਂ ਨੂੰ ਜਿਹਨਾ ਮੰਗਾਂ ਦਾ ਯਾਦ ਪੱਤਰ ਮੁੱਖ ਮੰਤਰੀ, ਵਿੱਤ ਮੰਤਰੀ ਅਤੇ ਮੁੱਖ ਸਕੱਤਰ ਦੇ ਨਾਵਾਂ ਦਿੱਤਾ ਉਹਨਾਂ ਵਿੱਚ ਮੁੱਖ ਮੰਗਾਂ ਸਾਰੇ ਵਰਗਾ ਦੇ ਕੱਚੇ ਕਰਮਚਾਰੀਆਂ ਬਿਨਾਂ ਕਿਸੇ ਭੇਦ ਭਾਓ ਤੇ ਪੱਕਾ ਕਰਨਾ, 2004 ਦੀ ਪੈਨਸ਼ਨ ਨੂੰ ਬਹਾਲ ਕਰਨਾ, ਬੰਦ ਕੀਤੇ ਭੱਤੇ ਬਹਾਲ ਕਰਨੇ, 2011 ਦੀ ਖੋਹੀ ਵਿਸ਼ੇਸ਼ ਇੰਕਰੀਮੈਂਟ ਬਹਾਲ ਕਰਨੀ, 200 ਰੁਪਏ ਵਿਕਾਸ ਟੈਕਸ ਨੂੰ ਵਾਪਸ ਲੈਣਾ, ਵਿਭਾਗਾਂ ਦੇ ਪੁਨਰਗਠਨ ਦੌਰਾਨ ਖਤਮ ਕੀਤੀਆਂ ਅਸਾਮੀਆਂ ਬਹਾਲ ਕਰਨੀ, ਚੌਥਾ ਦਰਜਾ ਕਰਮਚਾਰੀਆਂ ਦੀ ਰੈਗੂਲਰ ਭਰਤੀ ਕਰਨੀ ਤੇ 4 ਨਵੰਬਰ ਦਾ ਵਿਦਿਅਕ ਯੋਗਤਾ ਵਿੱਚ ਕੀਤੇ ਵਾਧੇ ਦਾ ਨੋਟੀਫਿਕੇਸ਼ਨ ਵਾਪਸ ਲੈਣਾ, ਕੱਚੇ ਕਰਮੀਆਂ ਨੂੰ ਘੱਟੋ— ਘੱਟ ਉਜਰਤਾ 26000/— ਰੁਪਏ ਲਾਗੂ ਕਰਨੀ ਅਤੇ ਵਿਭਾਗਾਂ ਵਿਚੋਂ ਠੇਕੇਦਾਰੀ ਪ੍ਰਥਾ ਦਾ ਖਾਤਮਾ ਕਰਨਾ, ਵੇਤਨ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ ਸਾਰਾ ਬਕਾਇਆ ਨਗਦ ਦੇਣਾ, ਆਦਿ ਮੰਗਾਂ ਸ਼ਾਮਲ ਹਨ।



ਪਟਿਆਲਾ ਵਿਚੋਂ ਵੱਖ—ਵੱਖ ਵਿਭਾਗਾਂ ਦੇ ਚੌਥਾ ਦਰਜਾ ਤੇ ਕੱਚੇ ਕਰਮਚਾਰੀ ਵੱਡੀ ਗਿਣਤੀ ਵਿੱਚ ਜਿਲਾ ਸਿੱਖਿਆ ਦਫਤਰ ਕੰਪਲੈਕਸ ਵਿਖੇ ਇਕੱਤਰ ਹੋਏ ਇਥੇ ਭਾਰੀ ਗਿਣਤੀ ਵਿੱਚ ਪੁਲਿਸ ਫੋਰਸ ਪਹਿਲਾ ਤੋਂ ਹੀ ਤੈਨਾਤ ਕੀਤੀ ਹੋਈ ਸੀ। ਇੱਥੇ ਪਟਿਆਲਾ ਦੇ ਪ੍ਰਮੁੱਖ ਆਗੂਆਂ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਦੀਪ ਚੰਦ ਹੰਸ, ਜਗਮੋਹਨ ਨੋਲੱਖਾ, ਮਾਧੋ ਲਾਲ ਰਾਹੀ, ਰਾਮ ਲਾਲ ਰਾਮਾ, ਰਾਮ ਕਿਸ਼ਨ, ਨਾਰੰਗ ਸਿੰਘ, ਸਵਰਨ ਬੰਗਾ, ਅਸ਼ੋਕ ਬਿੱਟੂ ਆਦਿ ਆਗੂਆਂ ਨੇ ਕੌਮੀ ਝੰਡਾ ਲਹਿਰਾਇਆ, ਉਪਰੰਤ ਝੰਡਾ ਲਹਿਰਾਉਣ ਆਏ ਮੰਤਰੀ ਨੂੰ ਮੰਗਾਂ ਦਾ ਯਾਦ ਪੱਤਰ ਦੇਣ ਲਈ ਸਟੇਡੀਅਮ ਵਲ ਰੋਸ ਮਾਰਚ ਸ਼ੁਰੂ ਕੀਤਾ ਤਾਂ ਭਾਰੀ ਪੁਲਿਸ ਫੋਰਸ ਨੇ ਮੁਲਾਜਮਾਂ ਦੀ ਘੇਰਾਬੰਦੀ ਕੀਤੀ ਅਤੇ ਉੱਚ ਅਧਿਕਾਰੀਆਂ ਨੇ ਆਗੂਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਮਾਰਚ ਨਾ ਕਰਨ ਪਰੰਤੂ ਆਗੂ ਮਾਰਚ ਕਰਨ ਲਈ ਬਜਿਦ ਰਹੇ ਤਾਂ ਉਪ ਮੰਡਲ ਮੈਜਿਸਟਰੇਟ (ਸਿਵਲ) ਸ੍ਰੀਮਤੀ ਇਸਮਤ ਵਿਜੇ ਸਿੰਘ ਨੇ ਇਕੱਠ ਵਿੱਚ ਪਹੁੰਚਕੇ ਮੰਗ ਪੱਤਰ ਪ੍ਰਾਪਤ ਕੀਤਾ। ਇਸ ਮੌਕੇ ਤੇ ਜੋ ਹੋਰ ਮੁਲਾਜਮ ਆਗੂ ਹਾਜਰ ਸਨ ਉਹਨਾਂ ਵਿੱਚ ਦਰਸ਼ੀ ਕਾਂਤ, ਪ੍ਰੀਤਮ ਚੰਦ ਠਾਕੁਰ, ਦਰਸ਼ਨ ਸਿੰਘ ਘੱਗਾ, ਅਮਰਨਾਥ ਨਰੜੂ, ਲਖਵੀਰ ਲੱਕੀ, ਅਨਿਲ ਗਾਗਟ, ਪ੍ਰਕਾਸ਼ ਸਿੰਘ ਲੁਬਾਣਾ, ਬਲਬੀਰ ਸਿੰਘ, ਮੱਖਣ ਸਿੰਘ, ਜਸਪਾਲ ਸਿੰਘ, ਰਾਮ ਕੈਲਾਸ਼, ਗੋਤਮ ਭਾਰਦਵਾਜ, ਅਮਰੀਕ ਸਿੰਘ, ਦਰਸ਼ਨ ਭਾਦਸੋ, ਸੁਭਾਸ਼, ਹਰਬੰਸ ਸਿੰਘ, ਕਰਨੈਲ ਚੰਦ, ਬੰਸੀ ਲਾਲ, ਤਰਲੋਚਨ ਮਾੜੂ, ਗੁਰਮੇਲ ਸਿੰਘ ਸਮਾਣਾ, ਸਤਨਾਮ ਸਿੰਘ, ਸ਼ਾਮ ਸਿੰਘ, ਕਿਰਨਪਾਲ, ਮੇਜਰ ਸਿੰਘ, ਰਾਮ ਦਾਸ, ਮੋਧ ਨਾਥ ਸ਼ਰਮਾ, ਉਂਕਾਰ ਸਿੰਘ ਦਮਨ, ਦਿਆ ਸ਼ੰਕਰ, ਸੱਤਿਆਨਰਾਇਣ ਗੋਨੀ, ਕਾਕਾ ਸਿੰਘ, ਪ੍ਰਵੀਨ ਕੁਮਾਰ ਨਰੜੂ, ਲਖਵੀਰ ਸਿੰਘ, ਅਜੈ ਕੁਮਾਰ ਸਿੱਪਾ, ਰਾਜੇਸ਼ ਗੋਲੂ, ਤਰਲੋਚਨ ਮੰਡੋਲੀ, ਸੁਖਦੇਵ ਸਿੰਘ ਝੰਡੀ ਆਦਿ ਆਦਿ ਆਗੂ ਹਾਜਰ ਸਨ।

ਕਿਸੇ ਵਿਅਕਤੀ ਬਾਰੇ ਕੁਝ ਮਾੜਾ ਕਹਿਣ ਵਾਲੇ ਦੇ ਦਿਮਾਗ਼ ਅੰਦਰ ਮਾੜੀ ਸ਼ਬਦਾਵਲੀ ਦਾ ਭੰਡਾਰ ਭਰਿਆ ਹੁੰਦਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੰਦਗੀ ਬਾਹਰ ਸੁੱਟਣ ਵਾਲੇ ਕੋਲ ਇਸ ਤੋਂ ਬਿਨਾਂ ਕੁਝ ਨਹੀਂ ਹੁੰਦਾ। ਇਸ ਦੇ ਉਲਟ ਜਿਸ ਦੇ ਮਨ ਅੰਦਰ ਸਿਰਫ਼ ਚੰਗਿਆਈ ਭਰੀ ਹੋਵੇਗੀ, ਉਹ ਚੁਫ਼ੇਰੇ ਖ਼ੁਸ਼ਬੂ ਹੀ ਫੈਲਾਏਗਾ...





• ਡਾ. ਹਰਸ਼ਿੰਦਰ ਕੌਰ
0175-2216783

# ਕਾਲੇ ਲਿਖੁ ਨ ਲੇਖ

"ਫਰੀਦਾ ਜੇ ਤੂ ਅਕਲਿ ਲਤੀਫੁ
ਕਾਲੇ ਲਿਖੁ ਨਾ ਲੇਖ
ਆਪਨੜੇ ਗਿਰੀਵਾਨ ਮਹਿ
ਸਿਰੁ ਨੀਵਾਂ ਕਰਿ ਦੇਖੁ।"
(ਅੰਗ 1378)

ਬਾਬਾ ਫ਼ਰੀਦ ਜੀ ਨੇ ਸਮਝਾਇਆ ਹੈ ਕਿ ਜੇ ਤੂੰ ਸਮਝਦਾਰ ਹੈ ਤਾਂ ਹੋਰ ਬੰਦਿਆਂ ਦੇ ਮੰਦੇ ਕਰਮਾਂ ਦੀ ਪੜਚੋਲ ਨਾ ਕਰ। ਆਪਣੀ ਬੁੱਕਲ ਵਿਚ ਮੂੰਹ ਪਾ ਕੇ ਵੇਖ ਕਿ ਤੇਰੇ ਆਪਣੇ ਕਰਮ ਕੈਸੇ ਹਨ। ਇਸ ਤੋਂ ਪਹਿਲਾਂ ਕਿ ਇਸ ਬਾਰੇ ਹੋਰ ਵਿਸਤਾਰ ਨਾਲ ਗੱਲ ਕਰੀਏ, ਵਿਗਿਆਨਿਕ ਪੱਖੋਂ ਸਾਬਤ ਹੋ ਚੁੱਕੇ ਤੱਥਾਂ ਵੱਲ ਧਿਆਨ ਕਰਨ ਦੀ ਲੋੜ ਹੈ।

- ਆਪਣੇ ਬਾਰੇ ਕੁੱਝ ਵੀ ਮਾੜਾ ਸੁਣਦੇ ਸਾਰ ਦਿਮਾਗ਼ ਅੰਦਰ 'ਨੈਗੇਟਿਵ ਬਰੇਨ ਐਕਟੀਵਿਟੀ' ਰਿਕਾਰਡ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਦਾ ਅਸਰ ਕੁਝ ਘੰਟਿਆਂ, ਮਹੀਨਿਆਂ ਜਾਂ ਸਾਲਾਂ ਬੱਧੀ ਰਹਿ ਸਕਦਾ ਹੈ। ਇਹ ਸਭ ਕਿਸੇ ਦੀ ਸ਼ਖ਼ਸੀਅਤ ਉੱਤੇ ਆਧਾਰਿਤ ਹੁੰਦਾ ਹੈ ਕਿ ਕਿੰਨੀ ਦੇਰ ਤਕ ਉਸਨੇ ਅਜਿਹੀ ਗੱਲ ਦਿਮਾਗ਼ ਅੰਦਰ ਵਸਾ ਕੇ ਰੱਖਣੀ ਹੈ।
- ਨਕਾਰਾਤਮਕ ਤਰੰਗਾਂ ਸਰੀਰ ਅੰਦਰਲੇ ਇਮਿਊਨ ਸਿਸਟਮ ਦੇ ਕੰਮ ਕਾਰ ਨੂੰ ਘਟਾ ਦਿੰਦੀਆਂ ਹਨ ਤੇ ਸਰੀਰ ਬੀਮਾਰੀਆਂ ਛੇਤੀ ਫੜਨ ਲੱਗ ਪੈਂਦਾ ਹੈ।
- ਮਾੜੀ ਸ਼ਬਦਾਵਲੀ ਜਾਂ ਮਾੜੀ ਖ਼ਬਰ ਸੁਣਨ ਪੜ੍ਹਨ ਨਾਲ ਇਕਦਮ ਹਾਰਟ ਅਟੈਕ ਜਾਂ ਪਾਸਾ ਮਾਰੇ ਜਾਣ ਦਾ ਖ਼ਤਰਾ 32 ਫੀਸਦੀ ਵੱਧ ਹੋ ਜਾਂਦਾ ਹੈ।
- ਮਾੜਾ ਸੁਣਨ ਨਾਲ ਦਿਮਾਗ਼ ਦੇ ਹਿੱਪੋਕੈਂਪਸ ਹਿੱਸੇ ਵਿਚਲੇ ਨਿਊਰੌਨ ਸੈਲਾਂ ਦਾ ਕੰਮਕਾਰ ਘਟ ਜਾਂਦਾ ਹੈ ਜਿਸ ਨਾਲ ਸੋਚਣ ਸਮਝਣ ਤੇ ਯਾਦਾਸ਼ਤ ਦਾ ਕੰਮਕਾਰ ਵੀ ਇਕਦਮ ਘੱਟ ਜਾਂਦਾ ਹੈ। ਇਸੇ ਕਰਕੇ ਬੰਦਾ ਤੁਰੰਤ ਭੜਕ ਸਕਦਾ ਹੈ ਜਾਂ ਖ਼ੁਦਕੁਸ਼ੀ ਤਕ ਕਰ ਸਕਦਾ ਹੈ।
- ਮਾੜਾ ਬੋਲਣ ਵਾਲੇ ਦੇ ਆਪਣੇ ਮਨ ਅੰਦਰ ਸੁਨੇਹਿਆਂ ਦਾ ਹੜ੍ਹ ਨਿਕਲ ਪੈਂਦਾ ਹੈ ਤੇ ਕਈ ਹਾਰਮੋਨ ਵੀ ਨਿਕਲ ਪੈਂਦੇ ਹਨ ਜੋ ਕਲੀਨੀਕਲ ਸਾਈਕੋਲੋਜੀ ਜਰਨਲ ਵਿਚ ਛਪੀ ਖੋਜ ਅਨੁਸਾਰ ਦੋ ਤਰ੍ਹਾਂ ਦਾ ਅਸਰ ਪਾਉਂਦੇ ਹਨ।

**ਪਹਿਲਾ** - 50 ਫ਼ੀਸਦੀ ਲੋਕਾਂ ਦੇ ਆਪਣੇ ਮਨ ਅੰਦਰਲੀ ਅਸੁਰੱਖਿਆ, ਕੁਝ ਹਾਸਲ ਨਾ ਕਰ ਸਕਣ ਦਾ ਗੁੱਸਾ ਤੇ ਹਉਮੈ ਦਾ ਗੁਬਾਰ ਬਦੋਬਦੀ ਉਸ ਵਿਰੁੱਧ ਬੋਲਣ ਨੂੰ ਉਕਸਾਉਂਦਾ ਹੈ ਜੋ ਅਗਾਂਹ ਲੰਘਿਆ ਹੋਇਆ ਜਾਪੇ।

**ਦੂਜਾ** - ਕਿਸੇ ਵਿਰੁੱਧ ਮਾੜਾ ਬੋਲਣ ਵਾਲੇ ਦੇ ਆਪਣੇ ਦਿਮਾਗ਼ ਵਿਚਲੇ ਅਮਿਗਡਲਾ ਹਿੱਸੇ ਤੇ ਰਖੀ-ਫਰੰਟਲ ਹਿੱਸੇ ਵਿਚਲੀਆਂ ਤਰੰਗਾਂ ਸਹੀ ਸੋਚ ਨੂੰ ਟਿਕਣ ਹੀ ਨਹੀਂ ਦਿੰਦੀਆਂ। ਥੈਲਮਸ ਹਿੱਸੇ ਦੇ ਅਸਰ ਹੇਠ ਤੇਜ਼ ਧੜਕਨ, ਰਤਾ ਵਧਿਆ ਬਲੱਡ ਪ੍ਰੈੱਸ਼ਰ ਤੇ ਘਬਰਾਹਟ ਦੇ ਲੱਛਣ ਦਿਸਣ ਲੱਗ ਪੈਂਦੇ ਹਨ।

- ਲਗਾਤਾਰ ਦੂਜੇ ਨੂੰ ਢਾਹੁਣ ਲਈ ਕੋਸ਼ਿਸ਼ ਕਰਨ ਵਾਲਿਆਂ ਦੇ ਮੂਡ ਵਿਚ ਤਬਦੀਲੀ, ਹਲਕੇ ਮਾਨਸਿਕ ਰੋਗ ਤੋਂ ਲੈ ਕੇ ਢਹਿੰਦੀ ਕਲਾ, ਸਕੀਜ਼ੋਫਰੀਨੀਆ ਜਾਂ ਟਿਕ ਕੇ ਨਾ ਬਹਿ ਸਕਣ ਤੇ ਨੀਂਦਰ ਪੂਰੀ ਨਾ ਲੈ ਸਕਣ ਦੇ ਲੱਛਣ ਵੀ ਲੱਭੇ ਗਏ ਹਨ।
- ਇਹ ਵੀ ਵੇਖਣ ਵਿਚ ਆਇਆ ਹੈ ਕਿ ਜਿਹੜਾ ਸਿਰਫ਼ ਹੀ ਦੂਜੇ ਵਿਚ ਨੁਕਸ ਲੱਭਦਾ ਰਹੇ ਤੇ ਹਮੇਸ਼ਾ ਦੂਜੇ ਨੂੰ ਨੀਵਾਂ ਵਿਖਾਉਣ ਦੇ ਚੱਕਰ ਵਿਚ ਪਿਆ ਰਹੇ, ਉਸ ਦੇ ਦਿਮਾਗ਼ ਵਿਚ ਸਦੀਵੀ ਤਬਦੀਲੀ ਆ ਜਾਂਦੀ ਹੈ। ਦਿਮਾਗ਼ ਵਿਚ 'ਵਾਈਟ ਮੈਟਰ', ਜੋ ਜੋੜ ਬਣਾਉਂਦਾ ਹੈ, ਵੱਧ ਹੋ ਜਾਂਦਾ ਹੈ ਤੇ 'ਗਰੇ ਮੈਟਰ' ਜੋ ਪੂਰੀ ਜਾਣਕਾਰੀ ਸਾਂਭਣ ਤੇ ਵਿਦਵਤਾ ਦਾ ਭੰਡਾਰ ਹੁੰਦਾ ਹੈ, ਘੱਟ ਜਾਂਦਾ ਹੈ।

ਅਜਿਹਾ ਹੋਣ ਸਦਕਾ ਜੋ ਜਾਣਕਾਰੀ ਹਾਸਲ ਵੀ ਹੋਵੇ, ਉਸ ਨੂੰ ਸਮਝ ਕੇ ਲਾਗੂ ਕਰਨ ਵਿਚ ਗ਼ਲਤੀਆਂ ਹੋਣ ਲੱਗ ਪੈਂਦੀਆਂ ਹਨ।

ਸਾਡਾ ਦਿਮਾਗ਼ ਗ਼ਲਤੀਆਂ ਨੂੰ ਛੇਤੀ ਫੜਦਾ ਹੈ। ਇਸੇ ਲਈ ਕਿਸੇ ਵੱਲੋਂ ਕੀਤੀ ਭਲਾਈ ਭਾਵੇਂ ਭੁੱਲ ਜਾਵੇ, ਪਰ ਕਿਸੇ ਵੱਲੋਂ ਕੀਤਾ ਹਲਕਾ ਮਾੜਾ ਵਰਤਾਰਾ ਵੀ ਪੱਕੀ ਯਾਦ ਬਣ ਜਾਂਦੀ ਹੈ।

ਇਹੀ ਕਾਰਨ ਹੈ ਕਿ ਪੂਰੀ ਉਮਰ ਪਿਆਰ ਨਾਲ ਪਾਲਿਆ ਆਪਣਾ ਹੀ ਬੱਚਾ ਕਿਸੇ ਵੇਲੇ ਦੀ ਹਲਕੀ ਝਿੜਕ ਜਾਂ ਥੱਪੜ ਵੱਜਣ ਉੱਤੇ ਮਾਪਿਆਂ ਨੂੰ ਜਾਨੋਂ ਵੀ ਮਾਰ ਦਿੰਦਾ ਹੈ ਕਿਉਂਕਿ ਉਸ ਸਮੇਂ ਸੋਚਣ ਸਮਝਣ ਤੇ ਤਰਕ ਕਰਨ ਦੀ ਸਮਰਥਾ ਖ਼ਤਮ ਹੋ ਜਾਂਦੀ ਹੈ।

ਕਿਸੇ ਬਾਰੇ ਮਾੜਾ ਕਹਿਣ ਵਾਲੇ ਦੇ ਦਿਮਾਗ਼ ਅੰਦਰ ਮਾੜੀ ਸ਼ਬਦਾਵਲੀ ਦਾ ਭੰਡਾਰ ਭਰਿਆ ਹੁੰਦਾ ਹੈ। ਇਸ ਤੋਂ ਸਪਸ਼ਟ ਹੋ ਗਿਆ ਕਿ ਉਹ ਗੰਦਗੀ ਹੀ ਬਾਹਰ ਕੱਢੇਗਾ। ਇਸ ਦੇ ਉਲਟ ਜਿਸ ਵਿਅਕਤੀ ਦੇ ਮਨ ਅੰਦਰ ਸਿਰਫ਼ ਚੰਗਿਆਈ ਭਰੀ ਹੋਵੇਗੀ, ਉਹ ਚੁਫ਼ੇਰੇ ਖ਼ੁਸ਼ਬੂ ਹੀ ਫੈਲਾਏਗਾ।

## ਨਵੀਂ ਖੋਜ

ਦੁਨੀਆ ਭਰ ਦੇ 30,000 ਨਿਊਰੋਸਾਇੰਟਿਸਟ ਡਾਕਟਰ ਨਿਊ ਓਰਲੀਨਜ਼ ਕਨਵੈਨਸ਼ਨ ਸੈਂਟਰ ਵਿਖੇ ਸੰਨ 2012 ਵਿਚ ਇਕੱਠੇ ਹੋਏ ਸਨ ਜਿਥੇ ਉਨ੍ਹਾਂ ਵੱਲੋਂ ਇਕੱਠੇ ਕੀਤੇ ਗਏ ਤੱਥਾਂ ਦੇ ਆਧਾਰ ਉੱਤੇ ਕੁੱਝ ਫ਼ੈਸਲੇ ਲਏ ਗਏ। ਉਹ ਸਨ :-

- ਜਿੰਨੀ ਛੋਟੀ ਉਮਰ ਵਿਚ ਬੱਚੇ ਨੂੰ ਮਾੜੀ ਸ਼ਬਦਾਵਲੀ ਸੁਣਨੀ ਪੈ ਜਾਵੇ, ਓਨਾ ਹੀ ਬੱਚੇ ਅੰਦਰ ਮਾਨਸਿਕ ਵਿਗਾੜ ਵੱਧ ਹੋਵੇਗਾ ਤੇ ਓਨਾ ਹੀ ਉਹ ਦੂਜਿਆਂ ਦੀ ਨਿਖੇਧੀ ਵੱਧ ਕਰੇਗਾ।
- ਯੂਨੀਵਰਸਿਟੀ ਆਫ ਵਿਨਕਾਨਸਿਨ ਵਿਚ 12 ਵਰ੍ਹਿਆਂ ਦੇ ਤ੍ਰਿਸਕਾਰੇ ਗਏ ਬੱਚੇ ਅਤੇ ਯਤੀਮ ਬੱਚਿਆਂ ਦੇ ਦਿਮਾਗ਼ ਦੇ ਸਕੈਨ ਕਰਨ ਉੱਤੇ ਪਤਾ ਲੱਗਿਆ ਕਿ ਉਨ੍ਹਾਂ ਦੇ ਅਮਿਗਡਲਾ ਤੇ ਹਿੱਪੋਕੈਂਪਸ ਦੂਜੇ ਉਨ੍ਹਾਂ ਬੱਚਿਆਂ ਨਾਲੋਂ ਆਕਾਰ ਵਿਚ ਕਾਫੀ ਛੋਟੇ ਸਨ ਜਿਹੜੇ ਪਿਆਰ ਨਾਲ ਪਾਲੇ ਜਾ ਰਹੇ ਸਨ।
- ਇਨ੍ਹਾਂ ਤਿਰਸਕਾਰੇ ਗਏ ਬੱਚਿਆਂ ਦੇ ਮਨਾਂ ਵਿਚ ਅਥਾਹ ਗੁੱਸਾ, ਛੇਤੀ ਭੜਕਾਹਟ ਵਿਚ ਆ ਜਾਣਾ, ਗੱਲ ਗੱਲ ਤੇ ਗਾਲਾਂ ਕੱਢਣੀਆਂ, ਬਦਲਾਲਊ ਭਾਵਨਾ ਪਾਲਣੀ, ਹਰ ਕਿਸੇ ਵਿਚ ਨੁਕਸ ਕੱਢਣਾ, ਤਸੱਲੀ ਨਾ ਮਹਿਸੂਸ ਹੋਣੀ, ਤਰਕ ਨਾ ਕਰ ਸਕਣਾ, ਲੜਾਈ ਕਰਨੀ, ਨਸ਼ਾ ਕਰਨਾ, ਢਹਿੰਦੀ ਕਲਾ ਵਿਚ ਜਾਣਾ, ਆਦਿ ਵੇਖੇ ਗਏ।
- ਵੀਹ ਸਾਲ ਤਕ ਤ੍ਰਿਸਕਾਰੇ ਗਏ ਲੋਕਾਂ ਉੱਤੇ ਕੀਤੀ ਖੋਜ ਕਰਨ ਬਾਅਦ ਪਤਾ ਲੱਗਿਆ ਕਿ ਉਨਾਂ ਦੇ ਸਰੀਰ ਵੀ ਰੋਗੀ ਹੋ ਗਏ ਸਨ। ਬਹੁਤਿਆਂ ਨੂੰ ਦਿਲ ਦੇ ਰੋਗ ਤੇ ਸ਼ੱਕਰ ਰੋਗ ਹੋ ਗਏ ਸਨ ਤੇ ਕਈ ਸੜਕਾਂ ਉੱਤੇ ਤੇਜ਼ ਵਾਹਨ ਚਲਾਉਣ ਸਦਕਾ ਐਕਸੀਡੈਂਟ ਵਿਚ ਮਾਰੇ ਗਏ ਸਨ।
- ਉਸੇ ਕਾਨਫਰੰਸ ਵਿਚ ਦੇਰੀਓ ਮੈਸਤਰੀਪੀਰੀ ਨੇ ਬਾਂਦਰਾਂ ਉੱਤੇ ਖੋਜ ਕਰ ਕੇ ਦੱਸਿਆ ਕਿ ਜਿਹੜੀਆਂ ਬਾਂਦਰੀਆਂ ਆਪਣੇ ਬੱਚਿਆਂ ਨੂੰ ਮਾਰ-ਕੁੱਟ ਜਾਂ ਝਿੜਕ ਰਹੀਆਂ ਸਨ, ਉਨਾਂ ਦੇ ਬੱਚਿਆਂ ਦੇ ਸਰੀਰ ਅੰਦਰ ਸਿਰੋਟੋਨਿਨ ਘੱਟ ਗਿਆ ਸੀ ਤੇ ਉਹ ਵੀ ਅੱਗੋਂ ਵੱਡੇ ਹੋ ਕੇ ਆਪਣੇ ਬੱਚਿਆਂ ਨਾਲ ਮਾਰ ਕੁਟਾਈ ਕਰ ਰਹੇ ਸਨ।

ਉਸ ਇਹ ਵੀ ਦੱਸਿਆ ਕਿ ਜਿਹੜੇ ਨਿੱਕੇ ਬਾਂਦਰ ਆਪਣੇ ਮਾਂ ਜਾਂ ਪਿਓ ਕੋਲੋਂ ਮਾਰ ਖਾਂਦੇ ਸਨ, ਉਨ੍ਹਾਂ ਵਿੱਚੋਂ ਜਿਨ੍ਹਾਂ ਨੂੰ ਕਿਸੇ ਸਾਥੀ ਬਾਂਦਰ ਵੱਲੋਂ ਪਿਆਰ ਮਿਲ ਗਿਆ, ਉਨ੍ਹਾਂ ਦੇ ਸਰੀਰ ਦੀ ਸਿਰੋਟੋਨਿਨ ਦੀ ਮਾਤਰਾ ਕੁਝ ਵੱਧ ਗਈ ਤੇ ਅਜਿਹੇ ਬਾਂਦਰਾਂ ਵਿੱਚੋਂ ਲਗਪਗ ਅੱਧਿਆਂ ਨੇ ਅੱਗੋਂ ਆਪਣੇ ਬੱਚਿਆਂ ਨਾਲ ਮਾਰ ਕੁਟਾਈ ਨਹੀਂ ਕੀਤੀ। ਉਸ ਆਪਣੇ ਲੈਕਚਰ ਵਿਚ ਸਪਸ਼ਟ ਕੀਤਾ ਕਿ ਇੰਜ ਹੀ ਮਨੁੱਖੀ ਵਿਹਾਰ ਹੁੰਦਾ ਹੈ। ਮਾਨਸਿਕ ਵਿਗਾੜ ਵਾਲਾ ਬੰਦਾ ਖਿਝ ਜਾਂ ਗੁੱਸੇ ਨਾਲ ਨਹੀਂ ਬਲਕਿ ਪਿਆਰ ਨਾਲ ਹੀ ਠੀਕ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ ਇਹ ਵੀ ਸਪਸ਼ਟ ਹੋ ਗਿਆ ਕਿ ਮਾਰ ਕੁਟਾਈ ਕਰਨ ਵਾਲੇ ਜਾਂ ਮਾੜੀ ਸ਼ਬਦਾਵਲੀ ਬੋਲਣ ਵਾਲੇ ਦੇ ਆਪਣੇ ਦਿਮਾਗ਼ ਅੰਦਰ ਨੁਕਸ ਹੁੰਦਾ ਹੈ। ਮੇਰੇ ਕਹਿਣ ਨੂੰ ਤਾਂ ਹੁਣ ਕੁਝ ਨਹੀਂ ਰਹਿ ਗਿਆ ਜਦੋਂ ਖੋਜਾਂ ਨੇ ਹੀ ਸਪਸ਼ਟ ਕਰ ਦਿੱਤਾ ਹੋਵੇ ਕਿ ਦੂਜੇ ਬੰਦੇ ਵਿਚ ਨੁਕਸ ਕੱਢਣ ਵਾਲੇ ਦੇ ਆਪਣੇ ਅੰਦਰ ਬਥੇਰੇ ਨੁਕਸ ਹੁੰਦੇ ਹਨ ਤੇ ਦੂਜੇ ਵਾਸਤੇ ਮਾੜੀ ਸ਼ਬਦਾਵਲੀ ਬੋਲਣ ਵਾਲਾ ਆਪ ਹੀ ਕੂੜੇ ਦਾ ਭਰਿਆ ਟਰੱਕ ਹੁੰਦਾ ਹੈ।

ਜਿਹੜੇ ਹਾਲੇ ਵੀ ਨਹੀਂ ਮੰਨਦੇ ਉਹ ਗੁਰਬਾਣੀ ਵਿੱਚੋਂ ਹੀ ਸਮਝ ਲੈਣ ਕਿ ਕਿਸੇ ਹੋਰ ਬਾਰੇ ਪੜਚੋਲ ਕਰਨ ਤੋਂ ਪਹਿਲਾਂ ਆਪਣੇ ਬੁੱਕਲ ਵਿਚ ਮੂੰਹ ਪਾ ਕੇ ਵੇਖ ਲੈਣਾ ਚਾਹੀਦਾ ਹੈ! •



• ਪ੍ਰੋ. ਧਰਮਜੀਤ ਸਿੰਘ ਮਾਨ
94784-60084

ਸੰਜਮ ਦੀ ਅਵਸਥਾ 'ਚ ਇਨਸਾਨ ਸ਼ਾਂਤ ਚਿੱਤ ਆਪਣੇ ਕੰਮ 'ਚ ਜੁੱਟਿਆ ਰਹਿੰਦਾ ਹੈ। ਹੌਲੀ-ਹੌਲੀ ਚਲਦਾ ਇਨਸਾਨ ਜ਼ਿੰਦਗੀ 'ਚ ਬਹੁਤ ਕੁਝ ਹਾਸਿਲ ਕਰ ਸਕਦਾ ਹੈ ਪਰ ਬੇਚੈਨ ਮਨ ਸਰੀਰ ਨੂੰ ਬੇਚੈਨ ਕਰ ਦਿੰਦਾ ਹੈ ਅਤੇ ਇਨਸਾਨ ਕੋਈ ਵੀ ਪ੍ਰਾਪਤੀ ਕਰਨ ਤੋਂ ਪੱਛੜ ਜਾਂਦਾ ਹੈ...

# ਸੰਜਮ 'ਚੋਂ ਤਲਾਸ਼ਣੀ ਹੋਵੇਗੀ ਬੇਲਗਾਮ ਇੱਛਾਵਾਂ ਦੀ ਦਵਾ



ਮਹਾਤਮਾ ਬੁੱਧ ਮਨੁੱਖ ਦੀਆਂ ਬੇਲਗਾਮ ਇੱਛਾਵਾਂ ਨੂੰ ਉਸਦੇ ਦੁੱਖਾਂ ਦਾ ਮੂਲ ਕਾਰਨ ਦੱਸਦੇ ਹਨ। ਨਾ ਪੂਰੀਆਂ ਹੋਣ ਵਾਲੀਆਂ ਇਹ ਇੱਛਾਵਾਂ ਮਨੁੱਖੀ ਮਨ ਨੂੰ ਬੇਚੈਨ ਕਰਦੀਆਂ ਹਨ। ਮਨੁੱਖੀ ਸਰੀਰ ਅਤੇ ਮਾਨਸਿਕ ਹਾਲਾਤ 'ਤੇ ਬੇਚੈਨੀ ਦਾ ਬੇਹੱਦ ਬੁਰਾ ਪ੍ਰਭਾਵ ਪੈਂਦਾ ਹੈ ਜਦਕਿ ਸ਼ਾਂਤ ਅਤੇ ਟਿਕਾਊ ਮਨ ਚਿਹਰੇ ਨੂੰ ਚਮਕ ਅਤੇ ਸਰੀਰ ਨੂੰ ਤਾਕਤ ਦਿੰਦਾ ਹੈ। ਵਧੀ ਲਾਲਸਾ ਅਤੇ ਪੈਸੇ ਜੋੜਨ ਦੀ ਲੱਗੀ ਦੌੜ ਕਾਰਨ ਅੱਜ ਮਨੁੱਖੀ ਮਨ ਬੁਰੀ ਤਰ੍ਹਾਂ ਬੇਕਾਬੂ ਅਤੇ ਬੇਚੈਨ ਹੋ ਚੁੱਕਿਆ ਹੈ ਜਿਸ ਉੱਤੇ ਕਾਬੂ ਪਾਉਣਾ ਨਾਮੁਮਕਿਨ ਨਜ਼ਰ ਆ ਰਿਹਾ ਹੈ। ਹਾਲਾਤ ਇਹ ਹਨ ਕਿ ਜਿਸ ਕੋਲ ਖਾਣ ਲਈ ਘੱਟ ਹੈ ਅਤੇ ਪਹਿਨਣ ਲਈ ਥੋੜ੍ਹਾ ਹੈ ਉਸਦੀ ਕੋਸ਼ਿਸ਼ ਕੁਝ ਹੋਰ ਵਧੀਆ ਖਾਣ ਅਤੇ ਪਹਿਨਣ ਦੀ ਹੈ ਅਤੇ ਜਿਸ ਕੋਲ ਪੈਸਾ ਵੀ ਹੈ ਅਤੇ ਲੋਕਾਂ 'ਚ ਚੰਗੀ ਪਛਾਣ ਵੀ ਉਸ ਦੀ ਚਾਹਨਾਂ ਕੁੱਝ ਹੋਰ ਪੈਸੇ ਜੋੜ ਕੇ ਅਮੀਰਾਂ ਦੀ ਸੂਚੀ 'ਚ ਉਪਰਲਾ ਸਥਾਨ ਹਾਸਿਲ ਕਰਨ ਦੀ ਹੈ। ਇਹ ਸਿਲਸਿਲਾ ਮਨੁੱਖੀ ਜ਼ਿੰਦਗੀ ਦਾ ਇਕ ਹਿੱਸਾ ਬਣ ਚੁੱਕਿਆ ਹੈ ਜੋ ਉਸ ਦਾ ਮੌਤ ਤਕ ਖਹਿੜਾ ਨਹੀਂ ਛੱਡਦਾ।

ਅੱਜ ਕੱਲ੍ਹ ਦੀ ਤੇਜ਼ ਤਰਾਰ ਜ਼ਿੰਦਗੀ ਨੇ ਇਨਸਾਨ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਡਾਵਾਂਡੋਲ ਕਰ ਦਿੱਤਾ ਹੈ। ਰੋਜ਼ਾਨਾ ਹੁੰਦੇ ਕਤਲਾਂ ਅਤੇ ਝਗੜਿਆਂ ਦਾ ਮੁੱਖ ਕਾਰਨ ਬੇਚੈਨ ਮਨ ਹਨ ਜੋ ਚੈਨ ਨੂੰ ਤਲਾਸ਼ਣ ਦੀ ਕੋਸ਼ਿਸ਼ 'ਚ ਵੱਡੇ-ਵੱਡੇ ਗੁਨਾਹ ਕਰਦੇ ਹਨ ਅਤੇ ਗੁਨਾਹ ਕਰਨ ਤੋਂ ਬਾਅਦ ਆਪਣੇ ਕੀਤੇ 'ਤੇ ਪਛਤਾਉਂਦੇ ਹਨ। ਨਿਤਾਣਿਆਂ ਦੀ ਖੱਲ ਉਧੇੜ ਕੇ ਕਮਾਇਆ ਜਾ ਰਿਹਾ ਪੈਸਾ ਸਮਾਜ ਵਿਚਲੇ ਬੇਚੈਨ ਮਨਾਂ ਦੀ ਤਸਵੀਰ ਪੇਸ਼ ਕਰਦਾ ਹੈ। ਇਹ ਟੁੱਟਦੇ ਸੰਜਮ ਦਾ ਹੀ ਕਾਰਨ ਹੈ ਕਿ ਮਹਿੰਗੀਆਂ ਕਦਰਾਂ ਕੀਮਤਾਂ ਵਾਲੀ ਇਸ ਧਰਤੀ 'ਤੇ ਅੱਜ ਹਰ ਚੀਜ਼ ਨਿਲਾਮ ਹੋ ਰਹੀ ਹੈ। ਛੇਤੀ ਅਮੀਰ ਬਣਨ ਦੀ ਲਾਲਸਾ ਨੇ ਇਨਸਾਨ ਨੂੰ ਠੱਗੀਆਂ ਅਤੇ ਚੋਰੀਆਂ ਕਰਨ ਲਈ ਮਜਬੂਰ ਕਰ ਦਿੱਤਾ ਹੈ। ਮਨ ਦੀ ਭੁੱਖ ਕਾਰਨ ਬੇਚੈਨ ਹੋ ਚੁੱਕਿਆ ਇਨਸਾਨ ਸ਼ਾਇਦ ਜਾਨਵਰਾਂ ਤੋਂ ਕੁੱਝ ਸਿੱਖਿਆ ਲੈ ਕੇ ਸੰਜਮ ਦੀ ਪ੍ਰਾਪਤੀ ਕਰ ਸਕਦਾ ਹੈ। ਪੂਰੇ ਦਿਨ ਦਾ ਭੁੱਖਾ ਕੁੱਤਾ ਰੋਟੀ ਦੇ ਇਕ ਟੁੱਕ ਨਾਲ ਸਬਰ ਕਰ ਕੇ ਇਨਸਾਨ ਲਈ ਇਕ ਮਿਸਾਲ ਬਣਦਾ ਹੈ।

ਸ਼ੌਕ ਨਾਲ ਘਰਾਂ 'ਚ ਰੱਖੇ ਕੁੱਤੇ ਇਨਸਾਨ ਲਈ ਮਾਰਗ ਦਰਸ਼ਕ ਬਣ ਸਕਦੇ ਹਨ। ਜਿਸ ਦਰ ਤੋਂ ਰੋਟੀ ਮਿਲ ਜਾਵੇ ਕੁੱਤਾ ਦੂਜੇ ਦਿਨ ਉਸ ਦਰ 'ਤੇ ਆਸ ਨਾਲ ਜ਼ਰੂਰ ਆਉਂਦਾ ਹੈ ਪਰ ਉਹ ਆਪਣਾ ਸੰਜਮ ਨਹੀਂ ਟੁੱਟਣ ਦਿੰਦਾ। ਸੰਜਮ ਦੀ ਇਸ ਬੇਮਿਸਾਲ ਵਿਸ਼ੇਸ਼ਤਾ ਨੇ ਕੁੱਤੇ ਨੂੰ ਇਨਸਾਨ ਦਾ ਵਫ਼ਾਦਾਰ ਸਾਥੀ ਬਣਾ ਦਿੱਤਾ ਹੈ। ਜੇਕਰ ਇਹ ਸੰਜਮ ਮਨੁੱਖੀ ਵਿਵਹਾਰ ਦਾ ਹਿੱਸਾ ਬਣ ਜਾਵੇ ਤਾਂ ਇਹ ਦੁਨੀਆ ਸਵਰਗ ਬਣ ਸਕਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਜਿਉਂਦਾ ਮਨੁੱਖ ਆਪਣੇ ਆਪ ਨੂੰ ਕਾਮਯਾਬੀ ਦੇ ਸਿਖਰਲੇ ਪਾਏਦਾਨ 'ਤੇ ਲਿਜਾਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ ਪਰ ਹੱਦੋਂ ਵੱਧ ਲਾਲਸਾ ਅਤੇ ਲੋਭ ਨੇ ਇਸ ਕੋਸ਼ਿਸ਼ ਦੇ ਅਰਥ ਹੀ ਬਦਲ ਦਿੱਤੇ ਹਨ। ਵਕਤ ਦੇ ਹਿਸਾਬ ਨਾਲ ਇਨਸਾਨ ਨੂੰ ਜੋ ਕੁੱਝ ਮਿਲਿਆ ਹੈ ਉਸ ਵਿੱਚੋਂ ਹੀ ਖ਼ੁਸ਼ੀ ਅਤੇ ਸੰਤੁਸ਼ਟੀ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਔਖੇ ਸਮੇਂ 'ਚ ਚੰਗੇ ਦੀ ਆਸ ਰੱਖ ਕੇ ਅੱਗੇ ਵੱਧਣਾ ਚਾਹੀਦਾ ਹੈ ਪਰ ਸੰਜਮ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ।

ਸੰਜਮ ਨਾਲ ਬਤੀਤ ਕੀਤਾ ਸਮਾਂ ਇਨਸਾਨ ਨੂੰ ਦਿਮਾਗ਼ੀ ਅਤੇ ਸਰੀਰਕ ਤੌਰ 'ਤੇ ਚੈਨ ਦਿੰਦਾ ਹੈ। ਅੱਜ ਹਸਪਤਾਲਾਂ 'ਚ ਡਾਕਟਰਾਂ ਕੋਲ਼ ਮਰੀਜ਼ਾਂ ਦੀਆਂ ਲੱਗੀਆਂ ਲੰਬੀਆਂ ਲਾਈਨਾਂ 'ਚ ਜ਼ਿਆਦਾ ਗਿਣਤੀ ਮਾਨਸਿਕ ਤੌਰ 'ਤੇ ਬਿਮਾਰ ਲੋਕਾਂ ਦੀ ਹੈ। ਸਭ ਕੁਝ ਹੁੰਦੇ ਹੋਏ ਵੀ ਹੋਰ ਜ਼ਿਆਦਾ ਹੋਣ ਦੀ ਇੱਛਾ ਇਨਸਾਨ ਦੇ ਦਿਮਾਗ਼ ਨੂੰ ਟਿਕਣ ਨਹੀਂ ਦੇ ਰਹੀ।



ਸੰਜਮ ਦੀ ਅਵਸਥਾ 'ਚ ਇਨਸਾਨ ਸ਼ਾਂਤ ਚਿੱਤ ਆਪਣੇ ਕੰਮ 'ਚ ਜੁੱਟਿਆ ਰਹਿੰਦਾ ਹੈ। ਹੌਲ਼ੀ-ਹੌਲ਼ੀ ਅਤੇ ਟਿਕਾਈ ਨਾਲ ਚਲਦਾ ਇਨਸਾਨ ਜ਼ਿੰਦਗੀ 'ਚ ਬਹੁਤ ਕੁਝ ਹਾਸਿਲ ਕਰ ਸਕਦਾ ਹੈ ਪਰ ਬੇਚੈਨ ਮਨ ਸਰੀਰ ਨੂੰ ਵੀ ਬੇਚੈਨ ਕਰ ਦਿੰਦਾ ਹੈ ਅਤੇ ਇਨਸਾਨ ਕੋਈ ਵੀ ਪ੍ਰਾਪਤੀ ਕਰਨ ਤੋਂ ਪੱਛੜ ਜਾਂਦਾ ਹੈ।

ਮਹਾਨ ਰੂਸੀ ਲੇਖਕ ਲਿਓ ਟਾਲਸਟਾਏ, ਜਿਨ੍ਹਾਂ ਨੇ ਦਰਮਿਆਨੇ ਅਤੇ ਕਮਜ਼ੋਰ ਲੋਕਾਂ ਦੀ ਜ਼ਿੰਦਗੀ ਨੂੰ ਨੇੜਿਓਂ ਦੇਖਿਆ, ਸੰਜਮ ਨੂੰ ਇਕ ਮਹਾਨ ਯੋਧਾ ਕਹਿੰਦੇ ਹਨ ਜੋ ਵੱਡੀਆਂ-ਵੱਡੀਆਂ ਚਣੌਤੀ ਰੂਪੀ ਫ਼ੌਜਾਂ ਨੂੰ ਮਾਤ ਦੇਣ ਦੇ ਕਾਬਿਲ ਹੈ। ਸੰਜਮ ਦੀ ਤਾਕਤ ਮਸ਼ਕਿਲਾਂ 'ਚ ਘਿਰੇ ਇਨਸਾਨ ਨੂੰ ਸਹਾਰਾ ਦਿੰਦੀ ਹੈ ਅਤੇ ਮਨ ਦਾ ਠਹਿਰਾਉ ਅਗਲੀ ਬਾਜ਼ੀ ਜਿੱਤਣ ਲਈ ਤਿਆਰ ਹੋ ਜਾਂਦਾ ਹੈ।

ਸਰੀਰਕ ਖ਼ੁਰਾਕ ਇਨਸਾਨ ਨੂੰ ਮਾਨਸਿਕ ਚੈਨ ਨਹੀਂ ਦੇ ਸਕਦੀ ਇਸ ਲਈ ਇਨਸਾਨ ਨੂੰ ਸੰਜਮ 'ਚੋਂ ਬੇਲਗਾਮ ਇੱਛਾਵਾਂ ਦੀ ਦਵਾਈ ਤਲਾਸ਼ਣੀ ਹੋਵੇਗੀ। ਬੇਚੈਨ ਮਨ ਵਾਲਿਆਂ ਨੂੰ ਚੈਨ ਦੇਣ ਲਈ ਡਾਕਟਰਾਂ ਦੁਆਰਾ ਦਿੱਤੀਆਂ ਜਾਂਦੀਆਂ ਗੋਲ਼ੀਆਂ ਕੁਝ ਪਲ ਲਈ ਤਾਂ ਬੇਚੈਨੀ ਤੋਂ ਰਾਹਤ ਦੇ ਸਕਦੀਆਂ ਹਨ ਪਰ ਸਦਾ ਲਈ ਨਹੀਂ। ਮਨ ਦੀ ਭੁੱਖ ਨੂੰ ਖ਼ਤਮ ਕਰਨ ਨਾਲ ਮਨੁੱਖ ਆਸਾਨੀ ਨਾਲ ਚੈਨ ਦੀ ਅਵਸਥਾ 'ਚ ਆ ਸਕਦਾ ਹੈ ਜਿਸ ਲਈ ਸੰਜਮ ਦੀ ਜ਼ਰੂਰਤ ਹੈ। ਸਵਰਗ ਰੂਪੀ ਇਸ ਧਰਤੀ 'ਤੇ ਜ਼ਿੰਦਗੀ ਜਿਊਂਦੇ ਹੋਏ ਹਰ ਇਕ ਇਨਸਾਨ ਨੂੰ ਸੰਜਮ ਨਾਲ ਜ਼ਿੰਦਗੀ ਦੇ ਪੈਂਡੇ 'ਤੇ ਅੱਗੇ ਵੱਧਣਾ ਹੋਵੇਗਾ। ਫਿਰ ਦੇਖਣਾ ਮਨ ਦੀ ਸ਼ਾਂਤੀ ਅਤੇ ਸੰਤੁਸ਼ਟੀ ਦੁਨੀਆ ਦੇ ਇਸ ਮੇਲੇ ਨੂੰ ਹੋਰ ਵੀ ਰੰਗੀਨ ਬਣਾ ਦੇਣਗੇ। •

# ਘਰ ਦਾ ਜਿੰਦਰਾ ਹੁੰਦੇ ਨੇ ਬਜ਼ੁਰਗ



ਬਜ਼ੁਰਗ ਘਰ ਦੀ ਸ਼ਾਨ ਹੁੰਦੇ ਹਨ। ਉਹ ਘਰ ਦਾ ਜਿੰਦਾ ਹੁੰਦੇ ਹਨ। ਉਨ੍ਹਾਂ ਦੇ ਸਹਾਰੇ ਅਸੀਂ ਆਪਣੇ ਘਰ-ਬਾਰ ਨੂੰ ਛੱਡਕੇ ਕਿਤੇ ਵੀ ਜਾ ਸਕਦੇ ਹਾਂ। ਬਜ਼ੁਰਗਾਂ ਦੇ ਹੁੰਦਿਆਂ ਘਰ ਦੀ ਕੋਈ ਚੀਜ਼ ਇਧਰ ਉਧਰ ਨਹੀਂ ਜਾ ਸਕਦੀ। ਬਜ਼ੁਰਗ ਉਸ ਬੁੱਢੇ ਹੋਏ ਦਰੱਖ਼ਤਾਂ ਦੀ ਤਰ੍ਹਾਂ ਹੁੰਦੇ ਹਨ ਜੋ ਕਿ ਸਾਡੇ ਕੋਲੋਂ ਕੁੱਝ ਵੀ ਨਹੀਂ ਲੈਂਦੇ ਸਗੋਂ ਸਾਨੂੰ ਠੰਢੀਆਂ ਹਵਾਵਾਂ ਅਤੇ ਫਲ ਦਿੰਦੇ ਹਨ। ਪਰ ਸਮੇਂ ਨੇ ਐਸੀ ਕਰਵਟ ਲਈ ਕਿ ਵੱਡੇ-ਵੱਡੇ ਧਨਾਢ ਬੰਦਿਆਂ ਦੇ ਮਾਂ-ਬਾਪ ਵੀ ਬਿਰਧ ਆਸ਼ਰਮਾਂ ਵਿਚ ਜ਼ਿੰਦਗੀ ਦੇ ਆਖ਼ਰੀ ਪਲ ਆਪਣੇ ਧੀਆਂ ਪੁੱਤਰਾਂ ਦੀ ਯਾਦ ਵਿਚ ਕੱਟ ਰਹੇ ਹਨ। ਪੁਰਾਤਨ ਕਾਲ ਵਿਚ ਬਹੁ-ਗਿਣਤੀ ਪਰਿਵਾਰਾਂ ਵੱਲੋਂ ਇਨ੍ਹਾਂ ਬਜ਼ੁਰਗਾਂ ਦਾ ਬਹੁਤ ਹੀ ਪਿਆਰ ਅਤੇ ਮੁਹੱਬਤ ਨਾਲ ਸਤਿਕਾਰ ਕੀਤਾ ਜਾਂਦਾ ਸੀ। ਅੱਜ ਮੁਲਕ ਭਰ ਵਿਚ ਔਲਾਦ ਦੀ ਅਣਦੇਖੀ ਕਾਰਨ ਵੱਡੀ ਗਿਣਤੀ ਵਿਚ ਬਜ਼ੁਰਗ ਮਾਂ-ਪਿਓ ਦੀ ਸਥਿਤੀ ਤਰਸਯੋਗ ਬਣਕੇ ਰਹਿ ਗਈ ਹੈ। ਅਜੋਕੇ ਸਮੇਂ ਵਿਚ ਵੇਖਣ ਵਿਚ ਆਇਆ ਹੈ ਕਿ ਜਿਸ ਘਰ ਵਿਚ ਅੱਜ ਬਜ਼ੁਰਗ ਰਹਿ ਰਹੇ ਹਨ ਉਨ੍ਹਾਂ ਦੇ ਨੌਜਵਾਨ ਬੱਚਿਆਂ ਨੂੰ ਇਹੀ ਫ਼ਿਕਰ ਖਾਈ ਜਾਂਦਾ ਹੈ ਕਿ ਕਦੋਂ ਇਨ੍ਹਾਂ ਬਜ਼ੁਰਗਾਂ ਤੋਂ ਉਨ੍ਹਾਂ ਨੂੰ ਛੁਟਕਾਰਾ ਮਿਲੇਗਾ।

ਧੀਆਂ-ਪੁੱਤਰਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਬਜ਼ੁਰਗਾਂ ਦੀ ਬਦੌਲਤ ਹੀ ਉਨ੍ਹਾਂ ਨੇ ਜ਼ਿੰਦਗੀ ਦੇ ਕਈ ਅਹਿਮ ਮੁਕਾਮ ਸਰ ਕੀਤੇ ਹਨ। ਬਜ਼ੁਰਗਾਂ ਨੇ ਹੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰ ਕੇ ਧੀਆਂ ਪੁੱਤਰਾਂ ਨੂੰ ਤਰੱਕੀਆਂ ਦੀਆਂ ਪੌੜੀਆਂ ਚੜ੍ਹਨੇ ਸਿਖਾਇਆ ਹੈ। ਬਜ਼ੁਰਗਾਂ ਦੀ ਸੇਵਾ ਸਾਨੂੰ ਘਰ ਪਰਿਵਾਰ ਵਿਚ ਰਲ ਮਿਲਕੇ ਕਰਨੀ ਚਾਹੀਦੀ ਹੈ। ਬਜ਼ੁਰਗਾਂ ਤੋਂ ਚੰਗੀਆਂ ਗੱਲਾਂ ਸਿੱਖ ਕੇ ਸਾਡੇ ਬੱਚੇ ਚੰਗੇ ਇਨਸਾਨ ਬਣ ਸਕਦੇ ਹਨ। ਮਾਪਿਆਂ ਦਾ ਦਰਜਾ ਦੁਨੀਆ ਵਿਚ ਸਭ ਤੋਂ ਉੱਚਾ ਹੈ। ਮਾਪੇ ਹਰ ਹਾਲ ਵਿਚ ਆਪਣੇ ਬੱਚਿਆਂ ਨੂੰ ਦੁਨੀਆ ਦੀ ਹਰ ਸੁੱਖ ਸਹੂਲਤ ਦੇਣ ਲਈ ਤਤਪਰ ਰਹਿੰਦੇ ਹਨ। ਬੱਚਿਆਂ ਨੂੰ ਪਾਲ ਪੋਸਕੇ ਵੱਡੇ ਕਰਨਾ, ਅਣਗਿਣਤ ਉਪਕਾਰ ਕਰਨਾ ਅਤੇ ਉਨ੍ਹਾਂ ਦੀਆਂ ਇੱਛਾਵਾਂ ਦੀ ਪੂਰਤੀ ਲਈ ਆਪਣੀਆਂ ਖ਼ੁਸ਼ੀਆਂ ਨਾਲ ਸਮਝੌਤਾ ਕਰਨਾ ਮਾਪਿਆਂ ਦੇ ਹਿੱਸੇ ਹੀ ਆਇਆ ਹੈ। ਦੁਨੀਆ ਵਿਚ ਸਿਰਫ਼ ਮਾਪੇ ਹੀ ਚਾਹੁੰਦੇ ਹਨ ਕਿ ਉਨ੍ਹਾਂ ਦੀ ਔਲਾਦ ਉਨ੍ਹਾਂ ਤੋਂ ਵੀ ਵੱਧ ਤਰੱਕੀ ਕਰੇ। ਮਾਂ-ਬਾਪ ਧਰਤੀ ਉੱਤੇ ਰੱਬ ਦਾ ਹੀ ਰੂਪ ਹੁੰਦੇ ਹਨ। ਧਾਰਮਿਕ ਗ੍ਰੰਥਾਂ ਵਿਚ ਵੀ ਮਾਤਾ-ਪਿਤਾ ਨੂੰ ਸਭ ਤੋਂ ਉੱਤਮ ਦਰਜਾ ਪ੍ਰਦਾਨ ਕੀਤਾ ਗਿਆ ਹੈ। ਸਾਨੂੰ ਮਾਤਾ-ਪਿਤਾ ਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ। ਔਲਾਦ ਦੇ ਸੁੱਖ ਖ਼ਾਤਰ ਮਾਪੇ ਹਰ ਦੁੱਖ ਝੱਲਣ ਨੂੰ ਤਿਆਰ ਬਰ ਤਿਆਰ ਰਹਿੰਦੇ ਹਨ। ਬੱਚਿਆਂ ਦੇ ਮਾੜੇ ਕਾਰਨਾਮਿਆਂ ਕਰਕੇ ਵੀ ਮਾਪੇ ਆਪਣੇ ਬੱਚਿਆਂ ਨੂੰ ਘ੍ਰਿਣਾ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਸਹੀ ਦਿਸ਼ਾ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ। ਮਾਪੇ ਆਪਣੀ ਜ਼ਿੰਦਗੀ ਭਰ ਦੀ ਕਮਾਈ ਦੌਲਤ ਨੂੰ ਮਿੰਟਾਂ ਵਿਚ ਹੀ ਪੁੱਤਰਾਂ ਨੂੰ ਦੇ ਦਿੰਦੇ ਹਨ। ਪਰ ਇਹ ਪੁੱਤਰ ਦੌਲਤ ਮਿਲਣ ਤੋਂ ਬਾਅਦ ਆਪਣੇ ਮਾਪਿਆਂ ਨਾਲ ਬੁਰਾ ਸਲੂਕ ਕਰਦੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਆਪਣੇ ਫ਼ਰਜ਼ਾਂ ਤੋਂ ਪੱਲਾ ਝਾੜਦੀ ਨਜ਼ਰ ਆ ਰਹੀ ਹੈ। ਅੱਜ ਦੇ ਪੁੱਤਰਾਂ ਹੱਥੋਂ ਮਾਪਿਆਂ ਦੀ ਹਾਲਤ ਕਿਸੇ ਤੋਂ ਲੁਕੀ ਨਹੀਂ ਹੈ।

ਨੌਜਵਾਨਾਂ ਵੱਲੋਂ ਬਜ਼ੁਰਗਾਂ ਨਾਲ ਦੁਰਵਿਵਹਾਰ ਦੀਆਂ ਖ਼ਬਰਾਂ ਨਾਲ ਰੋਜ਼ਾਨਾ ਅਖ਼ਬਾਰ ਭਰੇ ਹੁੰਦੇ ਹਨ। ਬਜ਼ੁਰਗਾਂ ਨਾਲ ਦੁਰਵਿਵਹਾਰ ਦੇ ਅਨੇਕਾਂ ਕਾਰਨ ਹਨ। ਨੂੰਹਾਂ ਪੁੱਤਰਾਂ ਨਾਲ ਕਲੇਸ਼ ਦਾ ਕਾਰਨ ਕਈ ਵਾਰ ਬਜ਼ੁਰਗ ਬਣ ਜਾਂਦੇ ਹਨ। ਕਲੇਸ਼ ਦਾ ਕਾਰਨ ਦੋਹਾਂ ਪਾਸਿਆਂ ਵੱਲੋਂ ਸਹਿਣਸ਼ੀਲਤਾ ਦੀ ਘਾਟ ਹੈ। ਕੋਈ ਧਿਰ ਗ਼ਲਤੀ ਮੰਨਣ ਨੂੰ ਤਿਆਰ ਨਹੀਂ ਹੁੰਦੀ। ਬਜ਼ੁਰਗ ਮਾਂ-ਬਾਪ ਆਪਣੀ ਔਲਾਦ ਦਾ ਨੁਕਸਾਨ ਹੁੰਦਾ ਜਰ ਨਹੀਂ ਸਕਦੇ। ਇਸ ਨੁਕਸਾਨ ਨੂੰ ਰੋਕਣ ਵਾਸਤੇ ਜਦੋਂ ਬਜ਼ੁਰਗ ਮਾਂ-ਬਾਪ ਆਪਣੀ ਔਲਾਦ ਨੂੰ ਸਮਝਾਉਂਦੇ ਹਨ ਤਾਂ ਨੌਜਵਾਨ ਘਰ ਵਿਚ ਕਲੇਸ਼ ਸ਼ੁਰੂ ਕਰ ਦਿੰਦੇ ਹਨ। ਜੋ ਕਈ ਵਾਰ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ। ਤੇ ਫਿਰ ਪਛਤਾਵਾ ਕਰਨ ਤੋਂ ਸਿਵਾਏ ਹੋਰ ਕੁਝ ਵੀ ਪੱਲੇ ਨਹੀਂ ਬਚਦਾ। ਤਕਨਾਲੋਜੀ ਨੇ ਵੀ ਬਜ਼ੁਰਗਾਂ ਦੀ ਅਣਦੇਖੀ ਅਤੇ ਉਨ੍ਹਾਂ ਨਾਲ ਮਾੜੇ ਸਲੂਕ ਵਿਚ ਆਪਣਾ ਯੋਗਦਾਨ ਪਾਇਆ ਹੈ। ਔਲਾਦ ਆਪਣੇ ਮਾਂ-ਬਾਪ ਦੀ ਬਜਾਏ ਮੋਬਾਈਲ ਫੋਨ ਅਤੇ ਕੰਪਿਊਟਰ ਨੂੰ ਜ਼ਿਆਦਾ ਤਵੱਜੋ ਦਿੰਦੀ ਹੈ। ਇਸ ਦਾ ਬਜ਼ੁਰਗਾਂ ਦੇ ਜੀਵਨ 'ਤੇ ਉਲਟ ਅਸਰ ਪੈਂਦਾ ਹੈ। ਬਜ਼ੁਰਗ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ ਮੋਬਾਈਲ ਫੋਨਾਂ 'ਤੇ ਬਹੁਤ ਜ਼ਿਆਦਾ ਰੁੱਝੇ ਰਹਿਣ ਕਾਰਨ ਉਨ੍ਹਾਂ ਵੱਲ ਧਿਆਨ ਨਹੀਂ ਦਿੰਦੇ ਜਿਸ ਕਾਰਨ ਉਹ ਖ਼ੁਦ ਨੂੰ ਅਣਗੌਲੇ ਹੋਏ ਅਤੇ ਅਪਮਾਨਿਤ ਮਹਿਸੂਸ ਕਰਦੇ ਹਨ।

ਬਹੁਤ ਸਾਰੇ ਬਜ਼ੁਰਗ ਆਪਣੇ ਪੋਤੇ ਪੋਤੀਆਂ ਨੂੰ ਬਹੁਤ ਪਿਆਰ ਕਰਦੇ ਹਨ। ਪਰ ਉਨ੍ਹਾਂ ਦਾ ਇਹ ਪਿਆਰ ਸਿਰੇ ਨਹੀਂ ਚੜ੍ਹਦਾ। ਕਿਉਂਕਿ ਜ਼ਿਆਦਾਤਰ ਨੂੰਹ-ਪੁੱਤਰਾਂ ਵੱਲੋਂ ਇਹ ਗੱਲ ਕਹਿਕੇ ਉਨ੍ਹਾਂ ਦੇ ਦਾਦੇ-ਦਾਦੀਆਂ ਨੂੰ ਮਿਲਣ ਨਹੀਂ ਦਿੱਤਾ ਜਾਂਦਾ ਕਿ ਉਹ ਪੁਰਾਣੇ ਵਿਚਾਰਾਂ ਦੇ ਹਨ। ਇਸੇ ਕਰਕੇ ਘਰਾਂ ਵਿਚ ਕਲੇਸ਼ ਪੈ ਜਾਂਦੇ ਹਨ ਤੇ ਬਜ਼ੁਰਗਾਂ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਉਹ ਬੁਢਾਪੇ ਵਿਚ ਆਪਣੇ ਆਪ ਨੂੰ ਹੱਥੀਂ ਮਿਹਨਤ ਸਦਕਾ ਅਬਾਦ ਕੀਤਾ ਹੋਇਆ ਬਗ਼ੀਚਾ ਦੁਖੀ ਹਿਰਦੇ ਨਾਲ ਛੱਡਕੇ ਬਿਰਧ ਆਸ਼ਰਮਾਂ ਵਿਚ ਚਲੇ ਜਾਂਦੇ ਹਨ। ਮੈਥਿਉ ਚੇਰੀਅਨ ਅਨੁਸਾਰ 60 ਫ਼ੀਸਦੀ ਤੋਂ ਜ਼ਿਆਦਾ ਬੁਜ਼ਰਗਾਂ ਅਨੁਸਾਰ ਬੱਚਿਆਂ ਅਤੇ ਪੋਤਿਆਂ ਦੇ ਮੋਬਾਇਲ ਫੋਨਾਂ ਅਤੇ ਕੰਪਿਊਟਰਾਂ 'ਤੇ ਰੁਝੇ ਰਹਿਣ ਕਾਰਨ ਉਹ ਉਨ੍ਹਾਂ ਨਾਲ ਘੱਟ ਸਮਾਂ ਬਿਤਾਉਂਦੇ ਹਨ। 78 ਫ਼ੀਸਦੀ ਬਜ਼ੁਰਗਾਂ ਮੁਤਾਬਕ ਸੋਸ਼ਲ ਮੀਡੀਏ ਨੇ ਪਰਿਵਾਰਾਂ ਨਾਲ ਬਿਤਾਇਆ ਜਾਣ ਵਾਲਾ ਉਨ੍ਹਾਂ ਦਾ ਸਮਾਂ ਖੋਹ ਲਿਆ ਹੈ। ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਮੁਖੀ ਡਾ. ਇੰਦਰਜੀਤ ਕੌਰ ਅਨੁਸਾਰ ਕਈ ਮਾਮਲਿਆਂ ਵਿਚ ਔਲਾਦ ਆਪਣੇ ਬਜ਼ੁਰਗਾਂ ਨਾਲ ਗਾਲੀ ਗਲੋਚ ਅਤੇ ਉਨ੍ਹਾਂ ਦਾ ਘੋਰ ਅਪਮਾਨ ਕਰਦੀ ਹੈ ਅਤੇ ਉਨ੍ਹਾਂ ਦੀ ਸਾਰੀ ਜਮ੍ਹਾਂ ਪੂੰਜੀ ਖੋਹ ਲੈਣ ਤੋਂ ਬਾਅਦ ਸੜਕਾਂ 'ਤੇ ਸੁੱਟ ਦਿੰਦੀ ਹੈ।

ਦੇਸ਼ ਵਿਚ ਪਰਿਵਾਰ ਵਾਲਿਆਂ ਹੱਥੋਂ 56 ਫ਼ੀਸਦੀ ਬਜ਼ੁਰਗਾਂ ਦਾ ਅਪਮਾਨ ਹੁੰਦਾ ਹੈ। 48 ਫ਼ੀਸਦੀ ਬਜ਼ੁਰਗਾਂ ਨਾਲ ਗਾਲੀ ਗਲੋਚ, 33 ਫ਼ੀਸਦੀ ਬਜ਼ੁਰਗ ਅਣਦੇਖੀ ਦਾ ਸ਼ਿਕਾਰ, 22 ਫ਼ੀਸਦੀ ਬਜ਼ੁਰਗ ਆਰਥਿਕ ਸ਼ੋਸ਼ਣ ਤੇ 12 ਫ਼ੀਸਦੀ ਬਜ਼ੁਰਗ ਸਰੀਰਕ ਤਸ਼ੱਦਦ ਦਾ ਸ਼ਿਕਾਰ ਹੁੰਦੇ ਹਨ। ਅਜਿਹੇ ਬਜ਼ੁਰਗਾਂ ਨਾਲ ਦੁਰਵਿਵਹਾਰ 34 ਫ਼ੀਸਦੀ ਨੂੰਹਾਂ ਅਤੇ 52 ਫ਼ੀਸਦੀ ਬਜ਼ੁਰਗਾਂ ਦੇ ਪੁੱਤ ਕਰਦੇ ਹਨ। ਹੈਲਪਏਜ ਇੰਡੀਆ ਦੇ ਸੀ.ਈ.ਓ. ਮੈਥਿਉ ਚੇਰੀਅਨ ਵੱਲੋਂ ਜਾਰੀ ਰਿਪੋਰਟ ਮੁਤਾਬਕ ਹਰ ਸਾਲ ਅਸੀਂ ਆਪਣੇ ਬਜ਼ੁਰਗਾਂ ਵਿਰੁੱਧ ਕੀਤੇ ਜਾਣ ਵਾਲੇ ਇਸ ਘਿਨਾਉਣੇ ਅਪਰਾਧ ਨੂੰ ਸਮਝਣ ਤੇ ਇਸ ਵਿਰੁੱਧ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਬਦਕਿਸਮਤੀ ਨਾਲ ਬਜ਼ੁਰਗਾਂ 'ਤੇ ਤਸ਼ੱਦਦ ਘਰ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਨੂੰ ਉਹ ਲੋਕ ਅੰਜਾਮ ਦਿੰਦੇ ਹਨ ਜਿਨ੍ਹਾਂ 'ਤੇ ਉਹ ਸਭ ਤੋਂ ਵੱਧ ਭਰੋਸਾ ਕਰਦੇ ਹਨ।

ਦੁਰਵਿਵਹਾਰ ਕਾਰਨ ਬਜ਼ੁਰਗ ਮਾਂ-ਬਾਪ ਆਪਣੇ ਲਹੂ ਪਸੀਨੇ ਦੀ ਕਮਾਈ ਨਾਲ ਬਣਾਏ ਗਏ ਘਰਾਂ ਨੂੰ ਛੱਡਕੇ ਬਿਰਧ ਆਸ਼ਰਮਾਂ ਵਿਚ ਭਰਤੀ ਹੋ ਜਾਂਦੇ ਹਨ। ਕਈ ਵਾਰ ਇਹ ਗੱਲ ਪੜ੍ਹਨ ਅਤੇ ਸੁਣਨ ਨੂੰ ਵੀ ਮਿਲਦੀ ਹੈ ਕਿ ਬਜ਼ੁਰਗ ਮਜਬੂਰੀਵਸ ਹੋ ਕੇ ਮਰਨ ਤੋਂ ਪਹਿਲਾਂ ਹੀ ਆਪਣੀ ਜ਼ਿੰਦਗੀ ਦੀਆਂ ਆਖ਼ਰੀ ਰਸਮਾਂ ਆਪਣੇ ਹੱਥੀਂ ਪੂਰੀਆਂ ਕਰ ਕੇ ਤੇ ਪੁੰਨਦਾਨ ਵੀ ਕਰ ਦਿੰਦੇ ਹਨ। ਬੁਢਾਪਾ ਤਾਂ ਉਮਰ ਮੁਤਾਬਕ ਸਭ 'ਤੇ ਹੀ ਆਉਣਾ ਹੈ। ਜੇ ਸੋਚ ਸਾਫ਼ ਸੁਥਰੀ ਹੋਵੇ ਅਤੇ ਸਿਹਤ ਵੀ ਚੰਗੀ ਹੋਵੇ ਤਾਂ ਇਹ ਬੁਢਾਪਾ ਵੀ ਕੁਝ ਪਲ ਠਹਿਰਕੇ ਆਉਂਦਾ ਹੈ। ਪਰ ਇਸ ਦੇ ਉਲਟ ਜੇ ਬਜ਼ੁਰਗਾਂ ਦੀ ਜਾਂ ਨੂੰਹਾਂ-ਪੁੱਤਾਂ ਦੀ ਸੋਚ ਹੀ ਸਹੀ ਨਹੀਂ ਤੇ ਘਰੇਲੂ ਹਾਲਾਤ ਵੀ ਠੀਕ ਨਾ ਹੋਣ ਤਾਂ ਸਿਹਤ ਵੀ ਜਲਦੀ ਖ਼ਰਾਬ ਹੋ ਜਾਂਦੀ ਹੈ ਤੇ ਬੁਢਾਪਾ ਵੀ ਜਲਦੀ ਹੀ ਝਲਕਾਂ ਮਾਰਨ ਲੱਗ ਜਾਂਦਾ ਹੈ।

ਕੇਂਦਰ ਤੇ ਸੂਬਾਈ ਸਰਕਾਰਾਂ ਨੇ ਮਾਪੇ ਤੇ ਸੀਨੀਅਰ ਸਿਟੀਜ਼ਨ ਦੇਖਭਾਲ ਅਤੇ ਭਲਾਈ ਸਬੰਧੀ ਕੁਝ ਕਾਨੂੰਨ ਬਣਾਏ ਹਨ। ਪਰ ਇਨ੍ਹਾਂ ਕਾਨੂੰਨਾਂ ਅਤੇ ਅਧਿਕਾਰਾਂ ਦੀ ਬਹੁਤੇ ਬਜ਼ੁਰਗਾਂ ਨੂੰ ਜਾਣਕਾਰੀ ਨਹੀਂ ਹੈ। ਇਸ ਲਈ ਇਨ੍ਹਾਂ ਕਾਨੂੰਨਾਂ ਦੇ ਵਿਆਪਕ ਪ੍ਰਚਾਰ ਦੀ ਲੋੜ ਹੈ ਤਾਂ ਕਿ ਬਜ਼ੁਰਗਾਂ ਨੂੰ ਆਪਣੇ ਅਧਿਕਾਰਾਂ ਦਾ ਪਤਾ ਲੱਗ ਸਕੇ। ਉਨ੍ਹਾਂ ਨੂੰ ਜੀਵਨ ਦੇ ਆਖ਼ਰੀ ਪੜਾਅ ਵਿਚ ਆਪਣੀਆਂ ਹੀ ਔਲਾਦ ਦੀ ਅਣਦੇਖੀ ਦਾ ਸ਼ਿਕਾਰ ਹੋ ਕੇ ਆਪਣੀਆਂ ਛੋਟੀਆਂ-ਛੋਟੀਆਂ ਲੋੜਾਂ ਲਈ ਤਰਸਣਾ ਨਾ ਪਵੇ। ਮਾਂ-ਬਾਪ ਆਪਣੀ ਜਾਇਦਾਦ ਦੀ ਵਸੀਅਤ ਬੱਚਿਆਂ ਦੇ ਨਾਂ ਜ਼ਰੂਰ ਕਰ ਦੇਣ ਪਰ ਜਾਇਦਾਦ ਬੱਚਿਆਂ ਦੇ ਨਾਂ ਟਰਾਂਸਫਰ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਮਾਂ-ਬਾਪ ਆਪਣੇ ਜੀਵਨ ਦੇ ਆਖ਼ਰੀ ਪੜਾਅ ਵਿਚ ਆਉਣ ਵਾਲੀਆਂ ਕਈ ਪਰੇਸ਼ਾਨੀਆਂ ਤੋਂ ਬਚ ਸਕਦੇ ਹਨ।

ਬਹੁਤ ਸਾਰੇ ਨੂੰਹ-ਪੁੱਤ ਸੱਸ ਸਹੁਰਿਆਂ ਦਾ ਦਿਲੋਂ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਕੀਮਤੀ ਖ਼ਜ਼ਾਨਾ ਸਮਝਦੇ ਹਨ। ਕਈ ਨੂੰਹਾਂ ਆਪਣੇ ਸੱਸ ਸਹੁਰਿਆਂ ਦੀ ਫੁੱਲਾਂ ਵਾਂਗ ਸੇਵਾ ਕਰਦੀਆਂ ਹਨ ਚਾਹੇ ਉਹ ਬਿਮਾਰ ਹੋਣ ਜਾਂ ਤੰਦਰੁਸਤ। ਉਹ ਆਪਣੇ ਬੱਚਿਆਂ ਨੂੰ ਬਜ਼ੁਰਗ ਮਾਂ-ਬਾਪ ਨੂੰ ਮਿਲਣ ਦਿੰਦੀਆਂ ਹਨ। ਬਜ਼ੁਰਗ ਮਾਂ-ਬਾਪ ਨੂੰ ਸਹੀ ਵਕਤ ਨਾਲ ਰੋਟੀ ਦਿੰਦੀਆਂ ਹਨ। ਬਜ਼ੁਰਗ ਮਾਂ-ਬਾਪ ਦੀ ਰਾਏ ਅਨੁਸਾਰ ਖਾਣਾ ਤਿਆਰ ਕਰਦੀਆਂ ਹਨ। ਉਨ੍ਹਾਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਣਾ ਆਪਣਾ ਫ਼ਰਜ਼ ਸਮਝਦੀਆਂ ਹਨ। ਪਰ ਜ਼ਿਆਦਾਤਰ ਨੂੰਹਾਂ ਬਜ਼ੁਰਗਾਂ ਨੂੰ ਘਰਾਂ ਵਿਚ ਬੋਝ ਸਮਝਦੀਆਂ ਹਨ ਅਤੇ ਉਨ੍ਹਾਂ ਦੀ ਸਹੀ ਤਰੀਕੇ ਨਾਲ ਸੇਵਾ ਨਹੀਂ ਕਰਦੀਆਂ।

ਸਾਡੇ ਦੇਸ਼ ਵਿਚ ਵੀ ਹੁਣ ਬਾਹਰਲੇ ਮੁਲਕਾਂ ਵਰਗਾ ਵਾਤਾਵਾਰਨ ਬਣ ਗਿਆ ਹੈ। ਮਾਤਾ-ਪਿਤਾ ਦਾ ਸਾਡੇ ਜੀਵਨ 'ਚ ਬਹੁਤ ਮਹੱਤਵ ਹੈ। ਉਨ੍ਹਾਂ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ। ਮਾਂ-ਬਾਪ ਲਈ ਉਨ੍ਹਾਂ ਦੇ ਬੱਚੇ ਹੀ ਉਨ੍ਹਾਂ ਦਾ ਸਹਾਰਾ ਬਣਦੇ ਹਨ। ਸਮੇਂ ਮੁਤਾਬਕ ਬਦਲਦੇ ਬੱਚਿਆਂ ਦਾ ਮਾਪਿਆਂ ਪ੍ਰਤੀ ਰਵੱਈਏ ਵਿਚ ਕੁਝ ਪਰਿਵਰਤਨ ਆ ਗਿਆ ਹੈ। ਉਨ੍ਹਾਂ ਕੋਲ ਆਪਣੇ ਮਾਪਿਆਂ ਲਈ ਬਿਲਕੁਲ ਸਮਾਂ ਨਹੀਂ ਹੁੰਦਾ ਜਦ ਕਿ ਮਾਪਿਆਂ ਦੀ ਦੇਣ ਕੋਈ ਵੀ ਬੱਚਾ ਆਪਣੇ ਇਸ ਜਨਮ ਵਿਚ ਕਦੇ ਵੀ ਨਹੀਂ ਦੇ ਸਕਦਾ। ਪੈਸੇ ਕਰਕੇ ਹੀ ਬਹੁਤ ਸਾਰੇ ਬੱਚੇ ਆਪਣੇ ਮਾਪਿਆਂ ਨੂੰ ਛੱਡ ਰਹੇ ਹਨ। ਕੁਝ ਨਾਸਮਝ ਬੱਚੇ ਹੋਰ ਲੋਕਾਂ ਦੀਆਂ ਗੱਲਾਂ ਵਿਚ ਆ ਕੇ ਆਪਣੇ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਭੇਜ ਦਿੰਦੇ ਹਨ। ਬੱਚਿਆਂ ਨੂੰ ਆਪਣੀ ਸੋਚ 'ਚ ਤਬਦੀਲੀ ਲਿਆਉਣੀ ਚਾਹੀਦੀ ਹੈ।

ਮਾਂ-ਬਾਪ ਤਾਂ ਹਮੇਸ਼ਾ ਆਪਣੇ ਬੱਚਿਆਂ ਦੀ ਚੰਗੀ ਤਰ੍ਹਾਂ ਦੇਖ ਭਾਲ ਕਰਦੇ ਹਨ। ਪਰ ਜਦੋਂ ਉਨ੍ਹਾਂ ਨੂੰ ਸੰਭਾਲਣ ਦਾ ਸਮਾਂ ਆਉਂਦਾ ਹੈ ਤਾਂ ਬੱਚੇ ਆਪਣਾ ਧਰਮ ਨਿਭਾਉਣ ਤੋਂ ਭੱਜਦੇ ਹਨ। ਇਸ ਗੱਲ ਬਾਰੇ ਹਰ ਬੱਚੇ ਨੂੰ ਮਾਪਿਆਂ ਪ੍ਰਤੀ ਸੋਚਣਾ ਚਾਹੀਦਾ ਹੈ। ਬਜ਼ੁਰਗ ਮਾਪਿਆਂ ਨੂੰ ਤਾਂ ਸਗੋਂ ਜ਼ਿਆਦਾ ਸਾਂਭ ਸੰਭਾਲ ਕਰਨ ਦੀ ਲੋੜ ਪੈਂਦੀ ਹੈ। ਪਰ ਨੌਜਵਾਨ ਇਸ ਜ਼ਿੰਮੇਵਾਰੀ ਨੂੰ ਇਕ ਮੁਸੀਬਤ ਕਹਿਕੇ ਇਸ ਤੋਂ ਭੱਜਣ ਲੱਗਦੇ ਹਨ। ਮਾਪਿਆਂ ਨੂੰ ਵੀ ਢਲਦੀ ਉਮਰ ਵਿਚ ਆਪਣੇ ਸੁਭਾਉ ਅਤੇ ਆਪਣੇ ਬੱਚਿਆਂ ਪ੍ਰਤੀ ਰਵੱਈਏ ਨੂੰ ਬਦਲ ਲੈਣਾ ਚਾਹੀਦਾ ਹੈ। ਬੱਚਿਆਂ ਨੂੰ ਆਪਣੇ ਬਜ਼ੁਰਗ ਮਾਂ-ਬਾਪ ਨੂੰ ਇਹ ਅਹਿਸਾਸ ਨਹੀਂ ਹੋਣ ਦੇਣਾ ਚਾਹੀਦਾ ਕਿ ਉਹ ਜੀਵਨ ਵਿਚ ਇਕੱਲੇ ਅਤੇ ਬੇਵਸ ਹਨ। ਸਾਨੂੰ ਸਾਰਿਆਂ ਨੂੰ ਜੀਵਨ ਭਰ ਆਪਣੇ ਬਜ਼ੁਰਗ ਮਾਂ-ਬਾਪ ਨਾਲ ਖ਼ੁਸ਼ੀ-ਖ਼ੁਸ਼ੀ ਜੀਵਨ ਬਤੀਤ ਕਰਨਾ ਚਾਹੀਦਾ ਹੈ। •



• ਨਰਿੰਦਰ ਸਿੰਘ
98146-62260

ਹੈਲਪਏਜ ਇੰਡੀਆ ਦੇ ਸੀ.ਈ.ਓ. ਮੈਥਿਉ ਚੇਰੀਅਨ ਵੱਲੋਂ ਜਾਰੀ ਰਿਪੋਰਟ ਮੁਤਾਬਕ ਹਰ ਸਾਲ ਅਸੀਂ ਆਪਣੇ ਬਜ਼ੁਰਗਾਂ ਵਿਰੁੱਧ ਕੀਤੇ ਜਾਣ ਵਾਲੇ ਇਸ ਘਿਨਾਉਣੇ ਅਪਰਾਧ ਨੂੰ ਸਮਝਣ ਤੇ ਇਸ ਵਿਰੁੱਧ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਬਦਕਿਸਮਤੀ ਨਾਲ ਬਜ਼ੁਰਗਾਂ 'ਤੇ ਤਸ਼ੱਦਦ ਘਰ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਨੂੰ ਉਹ ਲੋਕ ਅੰਜਾਮ ਦਿੰਦੇ ਹਨ ਜਿਨ੍ਹਾਂ 'ਤੇ ਉਹ ਸਭ ਤੋਂ ਵੱਧ ਭਰੋਸਾ ਕਰਦੇ ਹਨ...



# ਚੋਣਕਾਰ ਰਜਿਸਟਰੇਸ਼ਨ ਅ.ਫਸਰ ਮਾਲੇਰਕੋਟਲਾ ਨੇ ਗਣਤੰਤਰ ਦਿਵਸ ਮੌਕੇ ਅੱਛੀ ਕਾਰਗੁਜ਼ਾਰੀ ਵਾਲੇ ਬੀ.ਐੱਲ.ਓਜ ਦਾ ਕੀਤਾ ਸਨਮਾਨ



**ਮਾਲੇਰਕੋਟਲਾ,**
**-ਰੋਜ਼ਾਨਾ ਸਵੇਰਾ-**

74ਵੇਂ ਗਣਤੰਤਰ ਦਿਵਸ ਮੌਕੇ ਵਿਧਾਨ ਸਭਾ ਹਲਕਾ -105 ਮਾਲੇਰਕੋਟਲਾ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਕਮ ਐਸ.ਡੀ.ਐਮ. ਸ੍ਰੀ ਕਰਨਦੀਪ ਸਿੰਘ ਨੇ ਹਲਕੇ ਦੇ ਬੂਥ ਲੈਵਲ ਅਫ਼ਸਰਾਂ ਜਿਨ੍ਹਾਂ ਨੇ ਜ਼ਿਮਨੀ ਲੋਕ ਸਭਾ ਚੋਣਾਂ–2022, ਸਪੈਸ਼ਲ ਸਮਰੀ ਰਿਵੀਜ਼ਨ ਅਤੇ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦੇ ਕੰਮ ਵਿੱਚ ਆਪਣਾ 100 ਪ੍ਰਤੀਸ਼ਤ ਯੋਗਦਾਨ ਦਿੱਤਾ ਉਨ੍ਹਾਂ ਨੂੰ ਆਪਣੇ ਦਫ਼ਤਰ ਵਿਖੇ ਸਨਮਾਨਿਤ ਕੀਤਾ । ਉਨ੍ਹਾਂ ਇਨ੍ਹਾਂ ਬੀ.ਐਲ.ਓਜ ਨੂੰ ਪ੍ਰੇਰਿਤ ਕਰਦਿਆ ਕਿਹਾ ਕਿ ਉਨ੍ਹਾਂ ਨੂੰ ਆਪਣਾ ਕੰਮ ਇਸੇ ਤਰ੍ਹਾਂ ਇਮਾਨਦਾਰੀ ਤਨਦੇਹੀ ਅਤੇ ਲਗਨ ਨਾਲ ਕਰਨਾ ਚਾਹੀਦਾ ਹੈ। ਅਜਿਹੇ ਵਿਅਕਤੀ ਦੂਜਿਆਂ ਲਈ ਵੀ ਰੋਲ ਮਾਡਲ ਬਣਦੇ ਹਨ ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ ਕਮ ਐਸ.ਡੀ.ਐਮ. ਸ੍ਰੀ ਕਰਨਦੀਪ ਸਿੰਘ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਪੰਜਾਬ ਵੱਲੋਂ ਰਾਜ ਦੇ ਸਮੂਹ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਰਜਿਸਟਰ ਹੋਏ ਵੋਟਰਾਂ ਦੇ ਡਾਟੇ ਨੂੰ ਆਧਾਰ ਕਾਰਡ ਨਾਲ ਲਿੰਕ ਕਰਕੇ ਉਨ੍ਹਾਂ ਦੀ ਵੋਟਰ ਸੂਚੀ ਵਿੱਚ ਐਂਟਰੀ ਨੂੰ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ । ਬੂਥ ਲੈਵਲ ਅਫ਼ਸਰਾਂ ਵੱਲੋਂ ਵੋਟਰਾਂ ਦੇ ਘਰ-ਘਰ ਜਾ ਕੇ ਆਨ-ਲਾਈਨ ਵਿਧੀ (ਮੋਬਾਇਲ ਐਪ ਰਾਹੀਂ) ਅਤੇ ਆਫ਼-ਲਾਈਨ ਵਿਧੀ ਰਾਹੀਂ ਫਾਰਮ ਨੰਬਰ 6-ਬੀ ਪ੍ਰਾਪਤ ਕਰਕੇ ਆਨ-ਲਾਈਨ ਕੀਤੇ ਜਾ ਰਹੇ ਹਨ।

ਉਨ੍ਹਾਂ ਵੋਟਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਆਧਾਰ ਕਾਰਡ ਸਬੰਧੀ ਜਾਣਕਾਰੀ ਅੱਪਡੇਟ ਕਰਵਾਉਣ ਜਾ ਘਰ ਬੈਠੇ ਆਪਣੀ ਵੋਟ ਨੂੰ ਭਾਰਤ ਚੋਣ ਕਮਿਸ਼ਨਰ ਵੱਲੋਂ ਕੁਝ ਆਈ.ਟੀ. ਐਪਲੀਕੇਸ਼ਨਾਂ ਦੇ ਸਹਿਯੋਗ ਨਾਲ ਵੋਟਰ ਕਾਰਡ ਨੂੰ ਆਪਣੇ ਆਧਾਰ ਕਾਰਡ ਨਾਲ ਲਿੰਕ ਕਰਵਾ ਸਕਦੇ ਹਨ ਜਾਂ ਦਫ਼ਤਰ ਉਪ ਮੰਡਲ ਮੈਜਿਸਟਰੇਟ, ਮਾਲੇਰਕੋਟਲਾ ਦੇ ਦਫ਼ਤਰ ਵਿਖੇ ਕਿਸੇ ਵੀ ਕੰਮਕਾਜ ਵਾਲੇ ਦਿਨ ਫਾਰਮ ਨੰਬਰ 06 ਬੀ ਭਰ ਕੇ ਵੀ ਦੇ ਸਕਦਾ ਹੈ । ਉਨ੍ਹਾਂ ਨਵੇਂ ਰਜਿਸਟਰ ਹੋਣ ਵਾਲੇ ਵੋਟਰਾਂ ਨੂੰ ਕਿਹਾ ਕਿ ਨਵੀਂ ਵੋਟ ਬਣਾਉਣ ਸਮੇਂ ਫਾਰਮ ਨੰਬਰ 6-ਬੀ (ਜਿਸ ਵਿੱਚ ਅਧਾਰ ਕਾਰਡ ਦੀ ਜਾਣਕਾਰੀ ਹੈ) ਵੀ ਭਰਨ ਨੂੰ ਯਕੀਨੀ ਬਣਾਉਣ ।

# ਮਿਲਟਰੀ ਲਿਟਰੇਚਰ ਫੈਸਟੀਵਲ ’ਚ ਟੈਂਕਾਂ ਤੇ ਫ਼ੌਜੀ ਸਾਜੋ ਸਾਮਾਨ ਨੇ ਬਿਖੇਰਿਆ ਦੇਸ਼ ਭਗਤੀ ਦਾ ਰੰਗ

## ➢ ਜੰਗੀ ਹਥਿਆਰਾਂ ਨੇ ਨੌਜਵਾਨਾਂ ਨੂੰ ਹਥਿਆਰਬੰਦ ਫ਼ੌਜਾਂ ’ਚ ਭਰਤੀ ਹੋਣ ਲਈ ਪ੍ਰੇਰਿਆ ➢ ਡਿਪਟੀ ਕਮਿਸ਼ਨਰ ਵੱਲੋਂ 29 ਜਨਵਰੀ ਨੂੰ ਮਿਲਟਰੀ ਲਿਟਰੇਚਰ ਫੈਸਟੀਵਲ ’ਚ ਪੁੱਜਣ ਦਾ ਖੁੱਲਾਂ ਸੱਦਾ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪਟਿਆਲਾ ਵਿਖੇ ਸ਼ੁਰੂ ਹੋਏ ਦੋ ਦਿਨਾਂ ਮਿਲਟਰੀ ਲਿਟਰੇਚਰ ਫੈਸਟੀਵਲ ਦੇ ਅੱਜ ਪਹਿਲੇ ਦਿਨ ਟੈਂਕਾਂ ਅਤੇ ਫ਼ੌਜੀ ਸਾਜੋ ਸਾਮਾਨ ਦੀਆਂ ਪ੍ਰਦਰਸ਼ਨੀਆਂ ਨੇ ਦਰਸ਼ਕਾਂ ’ਚ ਦੇਸ਼ ਭਗਤੀ ਦਾ ਰੰਗ ਬਿਖੇਰਿਆ। ਖਾਲਸਾ ਕਾਲਜ ਦੇ ਮੈਦਾਨ ’ਚ ਖੜੇ ਟੈਂਕਾਂ ਨੇ ਮਿਲਟਰੀ ਲਿਟਰੇਚਰ ਫੈਸਟੀਵਲ ’ਚ ਸ਼ਾਮਲ ਹੋਏ ਹਰੇਕ ਦਰਸ਼ਕ ਨੂੰ ਪ੍ਰਭਾਵਿਤ ਕੀਤਾ ਅਤੇ ਫ਼ੌਜ ਦੇ ਅਧਿਕਾਰੀਆਂ ਵੱਲੋਂ ਵੀ ਦਰਸ਼ਕਾਂ ਨੂੰ ਟੈਂਕਾਂ ਤੇ ਫ਼ੌਜੀ ਸਾਜੋ ਸਾਮਾਨ ਸਬੰਧੀ ਪੂਰੀ ਜਾਣਕਾਰੀ ਦਿੱਤੀ ਗਈ।

ਫ਼ੌਜ ਦੇ ਅਧਿਕਾਰੀ ਨੇ ਦਰਸ਼ਕਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਦਰਸ਼ਨ ਵਿਚ ਐਫ.ਡਬਲਿਊ. ਮਾਈਨ ਪਲੱਗ ਟੈਂਕ ਜੋ ਧਰਤੀ ਥੱਲੇ ਦੱਬੀਆਂ ਮਾਈਨਜ਼ ਨੂੰ ਕੱਢ ਦਾ ਹੈ। ਟੀ-55 ਅਤੇ ਕੇ.ਐਮ.ਟੀ. ਟੈਂਕਾਂ ਜੋ ਮਾਈਨਜ਼ ਨੂੰ ਖਤਮ ਕਰਦਾ ਹੈ ਵੀ ਪ੍ਰਦਰਸ਼ਿਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਟੀ-90 ਟੈਂਕ ਦੁਸ਼ਮਣ ’ਤੇ ਸਿੱਧਾ ਵਾਰ ਕਰਦਾ ਹੈ ਤੇ 130 ਐਮ.ਐਮ. ਗੰਨ ਜੋ 27 ਕਿਲੋਮੀਟਰ ਦੀ ਦੂਰੀ ਤੱਕ ਪਹੁੰਚ ਕਰਦੀ ਹੈ ਉਹ ਵੀ ਦਰਸ਼ਕਾਂ ਲਈ ਪ੍ਰਦਸ਼ਿਤ ਕੀਤੀ ਗਈ ਹੈ। ਜਦ ਕਿ ਬੀ.ਐਮ.ਪੀ. ਦੋ ਟੈਂਕ ਜੋ ਪਾਣੀ ਅਤੇ ਜਮੀਨ ਦੋਵੇਂ ਹਾਲਾਤਾਂ ਵਿਚ ਵਰਤੋਂ ਵਿਚ ਲਿਆਂਦਾ ਜਾਂਦਾ ਹੈ ਉਹ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਿਹਾ ਹੈ।



ਟੈਂਕਾਂ ਤੋਂ ਇਲਾਵਾ ਦਰਸ਼ਕਾਂ ਨੂੰ ਹੋਰ ਫ਼ੌਜੀ ਸਾਜੋ ਸਾਮਾਨ ਜਿਸ ਵਿਚ ਰਾਕਟ ਲਾਂਚਰ, ਐਲ.ਐਮ.ਜੀ., ਇਨਸਾਸ ਰਾਈਫਲ ਤੇ ਐਮ.ਐਮ. ਪੀ.ਕੇ.ਟੀ. ਵਰਗੇ ਹਥਿਆਰ ਵੀ ਦਿਖਾਏ ਗਏ ਅਤੇ ਉਨ੍ਹਾਂ ਨੂੰ ਹੱਥ ਵਿੱਚ ਫੜ ਕੇ ਦਰਸ਼ਕਾਂ ਨੇ ਆਪਣੇ ਦੇਸ਼ ਦੀ ਸੈਨਕ ਸ਼ਕਤੀ ਦਾ ਅਹਿਸਾਸ ਵੀ ਕੀਤਾ। ਇਸ ਤੋਂ ਇਲਾਵਾ ਫ਼ੌਜ ਅਤੇ ਆਈ.ਟੀ.ਬੀ.ਪੀ ਵਿਚ ਭਰਤੀ ਹੋਣ ਲਈ ਕੀਤੀ ਜਾ ਰਹੀ ਕਾਊਂਸਲਿੰਗ ਵਿੱਚ ਵੀ ਨੌਜਵਾਨਾਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਗਿਆ।

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਦੋ ਦਿਨ ਚੱਲਣ ਵਾਲੇ ਇਸ ਮਿਲਟਰੀ ਲਿਟਰੇਚਰ ਫੈਸਟੀਵਲ ’ਚ ਆਪਣੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਕੇ ਆਪਣੇ ਦੇਸ਼ ਦੀ ਰੱਖਿਆਂ ਕਰਨ ਵਾਲੀਆਂ ਸੈਨਾਵਾਂ ਦੇ ਗੌਰਵਮਈ ਇਤਿਹਾਸ ਨੂੰ ਜਾਣਿਆ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ’ਚ ਦੇਸ਼ ਭਗਤੀ ਦੀ ਚਿਣਗ ਪੈਦਾ ਕਰਨ ਲਈ 29 ਜਨਵਰੀ ਨੂੰ ਇਸ ਮਿਲਟਰੀ ਲਿਟਰੇਚਰ ਫੈਸਟੀਵਲ ਦਾ ਹਿੱਸਾ ਜ਼ਰੂਰ ਬਣਿਆ ਜਾਵੇ। ਉਨ੍ਹਾਂ ਕਿਹਾ ਕਿ ਇਥੇ ਨਾ ਸਿਰਫ਼ ਆਰਮੀ ਨਾਲ ਸਬੰਧਤ ਸਗੋਂ ਇਤਿਹਾਸ ਨਾਲ ਸਬੰਧਤ ਹੋਰ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਹਨ ਜੋ ਸਾਨੂੰ ਸਾਡੀ ਅਮੀਰ ਵਿਰਾਸਤ ਤੋਂ ਜਾਣੂ ਕਰਵਾਉਂਦੀਆਂ ਹਨ। ਇਸ ਮੌਕੇ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਚੇਅਰਮੈਨ ਲੈਫ. ਜਨ. ਟੀ.ਐਸ. ਸ਼ੇਰਗਿੱਲ, ਲੈਫ.ਜਨ (ਰਿਟਾ.) ਚੇਤਿੰਦਰ ਸਿੰਘ, ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਟੇਟ ਸਪੋਰਟਸ ਯੂਨੀਵਰਸਿਟੀ ਦੇ ਵੀ.ਸੀ. ਲੈਫ.ਜਨ (ਰਿਟਾ.) ਡਾ. ਜੇ.ਐਸ. ਚੀਮਾ, ਆਈ.ਜੀ. ਮੁਖਵਿੰਦਰ ਸਿੰਘ ਛੀਨਾ, ਬ੍ਰਿਗੇਡੀਅਰ ਅਦਵਿੱਦਤਿਆ ਮਦਾਨ, ਕਰਨਲ ਪੈਰੀ ਗਰੇਵਾਲ, ਕਰਨਲ ਰੁਸ਼ਨੀਰ ਸਿੰਘ ਚਹਿਲ, ਏ.ਡੀ.ਸੀ. ਗੁਰਪ੍ਰੀਤ ਸਿੰਘ ਥਿੰਦ, ਸਹਾਇਕ ਕਮਿਸ਼ਨਰ ਯੂ.ਟੀ. ਡਾ. ਅਕਸ਼ਿਤਾ ਗੁਪਤਾ, ਮੇਲੇ ਦੇ ਨੋਡਲ ਅਫ਼ਸਰ ਐਸ.ਡੀ.ਐਮ ਚਰਨਜੀਤ ਸਿੰਘ, ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉਭਾ, ਡੀ.ਡੀ.ਐਫ ਪ੍ਰਿਆ ਸਿੰਘ, ਮੇਜਰ ਨਕੁਲ, ਹਰਸ਼ੇਰ ਸਿੰਘ ਗਰੇਵਾਲ ਤੇ ਟੀਨਾ ਗਰੇਵਾਲ, ਪ੍ਰੀਤ ਕੌਰ, ਰਿਤੂ ਜੈਨ, ਤਵਲੀਨ ਸੇਖੋਂ, ਨਿਕੂ ਸੰਧੂ, ਕੋਮੋਡੋਰ ਐਮ.ਐਸ. ਸ਼ੇਰਗਿਲ ਤੇ ਧਰਮਪਤਨੀ ਪਰਨੀਤ ਕੌਰ ਸ਼ੇਰਗਿਲ, ਗੀਤ ਗਰੇਵਾਲ, ਲੁਕੇਸ਼ ਕੁਮਾਰ, ਸੁਖਦੇਵ ਸੈਣੀ, ਅੰਗਦ ਸਿੰਘ, ਕਨਿਸ਼ਕ ਮਹਿਤਾ, ਇਸ਼ਾਨ ਸਿੰਘ, ਪੰਜਾਬੀ ਯੂਨੀਵਰਸਿਟੀ ਦੇ ਡਿਫੈਂਸ ਸਟੱਡੀਜ ?ਵਿਭਾਗ ਦੇ ਵਲੰਟੀਅਰਾਂ ਦੀ ਟੀਮ ਨੇ ਇਸ ਫੈਸਟੀਵਲ ਨੂੰ ਨੇਪਰੇ ਚਾੜਨ ਲਈ ਯੋਗਦਾਨ ਪਾਇਆ। ਇਸ ਮੌਕੇ ਪਰਦੀਪ ਜੋਸ਼ਨ ਤੇ ਐਡਵੋਕੇਟ ਮਨਪ੍ਰੀਤ ਸਿੰਘ, ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਫੌਜ ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਸਮੇਤ ਪਟਿਆਲਾ ਦੇ ਵਸਨੀਕਾਂ ਨੇ ਵੀ ਹਿੱਸਾ ਲਿਆ।

# ਅਕਾਲੀ ਦਲ ਸੁਤੰਤਰ ਵੱਲੋਂ ਕੇਂਦਰ ਅਤੇ ਸੂਬਾ ਸਰਕਾਰ ਖਿਲਾਫ ਕੱਢਿਆ ਗਿਆ ਰੋਸ ਮਾਰਚ



**ਨਾਭਾ,**
**-ਰੋਜ਼ਾਨਾ ਸਵੇਰਾ-**

ਅਕਾਲੀ ਦਲ ਸੁਤੰਤਰ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਦੀ ਅਗਵਾਈ ਹੇਠ 26 ਜਨਵਰੀ ਦਾ ਦਿਹਾੜਾ ਕਾਲੇ ਦਿਨ ਵਜੋਂ ਨਾਭਾ ਵਿਖੇ ਮਨਾਇਆ ਗਿਆ। ਇਸ ਮੌਕੇ ਭਾਈ ਅਮਰੀਕ ਸਿੰਘ ਅਜਨਾਲਾ, ਪਰਮਜੀਤ ਸਿੰਘ ਸਹੋਲੀ, ਬਾਬਾ ਰੇਸ਼ਮ ਸਿੰਘ ਖੁਖਰਾਣਾ ਵਾਲੇ, ਬਾਬਾ ਨਛੱਤਰ ਸਿੰਘ ਕੱਲਰ ਭੈਣੀ, ਬਾਬਾ ਬਲਦੇਵ ਸਿੰਘ ਜੋਗੇਵਾਲ, ਭਾਈ ਬਲਜੀਤ ਸਿੰਘ ਮੱਖਣ ਟੋਡਰਵਾਲ ਅਨੇਕਾਂ ਸਿੰਘਾਂ ਅਤੇ ਵਰਕਰ ਸਾਹਿਬਾਨਾਂ ਨੇ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਨਾਭਾ ਵਿਖੇ ਅਰਦਾਸ ਕੀਤੀ। ਅਰਦਾਸ ਕਰਨ ਉਪਰੰਤ ਰੋਸ ਮਾਰਚ ਕੱਢਿਆ ਅਤੇ ਕੇਂਦਰ ਅਤੇ ਸੂਬਾ ਸਰਕਾਰ ਖਿਲਾਫ ਪਿੱਟ ਸਿਆਪਾ ਕੀਤਾ ਗਿਆ। ਇਹ ਰੋਸ ਮਾਰਚ ਸ਼ਹਿਰ ਦੇ ਵੱਖ ਵੱਖ ਬਜ਼ਾਰਾ ਵਿੱਚੋਂ ਦੀ ਹੁੰਦੇ ਹੋਏ ਬੌੜਾਂ ਗੇਟ ਪਹੁੰਚ ਕੇ ਸਮਾਪਤ ਹੋਇਆ। ਉਹਨਾਂ ਸਾਂਝੇ ਤੌਰ ਤੇ ਸੰਬੋਧਨ ਕਰਦਿਆਂ ਕਿਹਾ ਕਿ ਡੇਰਾ ਸਿਰਸਾ ਮੁੱਖੀ ਗੁਰਮੀਤ ਰਾਮ ਰਹੀਮ ਨੂੰ ਦੁਬਾਰਾ 40 ਦਿਨ ਦੇ ਪੈਰੋਲ ਦੇਣ ਦੇ ਫੈਸਲੇ ਨੂੰ ਸਰਾਸਰ ਗਲਤ ਕਰਾਰ ਦਿੱਤਾ। ਉਨ੍ਹਾਂ ਸਖਤ ਇਤਰਾਜ ਕਰਦੀਆਂ ਕਿਹਾ ਕਿ ਜੇਕਰ ਜਬਰ ਜਿਨਾਹ ਵਰਗੇ ਸੰਗੀਨ ਦੋਸ਼ਾਂ ਵਿੱਚ ਜੇਲ੍ਹ ਵਿੱਚ ਬੰਦ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਤੇ ਬਾਹਰ ਭੇਜਿਆ ਜਾ ਸਕਦਾ ਹੈ ਤਾਂ ਆਪਣੇ ਗੁਰਧਾਮਾਂ ਦੇ ਕੀਤੇ ਹਮਲੇ ਦਾ ਬਦਲਾ ਲੈਣ ਵਾਲੇ ਬੰਦੀ ਸਿੰਘਾਂ ਦੀ ਰਿਹਾਈ ਕਿਉਂ ਨਹੀਂ ਕੀਤੀ ਜਾ ਰਹੀ ਹੈ। ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਦੇਸ ਨੂੰ ਅਜਾਦ ਕਰਵਾਉਣ ਲਈ 80 ਪ੍ਰਤੀਸਤ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਵਾਸਤੇ ਕਾਨੂੰਨ ਵੱਖਰੇ ਬਣਾ ਕੇ ਆਪਣੀਆਂ ਸਜਾਵਾਂ ਤੋਂ ਵੱਧ ਸਮਾਂ ਬੀਤ ਜਾਣ ਤੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਅਤੇ ਜਬਰ ਜਿਨਾਹ ਕਰਨ ਵਾਲਿਆਂ ਨੂੰ ਵਾਰ ਵਾਰ ਪੈਰੋਲ ਦੇ ਕੇ ਸਿੱਖਾਂ ਦੇ ਜਖਮਾਂ ਤੇ ਨਮਕ ਛਿੜ ?ਕਿਆ ਜਾ ਰਿਹਾ ਹੈ ਜੋ ਸਿੱਖ ਕੌਮ ਨਾਲ ਸਰਾਸਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਸਖਤ ਸਬਦਾਂ ਵਿੱਚ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ ਦੇ ਵੱਖ ਵੱਖ ਸੂਬਿਆਂ ਵਿਚ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤਰੁੰਤ ਰਿਆਹ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਬਜਾਇ ਜਬਰ ਜਿਨਾਹ ਵਰਗੇ ਸੰਗੀਨ ਦੋਸਾਂ ਤਹਿਤ ਨਜਰਬੰਦ ਦੋਸ਼ੀ ਨੂੰ ਬਾਰ ਬਾਰ ਪੈਰੋਲ ਤੇ ਰਿਹਾ ਕਰਨ ਦੇ ਫੈਸਲਿਆਂ ਦੀ ਨਿੰਦਾ ਕੀਤੀ। ਉਨ੍ਹਾਂ ਸਿੱਖ ਵਿਰੋਧੀ ਕਰਾਰ ਦਿੱਤਾ ਤੇ ਕਿਹਾ ਕਿ ਜਬਰ ਜਿਨਾਹ ਵਰਗੇ ਸੰਗੀਨ ਦੋਸਾਂ ਤਹਿਤ ਨਜਰਬੰਦ ਡੇਰਾ ਮੁਖੀ ਨੂੰ ਪੈਰੋਲ ਦੇ ਕੇ ਸਿੱਖਾਂ ਦੇ ਜਖਮਾਂ ਤੇ ਲੂਣ ਛਿੜਕਿਆ ਜਾ ਰਿਹਾ ਹੈ ਜੋ ਕਿਸੇ ਕੀਮਤ ਤੇ ਬਰਦਾਸਤ ਨਹੀਂ ਕੀਤਾ ਜਾਵੇਗਾ।

# ਨਸ਼ਿਆਂ ਵਿਰੁੱਧ ਕੀਤੇ ਕੰਮਾਂ ਲਈ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੂੰ ਡਾ ਬਲਜੀਤ ਕੌਰ ਨੇ ਕੀਤਾ ਜ਼ਿਲ੍ਹਾ ਪੱਧਰੀ ਐਵਾਰਡ ਨਾਲ ਕੀਤਾ ਸਨਮਾਨਿਤ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਨਸ਼ਿਆਂ ਵਰਗੀ ਨਾਮੁਰਾਦ ਬੀਮਾਰੀ ਵਿਰੁੱਧ ਕੰਮ ਕਰ ਰਹੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ, ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੂੰ ਉਹਨਾਂ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਵਿੱਚ ਅਹਿਮ ਯੋਗਦਾਨ ਪਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਣਤੰਤਰ ਦਿਵਸ ਮੌਕੇ ਸਨਮਾਨਿਤ ਕੀਤਾ ਗਿਆ, ਇਹ ਸਨਮਾਨ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਅਤੇ ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ ਵਿਭਾਗਾਂ ਦੇ ਕੈਬਨਿਟ ਮੰਤਰੀ ਡਾ ਬਲਜੀਤ ਕੌਰ ਵਲੋਂ ਦਿੱਤਾ ਗਿਆ, ਇਸ ਮੌਕੇ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ ਸਾਕਸੀ ਸਾਹਨੀ, ਐਸ ਐਸ ਪੀ ਪਟਿਆਲਾ ਵਰੁੱਣ ਸ਼ਰਮਾ, ਡਵੀਜ਼ਨਲ ਕਮਿਸ਼ਨਰ ਸ੍ਰੀ ਅਰੁਣ ਸੇਖੜੀ,ਏ ਡੀ ਜੀ ਪੀ ਜੀ ਨਾਗੇਸ਼ਵਰ ਰਾਓ,ਐਮ ਐਲ ਏ ਅਜੀਤਪਾਲ ਸਿੰਘ ਕੋਹਲੀ, ਏ ਡੀ ਸੀ ਗੁਰਪ੍ਰੀਤ ਸਿੰਘ ਥਿੰਦ,ਐਮ ਐਲ ਏ ਹਰਮੀਤ ਸਿੰਘ ਪਠਾਣਮਾਜਰਾ,ਐਮ ਐਲ ਏ ਗੁਰਲਾਲ ਘਨੌਰ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਬਲਤੇਜ ਪੰਨੂੰ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ,ਇੰਪਰੂਵਮੈਟ ਟਰਸੱਟ ਦੇ ਚੇਅਰਮੈਨ ਮੇਘ ਚੰਦ ਸੇਰਮਾਜਾਰਾ,ਵੀ ਹਜਾਰ ਸਨ, ਜ਼ਿਕਰਯੋਗ ਹੈ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ ਹੁਣ ਤੱਕ ਪਟਿਆਲਾ ਜ਼ਿਲ੍ਹੇ ਵਿੱਚ ਨਸਾ ਮੁਕਤ ਭਾਰਤ ਅਭਿਆਨ ਅਤੇ ਨਸਾ ਮੁਕਤ ਪੰਜਾਬ ਮੁਹਿੰਮ ਤਹਿਤ ਹੁਣ ਤੱਕ ਤਕਰੀਬਨ 350 ਸੋ ਤੋਂ ਉਪਰ ਵੱਖ ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀ, ਪਿੰਡਾਂ, ਕਸਬਿਆਂ ਵਿੱਚ ਸੈਮੀਨਾਰ, ਨੁੱਕੜ ਮੀਟਿੰਗਾਂ, ਰੈਲੀਆਂ ਰਾਹੀਂ ਦੱਸ ਹਜ਼ਾਰ ਤੋਂ ਜਿਆਦਾ ਪਬਲਿਕ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਇਹ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਚੱਲ ਰਹੀ ਹੈ। ਇਸ ਮੌਕੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਇਹ ਸਨਮਾਨ ਸਾਰੇ ਪਟਿਆਲਵੀਆਂ ਦਾ ਹੈ।

# ਸਵਾਮੀ ਗੰਗਾ ਨੰਦ ਭੂਰੀ ਵਾਲੇ ਸੇਵਾ ਸੰਮਤੀ ਵੱਲੋਂ ਗਣਤੰਤਰ ਦਿਵਸ ਮਨਾਇਆ ਗਿਆ



**ਮਾਛੀਵਾੜਾ ਸਾਹਿਬ,**
**-ਰੋਜ਼ਾਨਾ ਸਵੇਰਾ-**

ਇਲਾਕੇ ਦੀ ਸਮਾਜ ਸੇਵੀ ਸੰਸਥਾ ਸੁਆਮੀ ਗੰਗਾ ਨੰਦ ਭੂਰੀ ਵਾਲੇ ਸੇਵਾ ਸੰਮਤੀ ਵੱਲੋ ਆਪਣੇ ਚੈਰੀਟੇਬਲ ਹਸਪਤਾਲ ਵਿਚ ਗਣਤੰਤਰ ਦਿਵਸ ਮਨਾਇਆ ਗਿਆ।

ਇਸ ਮੌਕੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਸੰਸਥਾ ਦੇ ਚੇਅਰਮੈਨ ਚਰਨਜੀਤ ਸਿੰਘ ਥੋਪੀਆ ਤੇ ਰਾਜਸੀ ਆਗੂ ਡਾਕਟਰ ਸੋਹਣ ਲਾਲ ਬਲੱਗਣ ਨੇ ਸੰਯੁਕਤ ਰੂਪ ਚ ਨਿਭਾਈ।

ਇਸ ਮੌਕੇ ਡਾਕਟਰ ਸੋਹਣ ਲਾਲ ਬਲੱਗਣ ਤੇ ਚਰਨਜੀਤ ਸਿੰਘ ਥੋਪੀਆ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਤੇ ਚਾਨਣਾ ਪਾਉਂਦੇ ਹੋਏ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ।

# ਜਸਵੀਰ ਸਿੰਘ ਛਿੰਦਾਂ ਦਾ ਵਰਲਡ ਬੁੱਕ ਆਫ ਰਿਕਾਰਡਜ ਲੰਡਨ ਵੱਲੋਂ ਕੀਤਾ ਸਨਮਾਨ

**ਨਾਭਾ,**
**-ਰੋਜ਼ਾਨਾ ਸਵੇਰਾ-**

ਐਡਵੋਕੇਟ ਸੰਤੋਸ਼ ਸ਼ੁਕਲਾ (ਪ੍ਰਧਾਨ ਅਤੇ ਸੀਈਓ, ਵਰਲਡ ਬੁੱਕ ਆਫ ਰਿਕਾਰਡਜ) ਨੇ ਘੋਸ਼ਣਾ ਕੀਤੀ ਹੈ ਕਿ ਜਸਵੀਰ ਸਿੰਘ ਛਿੰਦਾਂ ਵਰਲਡ ਬੁੱਕ ਆਫ ਰਿਕਾਰਡਜ ਵੱਲੋਂ ਚੱਲ ਰਹੀਆਂ ਗਤੀਵਿਧੀਆ ਵਿੱਚ ਪੂਰਾ ਯੋਗਦਾਨ ਪਾਇਆ ਜਾ ਰਿਹਾ ਹੈ ਪੰਜਾਬ ਵਿੱਚ ਵਰਲਡ ਬੁੱਕ ਦੀਆਂ ਸਾਰੀਆਂ ਗਤੀਵਿਧੀਆ ਨੂੰ ਉਤਸ਼ਾਹਿਤ ਕਰਨ ਵਿੱਚ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਲਈ ਵਰਲਡ ਬੁੱਕ ਆਫ ਰਿਕਾਰਡ ਦੁਆਰਾ



ਪ੍ਰਸ਼ੰਸਾ ਕੀਤੀ ਗਈ ਹੈ। ਜਸਵੀਰ ਸਿੰਘ ਛਿੰਦਾਂ ਪੰਜਾਬ ਵਾਇਸ ਪ੍ਰਧਾਨ ਵਰਲਡ ਬੁੱਕ ਆਫ ਰਿਕਾਰਡਜ ਨੂੰ ਬ੍ਰਿਟਿਸ਼ ਸੰਸਦ ਦੇ ਮੈਂਬਰ ਵਰਿੰਦਰ ਸਰਮਾਂ (ਸਰਪ੍ਰਸਤ, ਵਰਲਡ ਬੁੱਕ ਆਫ ਰਿਕਾਰਡ), ਡਾ: ਸਤਿਆਨਾਰਾਇਣ ਜਾਟੀਆ (ਪਾਰਲੀਮੈਂਟਰੀ ਬੋਰਡ ਮੈਂਬਰ, ਭਾਜਪਾ) ,ਡਾ: ਦਿਵਾਕਰ ਸੁਕੁਲ (ਚੇਅਰਮੈਨ, ਵਰਲਡ ਬੁੱਕ ਆਫ਼ ਰਿਕਾਰਡਜ਼) ਅਤੇ ਡਾਂ ਰਮਨ ਗਿੱਲ ( ਪ੍ਰਧਾਨ ਵਰਲਡ ਬੁੱਕ ਆਫ ਰਿਕਾਰਡਜ ਐਲਬਰਟਾ ਕੈਨੇਡਾ ਵੱਲੋਂ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤਾ ਗਿਆ।

# ਗੱਜੂਮਾਜਰਾ ਨੇ ਮੁਹੱਲਾ ਕਲੀਨਕ ਦਾ ਕੀਤਾ ਉਦਘਾਟਨ

**ਸਮਾਣਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਸਰਕਾਰ ਵੱਲੋਂ 75ਵੇਂ ਆਜ਼ਾਦੀ ਮਹਾਂਉਤਸਵ ਨੂੰ ਸਮਰਪਿਤ ਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਅੱਜ ਪਿੰਡ ਗੱਜੂਮਾਜਰਾ ਵਿਖੇ ਖੁੱਲੇ ਆਮ ਆਦਮੀ ਕਲੀਨਕ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਪਹੁੰਚੇ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀ ਜਨਤਾ ਨਾਲ ਹਰ ਇੱਕ ਕੀਤਾ ਹੋਇਆ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ। ਗੱਜੂਮਾਜਰਾ ਨੇ ਪਿੰਡ ਗੱਜੂ ਮਾਜਰਾ ਨੂੰ ਇਸ ਸਕੀਮ ਤਹਿਤ ਚੁਣਨ ਲਈ ਮੁੱਖ ਮੰਤਰੀ ਭਗਵੰਤ ਮਾਨ ,ਸਥਾਨਕ ਵਿਧਾਇਕ ਅਤੇ ਫੂਡ ਪ੍ਰੋਸੈਸਿੰਗ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਦਾ ਤਹਿ ਦਿਲੋਂ ਧੰਨਵਾਦ ਕੀਤਾ ??। ਅੱਜ ਆਜਾਦੀ ਦਿਵਸ ਦੇ ਮੌਕੇ @ਤੇ ਆਮ ਆਦਮੀ ਮੁਹੱਲਾ ਕਲੀਨਕ ਖੋਲ੍ਹ ਕੇ ਪੰਜਾਬ ਦੀ ਜਨਤਾ ਦੇ ਹਵਾਲੇ ਕੀਤੇ ਜਾ ਰਹੇ ਹਨ, ਜਿਸ ਵਿਚ ਓਪੀਡੀ ਸੇਵਾਵਾਂ, ਜੱਚਾ-ਬੱਚਾ ਸੇਵਾਵਾਂ, ਟੀਕਾਕਰਨ ਦੀਆਂ ਸਹੂਲਤਾਂ, ਪਰਿਵਾਰ ਨਿਯੋਜਨ ਦੀਆਂ ਸਹੂਲਤਾਂ, ਮੁਫਤ ਲੈਬ ਟੈਸਟ ਤੇ ਮੁਫਤ ਦਵਾਈਆਂ ਉਪਲੱਬਧ ਹੋਣਗੀਆਂ। ਇਸ ਮੌਕੇ ਉਨ੍ਹਾਂ ਪਿਛਲੀਆਂ ਸਰਕਾਰਾਂ ਦੀਆਂ ਨਕਾਮੀਆਂ ਨੂੰ ਦੁਹਰਾਉਂਦੇ ਹੋਏ ਉਨ੍ਹਾਂ ਦੀਆਂ ਕੋਝੀਆਂ ਚਾਲਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣੇ ਹੋਏ ਅਜੇ ਸੱਤ ਮਹੀਨੇ ਹੀ ਹੋਏ ਹਨ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਆਪਣੇ ਕੀਤੇ ਗਏ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਅਤੇ ਜਨਤਾ ਨਾਲ ਕੀਤਾ ਹੋਇਆ ਹਰ ਵਾਅਦਾ ਪੂਰਾ ਕੀਤਾ ਜਾਵੇਗਾ। ਇਸ ਮੌਕੇ ਸੀਨੀਅਰ ਡਾਕਟਰ ਵਰੁਨਜੀਤ ਕੋਰ ? , ਫਾਰਮੇਸੀ ਸਟਾਫ ਚਰਨਜੀਤ ਸ਼ਰਮਾ ਅਤੇ ਹੋਰ ਸਮੂਹ ਡਿਸਪੈਂਸਰੀ ਅਤੇ ਮੁਹੱਲਾ ਕਲੀਨਿਕ ਸਟਾਫ ਮੌਜੂਦ ਸੀ । ਇਸ ਮੌਕੇ ਹਾਜ਼ਰ ਸਮੂਹ ਨਗਰ ਪੰਚਾਇਤ ਅਤੇ ਪਿੰਡ ਦੇ ਹੋਰ ਪਤਵੰਤੇ ਵਿਅਕਤੀਆਂ ਵੱਲੋਂ ਪਿੰਡ ਵਿੱਚ ਮੁਹੱਲਾ ਕਲੀਨਿਕ ਖੋਲਣ ਲਈ ਮੁੱਖ ਮੰਤਰੀ ਮਾਨ , ਫੂਡ ਪ੍ਰੋਸੈਸਿੰਗ ਮੰਤਰੀ ਚੇਤਨ ਸਿੰਘ ਜੋੜੇਮਾਜਰਾ ਦਾ ਵੀ ਧੰਨਵਾਦ ਕੀਤਾ ਗਿਆ ।

# ਕਮਿਊਨਿਟੀ ਸੈਂਟਰ ਦੀ ਸਾਫ ਸਫਾਈ ਅਤੇ ਟੁੱਟੀ ਕੰਧ ਦੀ ਮੁਰਮੱਤ ਕਰਵਾਉਣ ਸਬੰਧੀ ਕਾਰਜ ਸੜ੍ਹਕ ਅਫਸਰ ਨੂੰ ਲਿੱਖਿਆ ਪੱਤਰ

**ਕੁਰਾਲੀ ,**
**-ਰੋਜ਼ਾਨਾ ਸਵੇਰਾ-**

ਸਥਾਨਕ ਸ਼ਹਿਰ ਦੇ ਕਮਿਊਨਿਟੀ ਸੈਂਟਰ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦੇ ਦੌਰੇ ਤੋਂ ਬਾਅਦ ਕਮਿਊਨਿਟੀ ਸੈਂਟਰ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਰਾਜਿੰਦਰ ਭੂਸ਼ਣ ਵੱਲੋਂ ਮਿਊਨਸੀਪਲ ਕਮੇਟੀ ਦੇ ਦਫਤਰ ਦੇ ਨਾਲ ਲਗਦੀ 10 ਫੁੱਟ ਦੇ ਕਰੀਬ ਟੁੱਟੀ ਕੰਧ ਨੂੰ ਠੀਕ ਕਰਵਾਉਣ ਅਤੇ ਹਸਪਤਾਲ ਦੀ ਸਾਫ ਸਫਾਈ ਸਬੰਧੀ ਨਗਰ ਕੌਂਸਲ ਦੇ ਈ.ਓ ਗੁਰਦੀਪ ਸਿਘ ਨੂੰ ਇੱਕ ਪੱਤਰ ਲਿਖੀਆਂ ਗਿਆ । ਜਿਸ ਸਬੰਧੀ ਪੱਤਰਕਾਰਾਂ ਨੂੰ ਜਾਣਕਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਹਸਪਤਾਲ ਦੀ ਦੀਵਾਰ ਦਾ ਤਕਰੀਬਨ 10 ਫੁੱਟ ਦਾ ਹਿੱਸਾ ਜੋ ਕਿ ਮਿਊਨਸੀਪਲ ਕਮੇਟੀ ਦੇ ਦਫਤਰ ਦੇ ਨਾਲ ਲਗਦੀ ਕੰਧ ਦਾ ਹਿੱਸਾ ਹੈ ਜੋ ਟੁੱਟ ਚੁੱਕਿਆ ਹੈ ਅਤੇ ਨਾਲ ਲਗਦੇ ਦੁਕਾਨਾਂ ਅਤੇ ਆਮ ਲੋਕਾਂ ਵੱਲੋਂ ਇਸ ਥਾਂ ਉੱਤੇ ਬਹੁਤ ਜਿਆਦਾ ਮਾਤਰਾ ਵਿੱਚ



ਕੂੜਾ ਕਰਕਟ ਨਾਲ ਲਗਦੀ ਸਬਜੀ ਮੰਡੀ ਦੀ ਰਹਿੰਦ ਖੂਦ ਨੂੰ ਵੀ ਸੁੱਟਿਆ ਜਾਂਦਾ ਹੈ, ਕੁੱਝ ਲੋਕਾਂ ਵੱਲੋਂ ਇਸ ਥਾਂ ਨੂੰ ਖੁੱਲੇ ਪਖਾਨੇ ਦੇ ਤੌਰ ਤੇ ਵਰਤਣ ਦੇ ਨਾਲ-ਨਾਲ ਕੁਝ ਲੋਕਾਂ ਵੱਲੋਂ ਇਸ ਥਾਂ ਉੱਤੇ ਆਪਣੇ ਪਾਲਤੂ ਕੁੱਤੇ ਆਦਿ ਨੂੰ ਪਖਾਨਾ ਕਰਵਾਉਣ ਲਈ ਲਿਆਂਦਾ ਜਾਂਦਾ ਹੈ । ਇਸ ਤੋਂ ਇਲਾਵਾ ਕੰਧ ਟੁੱਟੀ ਹੋਣ ਕਾਰਨ ਅਵਾਰਾ ਪਸ਼ੂ ਹਸਪਤਾਲ ਵਿੱਚ ਘੁੰਮਦੇ ਰਹਿੰਦੇ ਹਨ ਜਿਸ ਨਾਲ ਬਹੁਤ ਗੰਦਗੀ ਤੇ ਬਦਬੂ ਦੀ ਸਮੱਸਿਆ ਆਉਂਦੀ ਹੈ ਅਤੇ ਜਿਸ ਨਾਲ ਹਸਪਤਾਲ ਇੱਕ ਡੰਪਿੰਗ ਗਰਾਊਂਡ ਬਣਦਾ ਜਾ ਰਿਹਾ ਹੈ । ਲੋਕਾਂ ਨੂੰ ਇਸ ਪ੍ਰਤੀ ਵਾਰ ਵਾਰ ਸਮਝਾਉਣ ਤੇ ਜਾਗਰੂਕ ਕਰਨ ਤੇ ਇਸ ਸਬੰਧੀ ਕੋਈ ਵੀ ਨਤੀਜਾ ਨਹੀਂ ਨਿਕਲ ਰਿਹਾ ਜਿਸ ਨਾਲ ਬਿਮਾਰੀਆਂ ਫੈਲਣ ਦਾ ਖਤਰਾ ਬਣਦਾ ਜਾ ਰਿਹਾ ਹੈ। ਹਸਪਤਾਲ ਅੰਦਰ ਲੱਗੀਆ ਸਟਰੀਟ ਲਾਈਟਾਂ ਵੀ ਖਰਾਬ ਹਨ ਜਿਸ ਨਾਲ ਰਾਤ ਨੂੰ ਕਾਫੀ ਪਰੇਸ਼ਾਨੀ ਆ ਰਹੀ ਹੈ । ਇਸ ਨਾਲ ਹਸਪਤਾਲ ਵਿੱਚ ਦਾਖਲ ਅਤੇ ਓ.ਪੀ ਡੀ ਮਰੀਜਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਹਸਪਤਾਲ ਦੇ ਸਟਾਫ ਤੇ ਨਾਲ ਰਹਿੰਦੇ ਕੁਆਟਰ ਵਿੱਚ ਸਟਾਫ ਨੂੰ ਭਾਰੀ ਪਰੇਸ਼ਾਨੀ ਆ ਰਹੀ ਹੈ। ਉਨ੍ਹਾਂ ਆਪਣੇ ਪੱਤਰ ਰਾਹੀਂ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਤੋਂ ਸਾਰੀਆਂ ਸਮੱਸਿਆਵਾਂ ਦਾ ਛੇਤੀ ਤੋਂ ਛੇਤੀ ਕੋਈ ਪੁੱਖਤਾ ਹੱਲ ਕਰਵਾਏ ਜਾਣ ਦੀ ਮੰਗ ਕੀਤੀ ਤਾਂ ਜੋ ਸ਼ਹਿਰ ਵਿੱਚ ਕੋਈ ਵੀ ਅੱਣ ਸੁੱਖਵੀਂ ਬਿਮਾਰੀ ਫੈਲਣ ਤੋਂ ਰੋਕਿਆ ਜਾ ਸਕੇ।

# ਪੰਜਾਬ ਦੀ ਸ਼ਾਂਤੀ ਨੂੰ ਢਾਹ ਲਗਾਉਣ ਵਾਲੀਆਂ ਰਾਸ਼ਟਰ ਵਿਰੋਧੀ ਤਾਕਤਾਂ ਲਈ ਸੂਬੇ ਵਿੱਚ ਕੋਈ ਥਾਂ ਨਹੀਂ ਹੈ-ਐਡਵੋਕੇਟ ਅਮਨ ਗਰਗ

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਜਗਰਾਓਂ ਵਿੱਚ ਗੈਂਗਸਟਰਾਂ ਨੂੰ ਟਰੈਪ ਕਰਨਾ ਪੰਜਾਬ ਪੁਲਿਸ ਦੀ ਬਹੁਤ ਵੱਡੀ ਸਫ਼ਲਤਾ ਹੈ। ਇਹ ਗੱਲ ਅਮਨ ਗਰਗ ਸੂਲਰ (ਐਡਵੋਕੇਟ) ਕਾਨੂੰਨੀ ਸਲਾਹਕਾਰ ਐਂਟੀ ਟੈਰੋਰਿਸਟ ਤੇ ਸੋਸ਼ਲ ਵੈਲਫੇਅਰ ਪੰਜਾਬ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਆਖੀ। ਸ੍ਰੀ ਗਰਗ ਨੇ ਕਿਹਾ ਕਿ ਪੰਜਾਬ ਦੀ ਅਮਨ ਸ਼ਾਂਤੀ ਨੂੰ ਢਾਹ ਲਗਾਉਣ ਵਾਲੇ ਗੈਂਗਸਟਰਾਂ, ਰਾਸ਼ਟਰ ਵਿਰੋਧੀ ਤਾਕਤਾਂ ਅਤੇ ਖਾਲਿਸਤਾਨੀ ਸਮਰੱਥਾਂ ਲਈ ਇਸ ਸੂਬੇ ਵਿੱਚ ਕੋਈ ਥਾਂ ਨਹੀਂ ਹੈ।

ਗਰਗ ਸੂਲਰ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਗੈਂਗਸਟਰਾਂ ਨੇ ਪੰਜਾਬ ਵਿੱਚ ਅੱਤ ਚੁੱਕੀ ਹੋਈ ਹੈ। ਹਰ ਰੋਜ਼ ਕਿਤੇ ਨਾ ਕਿਤੇ ਲੁੱਟ–ਖੋਹ ਕਰਨੀ ਅਤੇ ਕਤਲਾਂ ਵਰਗੀਆਂ ਵਾਰਦਾਤਾਂ ਨੂੰ ਬੇਖੌਫ



ਹੋ ਕੇ ਸ਼ਰੇਆਮ ਅੰਜਾਮ ਦੇਣਾ ਆਮ ਬਣ ਗਿਆ ਹੈ। ਪੰਜਾਬ ਦੇ ਉੱਘੇ ਵਪਾਰੀਆਂ ਅਤੇ ਨਾਮੀ ਲੋਕਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਰੰਗਦਾਰੀ ਵਸੂਲਣ ਲਈ ਨਿੱਤ ਫੋਨ ਕਾਲਾਂ ਕਰਕੇ ਡਰਾ ਧਮਕਾ ਰਹੇ ਹਨ। ਗਰਗ ਨੇ ਜਗਰਾਓਂ ਦੇ ਵਪਾਰੀ ਦੇ ਹੌਂਸਲੇ ਦੀ ਦਾਦ ਦਿੰਦਿਆ ਸਮੁੱਚੇ ਵਪਾਰੀ ਵਰਗ ਅਤੇ ਹੋਰ ਨਾਮੀ ਹਸਤੀਆਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਜਗਰਾਓਂ ਵਿੱਚ ਇੱਕ ਵਪਾਰੀ ਨੇ ਹੌਂਸਲਾ ਬੁਲੰਦ ਕਰਕੇ ਗੈਂਗਸਟਰਾਂ ਨੂੰ ਰੰਗਦਾਰੀ ਨਾ ਦੇ ਕੇ ਪੁਲਿਸ ਕੋਲੋਂ ਟਰੈਪ ਕਰਵਾਇਆ ਹੈ, ਉਸੇ ਤਰ੍ਹਾਂ ਹੋਰ ਲੋਕ ਜਿਨ੍ਹਾਂ ਕੋਲੋਂ ਫਿਰੌਤੀਆਂ ਮੰਗੀਆਂ ਜਾਂਦੀਆਂ ਹਨ, ਉਹ ਲੋਕ ਵੀ ਚੋਰੀ ਛੁਪੇ ਇਨ੍ਹਾਂ ਗੁੰਡਾ ਤੱਤਾਂ ਨੂੰ ਫਿਰੌਤੀਆਂ ਨਾ ਦੇ ਕੇ ਅਜਿਹੇ ਅਨਸਰਾਂ ਨੂੰ ਪੁਲਿਸ ਕੋਲੋਂ ਟਰੈਪ ਕਰਵਾਉਣ ਤਾਂ ਕਿ ਪੰਜਾਬ ਨੂੰ ਗੈਂਗਵਾਦ ਤੋਂ ਮੁਕਤ ਕਰਵਾ ਕੇ ਇੱਕ ਸ਼ਾਂਤੀ ਪੂਰਵਕ ਸੂਬਾ ਬਣਾਇਆ ਜਾ ਸਕੇ।

ਇਸ ਮੌਕੇ ਉਨ੍ਹਾਂ ਨਾਲ ਰਾਜ ਕੁਮਾਰ (ਜਿੰਦਲ ਫਾਇਨਾਂਸ ਕੰਪਨੀ) ਅਤੇ ਅਜੈ ਕੁਮਾਰ, ਲਲਿਤ ਕੁਮਾਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਖ਼ਾਲਸਾ ਕਾਲਜ ਫਾਰ ਵੁਮੈਨ ਲੁਧਿਆਣਾ ਵਿਖੇ ਇਕ ਰੋਜ਼ਾ ਗੱਤਕਾ ਸਿਖਲਾਈ ਵਰਕਸ਼ਾਪ ਆਯੋਜਿਤ

## ਲੜਕੀਆਂ ਆਪਣੀ ਸਵੈ-ਰੱਖਿਆ ਤੇ ਖੇਡ ਵਜੋਂ ਗੱਤਕੇ ਨੂੰ ਅਪਣਾਉਣ : ਗਰੇਵਾਲ

**ਲੁਧਿਆਣਾ,**
**-ਰੋਜ਼ਾਨਾ ਸਵੇਰਾ-**

ਖ਼ਾਲਸਾ ਕਾਲਜ ਫਾਰ ਵੁਮੈਨ ਸਿਵਲ ਲਾਈਨਜ਼ ਲੁਧਿਆਣਾ ਦੇ ਸਰੀਰਕ ਸਿੱਖਿਆ ਵਿਭਾਗ ਅਤੇ ਵਿਰਾਸਤੀ ਕਲੱਬ ਵੱਲੋਂ ਦੇਸ਼ ਦੀ ਸਭ ਤੋਂ ਪੁਰਾਣੀ ਰਜਿਸਟਰਡ ਗੱਤਕਾ ਸੰਸਥਾ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਸਹਿਯੋਗ ਨਾਲ ਕਾਲਜ ਦੇ ਆਡੀਟੋਰੀਅਮ ਵਿਚ ਇਕ ਰੋਜ਼ਾ ÷ਗੱਤਕਾ - ਸਿੱਖ ਮਾਰਸ਼ਲ ਕਲਾ÷ ਵਰਕਸ਼ਾਪ ਆਯੋਜਿਤ ਕੀਤੀ ਗਈ ਜਿਸ ਵਿੱਚ ਸ. ਪ੍ਰਿਤਪਾਲ ਸਿੰਘ ਪਾਲੀ, ਮੈਂਬਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਪ੍ਰਧਾਨ, ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਲੁਧਿਆਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਗੱਤਕੇ ਦੀ ਆਮ ਜੀਵਨ ਵਿੱਚ ਮਹੱਤਤਾ ਦਾ ਵਰਨਣ ਕਰਦਿਆਂ ਕਾਲਜ ਦੀ ਪ੍ਰਿੰਸੀਪਲ ਡਾ. ਮੁਕਤੀ ਗਿੱਲ ਨੂੰ ਗੱਤਕੇ ਸਬੰਧੀ ਹਰ ਮੱਦਦ ਦਾ ਭਰੋਸਾ ਦਿਵਾਇਆ।



ਲੁਧਿਆਣਾ ਵਿਖੇ ਗੱਤਕਾ ਵਰਕਸ਼ਾਪ ਦੌਰਾਨ ਸਨਮਾਨ ਸਮਾਗਮ ਮੌਕੇ ਪ੍ਰਿਤਪਾਲ ਸਿੰਘ ਪਾਲੀ ਮੈਂਬਰ ਸ਼੍ਰੋਮਣੀ ਕਮੇਟੀ, ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ, ਕਾਲਜ ਪ੍ਰਿੰਸੀਪਲ ਡਾ. ਮੁਕਤੀ ਗਿੱਲ ਤੇ ਹੋਰ ਖੜੇ ਨਜਰ ਆ ਰਹੇ ਹਨ।

ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਨੌਜਵਾਨਾਂ ਖਾਸ ਕਰਕੇ ਲੜਕੀਆਂ ਨੂੰ ਸਵੈ ਰੱਖਿਆ ਵਿੱਚ ਨਿਪੁੰਨ ਬਣਾਉਣਾ, ਵਿਰਾਸਤੀ ਖੇਡ ਬਾਰੇ ਜਾਗਰੂਕ ਕਰਨਾ ਅਤੇ ਗੱਤਕਾ ਕਲਾ ਨੂੰ ਬਤੌਰ ਖੇਡ ਅਪਨਾਉਣ ਲਈ ਪ੍ਰੇਰਿਤ ਕਰਨਾ ਹੈ। ਇਸ ਮੌਕੇ @ਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਗੱਤਕਾ ਸਿਖਲਾਈ, ਗੁਰਮਤਿ, ਸਿੱਖ ਮਰਿਆਦਾ, ਸਿੱਖ ਧਰਮ ਬਾਰੇ ਮੁੱਢਲੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਨੌਜਵਾਨਾਂ ਖਾਸ ਕਰਕੇ ਲੜਕੀਆ ਵੱਲੋਂ ਇਸ ਇਤਿਹਾਸਕ ਜੰਗਜੂ ਗੱਤਕਾ ਕਲਾ ਨਾਲ ਜੁੜਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਉਨਾਂ ਇਸ ਮੌਕੇ ਗੱਤਕੇ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣਾ ਪਾਇਆ ਅਤੇ ਕਿਹਾ ਕਿ ਐਸੋਸੀਏਸ਼ਨ ਦਾ ਮੁੱਖ ਉਦੇਸ਼ ਗੱਤਕਾ ਖੇਡ ਨੂੰ ਅੰਤਰਰਾਸ਼ਟਰੀ ਖੇਡ ਵਜੋਂ ਉਭਾਰਨਾ ਅਤੇ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਾਉਣਾ ਹੈ।

ਗੱਤਕਾ ਐਸੋਸੀਏਸ਼ਨ ਨਾਲ ਜੁੜੀਆਂ 12 ਲੜਕੀਆਂ ਨੇ ਸ਼ਸਤਰ ਵਿੱਦਿਆ ਦਾ ਪ੍ਰਦਰਸ਼ਨ ਕਰਦਿਆਂ ਜੰਗਜੂ ਕਲਾ ਦੇ ਜੌਹਰ ਦਿਖਾਏ।

ਕਾਲਜ ਪ੍ਰਿੰਸੀਪਲ ਡਾ. ਮੁਕਤੀ ਗਿੱਲ ਨੇ ਮੁੱਖ ਮਹਿਮਾਨ ਅਤੇ ਹੋਰ ਹਾਜਰੀਨ ਪ੍ਰਮੁੱਖ ਬੁਲਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਅਤੇ ਵਰਕਸ਼ਾਪ ਦੀ ਕੁਆਰਡੀਨੇਟਰ ਡਾ . ਮਨਦੀਪ ਕੌਰ ਅਤੇ ਵਿਰਾਸਤੀ ਕਲੱਬ ਦੇ ਇੰਚਾਰਜ ਅਤੇ ਸਹਿ ਕੁਆਰਡੀਨੇਟਰ ਡਾ. ਨਰਿੰਦਰਜੀਤ ਕੌਰ ਸਮੇਤ ਸਮੂਹ ਸਟਾਫ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਇਸ ਉੱਦਮ ਦੀ ਹੌਂਸਲਾ ਅਫ਼ਜਾਈ ਕਰਦਿਆਂ ਭਵਿੱਖ ਵਿੱਚ ਅਜਿਹੇ ਕਾਰਜ ਕਰਵਾਉਣ ਲਈ ਹੱਲਾਸ਼ੇਰੀ ਦਿੱਤੀ ਅਤੇ ਵਿਦਿਆਰਥਣਾਂ ਨੂੰ ਇਸ ਕਲਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮਿੰਦਰ ਸਿੰਘ ਚਹਿਲ, ਪ੍ਰਧਾਨ ਅੰਮ੍ਰਿਤ ਇੰਡੋ ਕਨੈਡੀਅਨ ਅਕੈਡਮੀ, ਸਿਮਰਜੀਤ ਸਿੰਘ ਨੈਸ਼ਨਲ ਕੋਆਰਡੀਨੇਟਰ, ਸਰਬਜੀਤ ਸਿੰਘ ਜਿਲਾ ਗੱਤਕਾ ਐਸੋਸੀਏਸ਼ਨ ਲੁਧਿਆਣਾ, ਸੁਖਦੀਪ ਸਿੰਘ ਡਾਇਰੈਕਟਰ ਕੋਚਿੰਗ ਤੇ ਸਿਖਲਾਈ ਡਾਇਰੈਕਟੋਰੇਟ, ਮਲਕੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਬੁਟਾਹਰੀ ਗੱਤਕਾ ਕੋਚ ਵੀ ਮੌਜੂਦ ਸਨ।

# ਟੌਹੜਾ ਕਬੱਡੀ ਕੱਪ ਕਰੇਗਾ ਵੇਟ ਲਿਫਟਰ ਹਰਜਿੰਦਰ ਕੌਰ ਦਾ 51 ਹਜ਼ਾਰ ਨਾਲ ਸਨਮਾਨ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਜਥੇਦਾਰ ਗੁਰਚਰਨ ਸਿੰਘ ਟੌਹੜਾ ਚੈਰੀਟੇਬਲ ਟਰੱਸਟ ਰਜਿ. ਵੱਲੋਂ ਕਰਾਏ ਜਾਂਦੇ ਹਰ ਸਾਲ ‘ਟੌਹੜਾ ਕਬੱਡੀ ਕੱਪ’ ਵਿਚ ਯੂ ਕੇ ਵਿਚ ਹੋਈਆਂ ਕਾਮਨ ਵੈਲਥ ਗੇਮਜ਼ ਦੌਰਾਨ ਵੇਟ ਲਿਫ਼ਟਿੰਗ ਵਿਚ ਬਰਾਂਜ ਮੈਡਲ ਜਿੱਤਣ ਵਾਲੀ ਹਰਜਿੰਦਰ ਕੌਰ ਦਾ 51 ਹਜ਼ਾਰ ਰੁਪਏ ਨਾਲ ਸਨਮਾਨ ਕੀਤਾ ਜਾਵੇਗਾ। ਇਹ ਸਨਮਾਨ 30 ਜਨਵਰੀ ਨੂੰ ਪਿੰਡ ਟੌਹੜਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਇੱਥੇ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਟੌਹੜਾ ਕਬੱਡੀ ਕੱਪ ਦੇ ਪ੍ਰਧਾਨ ਅਮਰਜੀਤ ਸਿੰਘ, ਮੁੱਖ ਪ੍ਰਬੰਧਕ ਤੇ ਮੈਂਬਰ ਸ਼੍ਰੋਮਣੀ ਕਮੇਟੀ ਸਤਵਿੰਦਰ ਸਿੰਘ ਟੌਹੜਾ, ਕੈਨੇਡਾ ਯੂਨਿਟ ਦੇ ਪ੍ਰਧਾਨ ਰੁਪਿੰਦਰ ਸਿੰਘ ਗਿੱਲ, ਟਰੱਸਟ ਦੇ ਸਕੱਤਰ ਜਗਤਾਰ ਸਿੰਘ ਸਿੱਧੂ ਨੇ ਦਿੱਤੀ। ਜਥੇ. ਟੌਹੜਾ ਨੇ ਕਿਹਾ ਕਿ



ਹਰਜਿੰਦਰ ਕੌਰ ਸਾਡੇ ਨਾਭਾ ਇਲਾਕੇ ਦੇ ਪਿੰਡ ਮੈਹਸ ਵਿਚ ਸਧਾਰਨ ਪਰਿਵਾਰ ਦੀ ਜੰਮਪਲ ਹੈ, ਇਸ ਖਿਡਾਰਨ ਕੁੜੀ ਨੇ ਸਾਡੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਕਰਕੇ ਸਾਡੇ ਟਰੱਸਟ ਨੇ ਇਹ ਫ਼ੈਸਲਾ ਕੀਤਾ ਹੈ ਕਿ ਇਸ ਕੁੜੀ ਨੂੰ 51 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇ। ਉਨ੍ਹਾਂ ਇੱਥੇ ਕਿਹਾ ਕਿ ਟੌਹੜਾ ਕਬੱਡੀ ਕੱਪ 29-30 ਜਨਵਰੀ ਨੂੰ ਪਿੰਡ ਟੌਹੜਾ ਦੇ ਟੌਹੜਾ ਸਟੇਡੀਅਮ ਵਿਚ ਹੋਵੇਗਾ, ਪਹਿਲੇ ਦਿਨ ਸਪੈਸ਼ਲ ਬੱਚਿਆਂ ਦੀਆਂ ਖੇਡਾਂ ਹੋਣਗੀਆਂ, ਜਿਨ੍ਹਾਂ ਦਾ ਆਉਣ ਜਾਣ ਦੇ ਖ਼ਰਚੇ ਤੋਂ ਇਲਾਵਾ ਇਕ ਟਰਾਈ ਸੂਟ, ਇਕ ਸਪੋਰਟਸ ਜੁੱਤੇ ਅਤੇ ਮੈਡਲ ਦਿੱਤੇ ਜਾਣਗੇ। ਇਸ ਵੇਲੇ ਜਸਤੇਜ ਸਿੰਘ ਟਿਵਾਣਾ ਸਰਪ੍ਰਸਤ, ਧਰਮਿੰਦਰ ਸਿੰਘ ਨੌਹਰਾ ਸੀ.ਮੀ. ਪ੍ਰਧਾਨ, ਮੈਨੇਜਰ ਰਾਜਿੰਦਰ ਸਿੰਘ ਟੌਹੜਾ ਜ. ਸਕੱਤਰ, ਹਰਿੰਦਰ ਸਿੰਘ ਭੜੀ ਤੇ ਹਰਿੰਦਰ ਸਿੰਘ ਟਿਵਾਣਾ ਮੀਤ ਪ੍ਰਧਾਨ ਵੀ ਮੌਜੂਦ ਸਨ।